ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 48 | 09 December 2020 to 15 December 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



**9** ਕਵਰ ਸਟੋਰੀ
ਕਿਸਾਨੀ ਸੰਘਰਸ਼ ਨੂੰ ਚੜ੍ਹਿਆ ਗੁਰੂ ਸਾਹਿਬਾਨ ਦਾ ਰੰਗ





**10** ਵਿਸ਼ੇਸ਼ ਰਿਪੋਰਟ
ਕੈਲੀਫੋਰਨੀਆ ਵਿਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਹੋਇਆ ਇਤਿਹਾਸਕ ਇਕੱਠ






**13** ਵਿਸ਼ੇਸ਼ ਰਿਪੋਰਟ
ਕਿਸਾਨੀ ਅੰਦੋਲਨ ਨੇ ਭਾਜਪਾ ਦੇ ਫ਼ਿਰਕੂ ਏਜੰਡੇ ਨੂੰ ਦਿੱਤੀ ਚੁਣੌਤੀ





**28** ਵਿਸ਼ੇਸ਼ ਰਿਪੋਰਟ
ਨਿਹੰਗ ਸਿੰਘਾਂ ਨੇ ਕਿਸਾਨਾਂ ਦੀ ਸੁਰੱਖਿਆ ਲਈ ਗੱਡਿਆ ਮੋਰਚਾ




# ਕੈਲੀਫੋਰਨੀਆ ਵਿਚ ਕਿਸਾਨ ਸੰਘਰਸ਼ ਦੀ ਹਮਾਇਤ 'ਚ ਹੋਇਆ ਇਤਿਹਾਸਕ ਇਕੱਠ

## ✪ ਦਿੱਲੀ ਤੋਂ ਬਾਅਦ ਇਹ ਰੈਲੀ ਸੱਭ ਤੋਂ ਵੱਡੀ ✪ ਸੈਨ ਫਰਾਂਸਿਸਕੋ ਪੁਲਿਸ ਡਿਪਾਰਟਮੈਂਟ ਨੇ ਕਿਹਾ ਕਿ ਸੈਨ ਫਰਾਂਸਿਸਕੋ ਵਿੱਚ ਹੁਣ ਤੱਕ ਦੀ ਇਹ ਸੱਭ ਤੋਂ ਵੱਡੀ ਕਾਰ ਰੈਲੀ ਹੈ ਤੇ ਦੂਜੀ ਖ਼ਾਸੀਅਤ ਇਹ ਪੂਰੀ ਸ਼ਾਤੀਪੂਰਵਕ ਸੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੇ ਕਿਸਾਨ ਵਿਰੋਧੀ ਕਾਨੂੰਨਾਂ ਖ਼ਿਲਾਫ਼ ਚੱਲ ਰਹੇ ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਕੈਲੀਫੋਰਨੀਆ ਦੇ ਬੇਅ ਏਰੀਆ ਵਿਚ ਵਿਸ਼ਾਲ ਕਾਰ ਰੈਲੀ ਕੱਢੀ ਗਈ ਜਿਸ ਵਿਚ 20000 ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਦੀ ਅਗਵਾਈ ਵਿਚ ਹੋਈ ਇਹ ਕਾਰ ਰੈਲੀ ਇਤਿਹਾਸਕ ਹੋ ਨਿੱਬੜੀ। ਰੈਲੀ ਵਿਚ ਸ਼ਾਮਲ ਲੋਕਾਂ ਵੱਲੋਂ ਭਾਰਤ ਦੇ ਕਿਸਾਨ ਵਿਰੋਧੀ ਬਿੱਲਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਅਤੇ ਭਾਰਤ ਵਿਚ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਵੱਲ ਦੁਨੀਆ ਦਾ ਧਿਆਨ ਦਿਵਾਇਆ ਗਿਆ।

ਕੈਲੀਫੋਰਨੀਆ ਸੂਬੇ ਵਿਚੋਂ 10000 ਤੋਂ ਵੱਧ ਕਾਰਾਂ ਓਕਲੈਂਡ ਵਿਚ ਇਕੱਠੀਆਂ ਹੋਈਆਂ ਅਤੇ ਇਹ ਕਾਫ਼ਲਾ ਇੱਥੋਂ ਸੈਨ ਫਰਾਂਸਿਸਕੋ ਸਥਿਤ ਭਾਰਤੀ ਅੰਬੈਸੀ ਵੱਲ ਨੂੰ ਵਧਿਆ। ਇਸ ਰੈਲੀ ਦੌਰਾਨ ਕੋਵਿਡ ਦੀਆਂ ਹਦਾਇਤਾਂ ਦਾ ਵੀ ਧਿਆਨ ਰੱਖਿਆ ਗਿਆ। ਇਸ ਰੈਲੀ ਦੇ ਵੱਡੇ ਇਕੱਠ ਨੇ ਸਥਾਨਕ ਪ੍ਰਸ਼ਾਸਨ ਨੂੰ ਵੀ ਹੈਰਾਨ ਕਰ ਦਿੱਤਾ ਅਤੇ ਸਿੱਖਾਂ ਵੱਲੋਂ ਕਿਸਾਨਾਂ ਦੇ ਹੱਕ ਵਿਚ ਚੁੱਕੀ ਇਸ ਪ੍ਰਭਾਵਸ਼ਾਲੀ ਅਵਾਜ਼ ਦੀਆਂ ਤਾਰੀਫ਼ਾਂ ਕੀਤੀਆਂ।

ਬੇਅ ਏਰੀਆ ਦੇ ਪ੍ਰਸ਼ਾਸਨ ਨੇ ਕਿਹਾ ਕਿ ਪਿਛਲੇ ਦਹਾਕਿਆਂ ਦੌਰਾਨ ਹੋਏ ਪ੍ਰਦਰਸ਼ਨਾਂ ਵਿਚ ਇਹ ਸਭ ਤੋਂ ਵੱਡਾ ਪ੍ਰਦਰਸ਼ਨ ਸੀ। ਵੱਖ-ਵੱਖ ਵਰਗ ਇਸ ਪ੍ਰਦਰਸ਼ਨ ਵਿਚ ਸ਼ਾਮਲ ਹੋਏ ਅਤੇ ਭਾਰਤੀ ਅੰਬੈਸੀ ਦੇ ਬਾਹਰ ਇਕੱਤਰ ਹੋ ਕੇ ਆਪਣਾ ਜਜ਼ਬਾਤਾਂ ਭਰਪੂਰ ਰੋਸ ਪ੍ਰਗਟ ਕੀਤਾ। ਇਸ ਰੈਲੀ ਨੂੰ ਅਮਰੀਕਾ ਦੇ ਰਾਜਨੀਤਕ ਵਰਗਾਂ ਨੇ ਵੀ ਸਮਰਥਨ ਦਿੱਤਾ ਅਤੇ ਕੌਮਾਂਤਰੀ ਮੀਡੀਆ ਵਿਚ ਵੀ ਵੱਡੇ ਪੱਧਰ 'ਤੇ ਇਸ ਦੀਆਂ ਖ਼ਬਰਾਂ ਪ੍ਰਕਾਸ਼ਿਤ ਹੋਈਆਂ। ਪ੍ਰਬੰਧਕਾਂ ਨੇ ਕਿਹਾ ਕਿ ਜੇ ਭਾਰਤ ਸਰਕਾਰ ਕਿਸਾਨਾਂ ਦੀ ਗੱਲ ਨਹੀਂ ਮੰਨਦੀ ਤਾਂ ਇਸ ਤੋਂ ਵੀ ਵੱਡੇ ਪ੍ਰਦਰਸ਼ਨ ਕੀਤੇ ਜਾਣਗੇ।





# ਹਾਲੀਵੁੱਡ ਵਿਚ ਕਿਸਾਨ ਸੰਘਰਸ਼ ਦੀ ਹਮਾਇਤ ’ਚ ਹੋਈ ਵਿਸ਼ਾਲ ਕਾਰ ਰੈਲੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਵਿਚ ਕਿਸਾਨਾਂ ਵੱਲੋਂ ਭਾਰਤ ਸਰਕਾਰ ਦੇ ਕਿਸਾਨ ਵਿਰੋਧੀ ਕਾਨੂੰਨਾਂ ਖ਼ਿਲਾਫ਼ ਕੀਤੇ ਜਾ ਰਹੇ ਸ਼ਾਂਤਮਈ ਸੰਘਰਸ਼ ਦੇ ਸਮਰਥਨ ਵਿਚ ਵਿਸ਼ਵ ਭਰ ਵਿਚ ਪ੍ਰਦਰਸ਼ਨ ਹੋ ਰਹੇ ਹਨ। ਅਮਰੀਕਾ ਦੇ ਹਾਲੀਵੁੱਡ ਵਿਚ ਵੀ ਕਿਸਾਨ ਸੰਘਰਸ਼ ਦੀ ਹਮਾਇਤ ਵਿਚ 6 ਦਸੰਬਰ ਨੂੰ ਕਾਰ ਰੈਲੀ ਕੀਤੀ ਗਈ। ਇਹ ਕਾਰ ਰੈਲੀ ਯੂਨੀਵਰਸਲ ਸਟੂਡੀਓ ਦੇ ਸਾਹਮਣੇ ਮੈਟਰੋ ਸਟੇਸ਼ਨ ਤੋਂ ਸ਼ੁਰੂ ਹੋਈ। ਪ੍ਰਦਰਸ਼ਨਕਾਰੀਆਂ ਨੇ ਕਾਰਾਂ ’ਤੇ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਨਾਅਰਿਆਂ ਵਾਲੇ ਵੱਡ ਅਕਾਰੀ ਪੋਸਟਰ ਲਾਏ ਹੋਏ ਸਨ।



# ਨਿਊਯਾਰਕ ਵਿਚ ਖੇਤੀਬਾੜੀ ਦੇ ਕਾਲੇ ਕਾਨੂੰਨਾਂ ਵਿਰੁੱਧ ਰੋਸ ਮਾਰਚ

## ਭਾਰਤੀ ਸ.ਫ਼ਾਰਤਖ਼ਾਨੇ ਦੇ ਅੱਗੇ ਭਾਰਤੀ ਕਿਸਾਨਾਂ ਦੇ ਪੱਖ ਵਿਚ ਭਾਰੀ ਰੋਸ ਮੁਜ਼ਾਹਰਾ ਕੀਤਾ

**ਨਿਊਯਾਰਕ/ਰਾਜ ਗੋਗਨਾ:** ਪੰਜਾਬ ਤੋਂ ਉੱਠੇ ਕਿਸਾਨ ਅੰਦੋਲਨ ਨੂੰ ਜਿੱਥੇ ਭਾਰਤੀ ਸੂਬਿਆਂ ਹਰਿਆਣਾ, ਯੂ.ਪੀ., ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਸਮਰਥਨ ਮਿਲ ਰਿਹਾ ਹੈ ਉੱਥੇ ਹੁਣ ਵਿਦੇਸ਼ਾਂ ਵਿਚ ਵੀ ਇਸ ਦੀ ਗੂੰਜ ਸਿਖ਼ਰਾਂ ਤੇ ਪਹੁੰਚ ਚੁੱਕੀ ਹੈ। ਖੇਤੀ ਬਾੜੀ ਦੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਅਮਰੀਕਾ ਦੇ ਸੂਬੇ ਨਿਊਯਾਰਕ ਵਿਚ ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਕਾਰਾਂ ਭਾਰਤੀ ਕਿਸਾਨਾਂ ਦੇ ਹੱਕ ਵਿਚ ਬੈਨਰ ਲਾ ਜੋ ਸਵੇਰੇ 9.00 ਵਜੇ ਤੋਂ 10.30 ਵਜੇ ਤੱਕ ਇਕ ਭਾਰੀ ਕਾਰ ਰੋਸ ਰੈਲੀ ਕੱਢੀ ਗਈ ਅਤੇ ਨਿਊਯਾਰਕ ਵਿਚ 64 ਸਟ੍ਰੀਟ ਤੇ ਸਥਿਤ ਭਾਰਤੀ ਅੰਬੈਂਸੀ ਦੇ ਸਾਹਮਣੇ ਸੈਂਕੜੇ ਪੰਜਾਬੀਆਂ ਨੇ ਜਿਨਾਂ ਵਿਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ, ਦਿ ਸਿੱਖ ਸੈਂਟਰ ਫਲੈਸਿਗ ਅਤੇ ਕੁਈਨਜ ਵਿਲੇਜ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਗੁਰਦੁਆਰਾ ਸੰਤਸਾਗਰ ਬੈਲਰੋਜ, ਗੁਰਦੁਆਰਾ ਗੁਰੂ ਰਵੀਦਾਸ ਨਿਊਯਾਰਕ, ਗੁਰਦੁਆਰਾ ਗਿਆਨਸਰ, ਗੁਰਦੁਆਰਾ ਬਾਬਾ ਮਾਝਾ ਸਿੰਘ ਜੀ, ਗੁਰਦੁਆਰਾ ਸਟੈਟਨ ਆਈਸਲੈਂਡ ਨਿਊਯਾਰਕ ਗੁਰੂਘਰਾਂ ਦੇ ਨੁਮਾਇੰਦਿਆਂ ਤੋ ਇਲਾਵਾ ਸਿੱਖ ਕੌਆਡੀਨੇਸ਼ਨ ਕਮੇਟੀ ਈਸਟ ਕੌਸਟ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮਿਤਸਰ (ਅਮਰੀਕਾ) ਸੰਤ ਪ੍ਰੇਮ ਸਿੰਘ ਕਲਚਰਲ ਸੁਸਾਇਟੀ, ਸਿੱਖ ਯੂਥ ਅਮਰੀਕਾ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਦੁਆਬਾ ਸਿੱਖ ਐਸੋਸੀਏਸ਼ਨ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਨਿਊਯਾਰਕ, ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ (ਹਰਿਆਣਾ) ਨਿਊਯਾਰਕ, ਅਤੇ ਬਾਬਾ ਬੁੱਢਾ ਜੀ ਸਿੱਖ ਸੁਸਾਇਟੀ ਨਿਊਯਾਰਕ ਦੇ ਸਾਝੇ ਸਹਿਯੋਗ ਸਦਕਾ ਕਿਸਾਨਾਂ ਦੇ ਹੱਕ ਵਿਚ ਰੋਸ ਮੁਜ਼ਾਹਰਾ ਕੀਤਾ ਅਤੇ ਰੋਸ ਮੁਜ਼ਾਹਰੇ ਵਿਚ ਕਿਸਾਨਾਂ ਦੀ ਅਵਾਜ਼ ਉਠਾਉਣ ਵਾਲੀ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਨਾਂ ਦੀ ਸੰਸਥਾ ਨੇ ਵੀ ਵਿਸ਼ੇਸ਼ ਤੌਰ 'ਤੇ ਨਿਊਯਾਰਕ ਵਿਚ ਕਿਸਾਨੀ ਸੰਘਰਸ਼ ਦੇ ਹੱਕ ਵਿਚ ਸ਼ਿਰਕਤ ਕੀਤੀ, ਭਾਰਤੀ ਅੰਬੈਸੀ ਦੇ ਸਾਹਮਣੇ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ। ਇਹ ਰੋਸ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿਚ ਪੰਜਾਬੀ ਅਤੇ ਹੋਰ ਸੂਬਿਆਂ ਦੇ ਲੋਕਾਂ ਨੇ ਸ਼ਾਮਿਲ ਹੋ ਕੇ ਭਾਰਤੀ ਸਰਕਾਰ ਦੇ ਖ਼ਿਲਾਫ਼ ਆਪਣਾ ਭਾਰੀ ਰੋਸ ਦਰਜ ਕਰਵਾਇਆ। ਨਿਊਯਾਰਕ ਅੰਬੈਂਸੀ ਦੇ ਸਾਹਮਣਾ ਕਿਸਾਨਾਂ ਦੇ ਹੱਕ ਵਿਚ ਰੋਸ ਮੁਜ਼ਾਹਰਾ ਕਰ ਰਹੇ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦੱਸਿਆ ਕਿ ਭਾਰਤ ਦੀ ਮੋਦੀ ਸਰਕਾਰ ਦੇ ਕਿਸਾਨੀ ਬਿੱਲਾਂ ਪਿੱਛੇ ਪੰਜਾਬ ਨੂੰ ਤਬਾਹ ਕਰਨ ਦੀ ਨੀਅਤ ਸਾਫ਼ ਨਜ਼ਰ ਆਉਂਦੀ ਹੈ ਅਤੇ ਪੰਜਾਬ ਇਕ ਖੇਤੀ ਬਾੜੀ ਵਾਲਾ ਸੂਬਾ ਹੈ। ਜਿਸ ਕਾਰਨ ਉੱਥੋਂ ਦੀ ਆਰਥਿਕਤਾ ਕਿਸਾਨੀ ਉੱਤੇ ਹੀ ਨਿਰਭਰ ਹੈ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੋਚ ਰੱਖਣ ਵਾਲੀ ਇਹ ਭਾਜਪਾ ਦੀ ਸਰਕਾਰ ਪੰਜਾਬ ਨੂੰ ਆਰਥਿਕ ਤੌਰ 'ਤੇ ਤਬਾਹ ਕਰਨਾ ਚਾਹੁੰਦੀ ਹੈ ਤਾਂ ਜੋ ਪੰਜਾਬ ਕੇਂਦਰ ਦੇ ਅੱਗੇ ਗਿੜਗੜਾਉਣ ਲੱਗੇ ਅਤੇ ਕੇਂਦਰ ਸਰਕਾਰ ਆਪਣੀ ਮਨਮਾਨੀ ਕਰਨੀ ਚਾਹੇ ਤੇ ਕੋਈ ਵੀ ਉਸ ਦਾ ਵਿਰੋਧ ਵੀ ਨਾ ਕਰ ਸਕੇ। ਪਰ ਕੇਂਦਰ ਸਰਕਾਰ ਇਹ ਨਹੀਂ ਜਾਣਦੀ ਕਿ ਪੰਜਾਬੀਆਂ ਦੇ ਵਿੱਚ ਅਜੇ ਵੀ ਖ਼ੂਨ ਜਥੇਦਾਰ ਬਘੇਲ ਸਿੰਘ ਵਾਲਾ ਹੈ ਜਿਸ ਨੇ ਦਿੱਲੀ ਜਿੱਤੀ ਸੀ ਤੇ ਅੱਜ ਵੀ ਕਿਸਾਨਾਂ ਨੇ ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਵਿਛਾਈਆਂ ਲੱਖਾਂ ਰੋਕਾਂ ਤੋੜ ਕੇ ਦਿੱਲੀ ਵਿਚ ਜਾ ਕੇ ਸੰਘਰਸ਼ ਦਾ ਝੰਡਾ ਝੁਲਾ ਦਿੱਤਾ ਹੈ। ਸ. ਹਿੰਮਤ ਸਿੰਘ ਨੇ ਕਿਹਾ ਕਿ ਜਿੰਨੀ ਦੇਰ ਵੀ ਸੰਘਰਸ਼ ਚੱਲੇਗਾ ਸਾਡੀ ਸਿੱਖ ਕੋਆਰਡੀਨੇਸ਼ਨ ਈਸਟ ਕੋਸਟ ਕਿਸਾਨਾਂ ਦੇ ਨਾਲ ਚਟਾਨ ਵਾਂਗੂ ਨਾਲ ਖੜੀ ਰਹੇਗੀ ਅਤੇ ਜੋ ਵੀ ਬਣਦਾ ਸਹਿਯੋਗ ਹੋਵੇਗਾ ਉਹ ਕੀਤਾ ਜਾਵੇਗਾ। ਬਾਅਦ ਵਿਚ ਮੁਜ਼ਾਹਰੇ 'ਚ ਸ਼ਾਮਿਲ ਹੋਣ ਵਾਲ਼ੀਆਂ ਸਾਰੀਆਂ ਜਥੇਬੰਦੀਆਂ ਦਾ ਸ: ਜਤਿੰਦਰ ਸਿੰਘ ਬੋਪਾਰਾਏ ਪ੍ਰਧਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਨੇ ਵਿਸ਼ੇਸ਼ ਧੰਨਵਾਦ ਕੀਤਾ।






# ਔਰੇਗਨ ਰਾਜ ਦੇ ਪੰਜਾਬੀ ਭਾਈਚਾਰੇ ਵਲੋਂ ਕਿਸਾਨਾਂ ਦੇ ਹੱਕ ਵਿਚ ਭਾਰਤ ਸਰਕਾਰ ਖਿਲਾ.ਫ ਸੈਲਮਾ ਵਿਚ ਰੋਸ ਮੁਜ਼ਾਹਰਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਭਾਰਤ ਸਰਕਾਰ ਵਲੋਂ ਕਿਸਾਨ ਵਿਰੋਧੀ ਪਾਸ ਕੀਤੇ ਤਿੰਨ ਬਿਲ ਰੱਦ ਕਰਵਾਉਣ ਲਈ ਭਾਰਤ ਭਰ ਦੇ ਕਿਸਾਨਾਂ ਵਲੋਂ ਦਿੱਲੀ ਵਿਚ ਸ਼ਾਂਤਮਈ ਅੰਦੋਲਨ ਚੱਲ ਰਿਹਾ ਹੈ ਜਿਸ ਦੀ ਸਫ਼ਲਤਾ ਵਾਸਤੇ ਔਰੇਗਨ ਸਟੇਟ ਦੇ ਸਮੁੱਚੇ ਪੰਜਾਬੀ ਭਾਈਚਾਰੇ ਤੇ ਵਾਸ਼ਿੰਗਟਨ ਸਟੇਟ ਦੇ ਵੈਨਕੋਵਰ ਦੀ ਸੰਗਤ ਵਲੋਂ ਸਾਂਝੇ ਤੌਰ 'ਤੇ ਭਾਰਤ ਸਰਕਾਰ ਵਿਰੁਧ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਡੈਮੋਕ੍ਰੇਟਿਕ ਪਾਰਟੀ ਵਲੋਂ ਚੁਣੀ ਸੈਨੇਟਰ ਡੈਬਰਾ ਪੈਟਰਸਨ ਨੇ ਭਾਰਤ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਣ ਮੰਨਣ ਦੀ ਅਪੀਲ ਕੀਤੀ। ਸਮਾਜ ਸੇਵੀ ਬਹਾਦਰ ਸਿੰਘ ਨੇ ਸੈਲਮਾ ਤੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੋਨਾ ਅਟਵਾਲ, ਨਿਰਮਲ ਸਿੰਘ ਅਤੇ ਵੈਨਕੂਵਰ ਤੋਂ ਗੁਰਜੀਤ ਸਿੰਘ ਰਾਕਾ ਅਗਵਾਈ ਹੇਠ ਰੋਸ ਮਾਰਚ ਸਫ਼ਲ ਬਣਾਇਆ ਗਿਆ। ਬਹਾਦਰ ਸਿੰਘ ਨੇ ਕਿਹਾ ਕਿ ਇਸ ਮੌਕੇ ਜਸਮੀਤ ਕੌਰ, ਪਵਨ ਕੌਰ, ਨਵਨੀਤ ਕੌਰ ਲੜਕੀਆਂ ਅਤੇ ਅਮਿਤ ਸਿੰਘ ਲੜਕੇ ਨੇ ਅੰਗਰੇਜ਼ੀ-ਪੰਜਾਬੀ ਵਿਚ ਭਾਸ਼ਣ ਦੇ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਿਆ। ਬਹਾਦਰ ਸਿੰਘ ਨੇ ਸਮੂਹ ਪ੍ਰਦਰਸ਼ਨਕਾਰੀਆਂ ਦਾ ਸ਼ਾਂਤਮਈ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਸਫ਼ਲਤਾ ਤੇ ਸਭ ਦਾ ਧੰਨਵਾਦ ਕੀਤਾ ਅਤੇ ਮੋਦੀ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ।




# ਜੇਕਰ ਦੁਨੀਆ ਭਰ ਵਿੱਚ ਕਿਤੇ ਵੀ ਮਨੁੱਖੀ ਅਧਿਕਾਰਾਂ ਦੀ ਗੱਲ ਹੋਵੇਗੀ ਤਾਂ ਕੈਨੇਡਾ ਉਸ ਦੇ ਨਾਲ ਖੜਾ ਹੋਵੇਗਾ: ਜਸਟਿਨ ਟਰੂਡੋ



**ਨਿਊਯਾਰਕ/ ਵੈਨਕੂਵਰ, (ਰਾਜ ਗੋਗਨਾ/ਕੁਲਤਰਨ ਪਧਿਆਣਾ):** ਭਾਰਤ ਵੱਲੋਂ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਕਰਨ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸਾਫ਼ ਕਰ ਦਿੱਤਾ ਹੈ ਕਿ ਕੈਨੇਡਾ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਸ਼ਾਂਤੀਪੂਰਵਕ ਢੰਗ ਨਾਲ ਕੀਤੇ ਜਾਂਦੇ ਰੋਸ ਮੁਜ਼ਾਹਰਿਆਂ ਦੀ ਵਕਾਲਤ ਕਰਦਾ ਰਹੇਗਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਕੈਨੇਡਾ ਆਪਣੀਆਂ ਕਦਰਾਂ-ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਪੂਰਾ ਵਚਨਬੱਧ ਹੈ ਅਤੇ ਰਹੇਗਾ। ਗੌਰਤਲਬ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ, ਕੈਬਨਿਟ ਮੰਤਰੀਆਂ ਤੇ ਹੋਰ ਰਾਜਨੀਤਕ ਆਗੂਆਂ ਵੱਲੋਂ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਬਿਆਨ ਜਾਰੀ ਕਰਨ ਤੋਂ ਬਾਅਦ ਭੜਕੇ ਭਾਰਤ ਵੱਲੋਂ ਕੈਨੇਡੀਅਨ ਰਾਜਦੂਤ ਨੂੰ ਤਲਬ ਕੀਤਾ ਗਿਆ ਸੀ।

# ਸਿਆਟਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ




**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿੱਥੇ ਗੁਰੂਘਰ ਦੇ ਕੀਰਤਨੇ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਚਾਨਣਾ ਪਾਇਆ। ਹੈਡਗ੍ਰੰਥੀ ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਤਿੰਨੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਲੰਗਰਾਂ ਦੀ ਸੇਵਾ ਬੀਬੀਆਂ ਵਲੋਂ ਸਾਂਝੇ ਤੌਰ 'ਤੇ ਕੀਤੀ, ਜਿਨਾਂ ਨੂੰ ਗੁਰੂਘਰ ਵਲੋਂ ਸਿਰੋਪਾ ਦੇ ਕੇ ਨਿਵਾਜਿਆ ਗਿਆ।

# ਜਾਰਜੀਆ ਦੇ ਗਵਰਨਰ ਨੇ ਟਰੰਪ ਦੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਬੇਨਤੀ ਕੀਤੀ ਰੱਦ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਵਾਰ ਵਾਰ ਨਤੀਜਾ ਬਦਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਵਾਰ ਵਾਰ ਆਪਣੀ ਕੋਸ਼ਿਸ਼ ਵਿਚ ਫੇਲ ਹੋ ਰਹੇ ਹਨ। ਉਹ ਇਕ ਵਾਰ ਫਿਰ ਜਾਰਜੀਆ ਦੇ ਰਿਪਬਲੀਕਨ ਗਵਰਨਰ ਤੇ ਵਿਧਾਨ ਸਭਾ ਉੱਪਰ ਦਬਾਅ ਬਣਾ ਕੇ ਚੋਣ ਨਤੀਜਾ ਉਲਟਾਉਣ ਦੀ ਕੋਸ਼ਿਸ਼ ਵਿਚ ਹਨ। ਗਵਰਨਰ ਬਰੀਅਨ ਕੈਂਪ ਨੇ ਟਰੰਪ ਦੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਬੇਨਤੀ ਰੱਦ ਕਰ ਦਿੱਤੀ। ਟਰੰਪ ਚਹੁੰਦੇ ਸਨ ਕਿ ਵਿਧਾਨ ਸਭਾ ਵਿਚ ਉਸ ਦੇ ਸਮਰਥਨ ਵਿਚ ਮਤਾ ਪਾਸ ਕੀਤਾ ਜਾਵੇ ਤਾਂ ਜੋ ਜੋਅ ਬਾਇਡੇਨ ਦੀ ਜਿੱਤ ਨੂੰ ਨਕਾਰਿਆ ਜਾ ਸਕੇ। ਟਰੰਪ ਨੇ ਵਲਡੋਸਤਾ, ਜਾਰਜੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਗਵਰਨਰ ਕੈਂਪ ਨੂੰ ਫ਼ੋਨ ਕਰਕੇ ਵਿਧਾਨ ਸਭਾ ਦਾ ਇਜਲਾਸ ਸੱਦਣ ਲਈ ਕਿਹਾ ਜਿਸ ਨੂੰ ਗਵਰਨਰ ਨੇ ਸਿਰੇ ਤੋਂ ਖ਼ਾਰਜ ਕਰ ਦਿੱਤਾ। ਗਵਰਨਰ ਨੇ ਇਕ ਟਵੀਟ ਵਿਚ ਕਿਹਾ 'ਉਹ ਟਰੰਪ ਦੀ 'ਸਿਗਨੇਚਰ ਆਡਿਟ' ਦੀ ਬੇਨਤੀ ਨਾਲ ਸਹਿਮਤ ਹਨ ਪਰੰਤੂ ਉਨਾਂ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ ਹੈ ਜਦ ਕਿ ਉਹ ਤੇ ਰਾਜ ਦੇ ਹੋਰ ਅਧਿਕਾਰੀ ਪਹਿਲਾਂ ਹੀ ਨਤੀਜੇ ਦੀ ਪੁਸ਼ਟੀ ਕਰ ਚੁੱਕੇ ਹਨ। ਇਸ ਟਵੀਟ ਦਾ ਉਤਰ ਦਿੰਦਿਆਂ ਟਰੰਪ ਨੇ ਕਿਹਾ 'ਤੁਸੀਂ ਲੋਕ ਜੋ ਕਹਿੰਦੇ ਹੋ ਉਹ ਕਰਨ ਤੋਂ ਨਾਂਹ ਕਰ ਰਹੇ ਹੋ। ਕੀ ਛੁਪਾਇਆ ਜਾ ਰਿਹਾ ਹੈ ?' ਉਨਾਂ ਹੋਰ ਕਿਹਾ 'ਘੱਟੋ ਘੱਟ ਤੁਸੀਂ ਤੁਰੰਤ ਵਿਧਾਨ ਸਭਾ ਦਾ ਇਜਲਾਸ ਸੱਦ ਸਕਦੇ ਹੋ। ਇਹ ਕੰਮ ਤੁਸੀਂ ਬਹੁਤ ਅਸਾਨੀ ਨਾਲ ਕਰ ਸਕਦੇ ਹੋ।' ਜਾਰਜੀਆ ਵਿਧਾਨ ਸਭਾ ਆਪਣੇ ਇਲੈਕਟੋਰਲ ਕਾਲਜ ਬਣਾਉਣ ਲਈ ਸੰਵਿਧਾਨਕ ਤੌਰ 'ਤੇ ਅਧਿਕਾਰਤ ਨਹੀਂ ਹੈ ਜਿਸ ਤਰਾਂ ਕਿ ਟਰੰਪ ਚਾਹੁੰਦੇ ਹਨ। ਜੇਕਰ ਕਿਸੇ ਵੀ ਹਾਲਤ ਵਿਚ ਅਜਿਹਾ ਹੋ ਵੀ ਜਾਂਦਾ ਹੈ ਤਾਂ ਫਿਰ ਵੀ ਜੋਅ ਬਾਇਡੇਨ ਦੀ ਜਿੱਤ ਨੂੰ ਹਾਰ ਵਿਚ ਨਹੀਂ ਬਦਲਿਆ ਜਾ ਸਕਦਾ। ਜਾਰਜੀਆ ਦੀਆਂ 16 ਇਲੈਕਟੋਰਲ ਵੋਟਾਂ ਘਟਣ ਨਾਲ ਬਾਇਡੇਨ ਦੀ ਜਿੱਤ ਉੱਪਰ ਕੋਈ ਫ਼ਰਕ ਨਹੀਂ ਪੈਂਦਾ ਕਿਉਂਕਿ ਉਸ ਕੋਲ 306 ਇਲੈਕਟੋਰਲ ਵੋਟਾਂ ਹਨ।

# ਅਮਰੀਕਾ ਦਾ ਪੰਜਾਬੀ ਸਿੱਖ ਭਾਈਚਾਰਾ ਕਿਸਾਨਾਂ ਨਾਲ ਡਟ ਕੇ ਖੜਿਆ,



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਅਮਰੀਕਾ ਦੀਆਂ ਵੱਖ ਵੱਖ ਪੰਜਾਬੀ ਸਿੱਖ ਸੰਸਥਾਵਾਂ ਵੱਲੋਂ ਦਿੱਲੀ ਵਿੱਚ ਪੰਜਾਬ ਦੇ ਕਿਸਾਨਾਂ ਵੱਲੋਂ ਦਿੱਲੀ ਵਿੱਚ ਦਿੱਤੇ ਜਾ ਰਹੇ ਧਰਨੇ ਪ੍ਰਤੀ ਆਪਣੀ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਕਿ ਭਾਰਤ ਦੀ ਕੇਂਦਰੀ ਸਰਕਾਰ ਨਾਲ ਆਪਣੀਆਂ ਹੱਕੀ ਮੰਗਾਂ ਲਈ ਕਿਸਾਨ ਤੇ ਕਿਰਤੀ ਭਾਈਚਾਰੇ ਵੱਲੋਂ ਸ਼ੁਰੂ ਕੀਤੇ ਹੱਕੀ ਮੋਰਚੇ ਲਈ ਅਮਰੀਕਾ ਦਾ ਪੰਜਾਬੀ ਸਿੱਖ ਭਾਈਚਾਰਾ ਉਨਾਂ ਨਾਲ ਹਰ ਹੀਲੇ ਵਸੀਲੇ ਨਾਲ ਖੜਾ ਹੈ। ਸ਼ਾਂਤਮਈ ਢੰਗ ਨਾਲ ਕਿਸਾਨਾਂ ਵੱਲੋਂ ਕੀਤੇ ਮੁਜ਼ਾਹਰੇ ਉੱਪਰ ਹੋਏ ਧੱਕੇ ਤੇ ਲਾਠੀਚਾਰਜ ਤੇ ਸੁੱਟੇ ਅੱਥਰੂ ਗੋਲਿਆਂ ਦੇ ਰੋਸ ਵਜੋਂ ਵੱਖ ਵੱਖ ਪੰਜਾਬੀ ਸਿੱਖ ਸੰਸਥਾਵਾਂ ਵੱਲੋਂ ਸੈਂਨ ਫਰਾਂਸਿਸਕੋ ਵਿੱਚ 5 ਦਸੰਬਰ ਨੂੰ ਕਾਰ-ਟਰੱਕ ਰੈਲੀ ਕਰਕੇ ਭਾਰੀ ਮੁਜ਼ਾਹਰਾ ਕੀਤਾ ਜੋ ਓਕਲੈਂਡ ਤੋਂ ਸ਼ੁਰੂ ਹੋ ਕੇ ਸੈਂਨ ਫਰਾਂਸਿਸਕੋ ਤੱਕ ਚੱਲਿਆ ਇਸ ਮੌਕੇ ਵੱਖ ਵੱਖ ਬੁਲਾਰਿਆਂ ਜਿਨਾਂ 'ਚ ਹਰਮਿੰਦਰ ਸਿੰਘ ਸਮਾਣਾ, ਹਰਨੇਕ ਸਿੰਘ ਅਟਵਾਲ, ਸਤਨਾਮ ਸਿੰਘ ਖਾਲਸਾ, ਗੁਲਵਿੰਦਰ ਸਿੰਘ ਗਾਖਲ, ਕੁਲਜੀਤ ਸਿੰਘ ਨਿੱਝਰ, ਮਨਜੀਤ ਉਪਲ, ਰਵਿੰਦਰ ਧਾਲੀਵਾਲ ਤੇ ਦਰਸ਼ਨ ਬੜਾ ਪਿੰਡ ਆਦਿ ਨੇ ਕਿਹਾ ਕਿ ਭਾਜਪਾ ਸਰਕਾਰ ਦੇ ਲੀਡਰ ਤੇ ਕੇਂਦਰੀ ਮੀਡੀਆ ਕਿਸਾਨਾਂ ਨੂੰ ਅੱਤਵਾਦੀ ਵੱਖਵਾਦੀ ਦੱਸ ਕੇ ਮੋਰਚੇ ਨੂੰ ਫੈਲ ਕਰਨ ਦੀਆਂ ਕੋਝੀਆਂ ਚਾਲਾਂ ਚੱਲ ਰਿਹਾ ਹੈ ਜੋ ਪੰਜਾਬੀ ਸਿੱਖ ਨੂੰ ਕਦੇ ਵੀ ਬਰਦਾਸ਼ਤ ਨਹੀਂ ਹੈ। ਭਾਰਤ ਦੀ ਅਖੌਤੀ ਲੋਕਤੰਤਰੀ ਸਰਕਾਰ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ ਬੰਦ ਕਰੇ ਤੇ ਆਪਣੇ ਲੀਡਰਾਂ ਨੂੰ ਨਕੇਲ ਪਾਵੇ ਤੇ ਭਾਰਤ ਦੀ ਤਾਨਾਸ਼ਾਹੀ ਹਕੂਮਤ ਕਿਸਾਨਾਂ ਦੀਆਂ ਬਿਨਾਂ ਸ਼ਰਤ ਮੰਗਾਂ ਮੰਨੇ ਤੇ ਕਾਲੇ ਕਾਨੂੰਨਾਂ ਨੂੰ ਵਾਪਸ ਲਵੇ। ਵੱਖ ਵੱਖ ਸੰਸਥਾਵਾਂ ਦੇ ਆਗੂਆਂ ਨੇ ਕਿਹਾ ਕਿ ਮੋਰਚੇ ਦੌਰਾਨ ਸ਼ਹੀਦ ਹੋਏ ਵੱਖ ਵੱਖ ਸੇਵਾਦਾਰਾਂ ਦੀ ਅਮਰੀਕਨ ਪੰਜਾਬੀ ਸਿੱਖ ਭਾਈਚਾਰੇ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਸੰਸਥਾਵਾਂ ਦੇ ਬੁਲਾਰਿਆਂ ਨੇ ਸਮੂਹ ਕਿਸਾਨ ਜਥੇਬੰਦੀਆਂ ਇੱਕਜੁੱਟ ਹੋ ਕੇ ਸ਼ਾਂਤਮਈ ਢੰਗ ਨਾਲ ਮੋਰਚੇ ਨੂੰ ਚਲਾਉਣ ਦੀ ਅਪੀਲ ਕਰਦਿਆਂ ਇਹ ਵੀ ਕਿਹਾ ਕਿ ਸਮੂਹ ਕਿਸਾਨ ਜਥੇਬੰਦੀਆਂ ਦੇ ਆਗੂਆਂ ਸੋਸ਼ਲ ਮੀਡੀਏ ਰਾਹੀਂ ਆਪਣੇ ਸੰਪਰਕੀ ਫ਼ੋਨ ਲਿਖਣ ਤਾਂ ਜੋ ਉਨਾਂ ਦੀ ਮਦਦ ਲਈ ਸਿੱਧਾ ਰਾਬਤਾ ਬਣ ਸਕੇ। ਸਮੂਹ ਅਮਰੀਕਨ ਸਿੱਖ ਸੰਗਤ ਅਤੇ ਗੁਰਦੁਆਰਾ ਪੈਸੀਫਿਕ ਵੈਸਟ ਕੋਸਟ ਦੀਵਾਨ ਸੋਸਾਇਟੀ ਸਟਾਕਟਨ (ਗਦਰੀ ਬਾਬਿਆਂ ਦਾ ਇਤਿਹਾਸਕ ਸਥਾਨ), ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ, ਗੁਰਦੁਆਰਾ ਬਰਾਡਸ਼ਾਹ ਸੈਕਰਾਮੈਂਟੋ, ਸਿੱਖ ਟੈਂਪਲ ਵੈਸਟ ਸੇਕਰਾਮੈਂਟੋ, ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਸਾਹਿਬ ਟਰੇਸੀ, ਗੁਰਦੁਆਰਾ ਸਿੱਖ ਟੈਂਪਲ ਰਿਵਰਸਾਈਡ, ਗੁਰਦੁਆਰਾ ਗੁਰਮਤ ਪ੍ਰਕਾਸ਼ ਮੈਨਟੀਕਾ, ਗੁਰਦੁਆਰਾ ਸਾਹਿਬ ਟਰਲਕ, ਗੁਰਦਾਆਰਾ ਸਿੱਖ ਟੈਂਪਲ ਟਾਇਰਾ ਬਿਊਨਾ ਯੂਬਾ ਸਿਟੀ, ਗੁਰਦੁਆਰਾ ਸਾਹਿਬ ਹੇਵਰਡ, ਗੁਰਦੁਆਰਾ ਸਾਹਿਬ ਗੁਰਮਿਤ ਪ੍ਰਕਾਸ਼ ਮਡੇਰਾ, ਗੁਰਦੁਆਰਾ ਸਾਹਿਬ ਗੁਰੂ ਨਾਨਕ ਮਿਸ਼ਨ ਲਵਿੰਗਸਟਨ, ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਰੋਜਵਿਲ, ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਿੱਖ ਟੈਂਪਲ ਵਿਸੇਲੀਆ, ਗੁਰਦੁਆਰਾ ਸਾਹਿਬ ਗੁਰੂ ਅੰਗਦ ਦਰਬਾਰ, ਗੁਰਦੁਆਰਾ ਸਾਹਿਬ ਸਿੱਖ ਟੈਂਪਲ ਬੇਕਰਸਫੀਲਡ, ਗੁਰਦੁਆਰਾ ਸਾਹਿਬ ਗੁਰੂ ਦਸਮੇਸ਼ ਦਰਬਾਰ, ਗੁਰਦੁਆਰਾ ਸਾਹਿਬ ਗੁਰੂ ਨਾਨਕ ਮਿਸ਼ਨ ਸਿੱਖ ਸੈਂਟਰ, ਗੁਰਦੁਆਰਾ ਸਾਹਿਬ ਸਿੱਖ ਸੈਂਟਰ ਆਫ ਪੈਸੀਫਿਕ ਕੋਸਟ ਸਿਲਮਾ, ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ ਸਿੱਖ ਟੈਂਪਲ ਫੇਅਰਫੀਲਡ, ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ ਰੌਕਵਿਲ, ਗੁਰਦੁਆਰਾ ਸਾਹਿਬ ਪੈਸੀ ਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ ਕਰੱਸ਼ਰਜ, ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ ਬੋਘ ਰੋਡ ਯੂਬਾ ਸਿਟੀ, ਗੁਰਦੁਆਰਾ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਾਸ਼ਿੰਗਟਨ, ਗੁਰਦੁਆਰਾ ਸਾਹਿਬ ਸਿੱਖ ਟੈਂਪਲ ਸੈਂਟਾ ਰੋਜਾ, ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਖਾਲਸਾ ਦਰਬਾਰ, ਗੁਰਦੁਆਰਾ ਸਾਹਿਬ ਸਿੱਖ ਟੈਂਪਲ ਸੈਨਹੋਜੇ, ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਫਰਿਜਨੋਂ, ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਬਲਿੰਗਮ ਵਾਸ਼ਿੰਗਟਨ ਅਤੇ ਸਿਟੀ ਆਫ ਮੈਨਟੀਕਾ, ਸਿਟੀ ਆਫ ਲੈਥਰੋਪ, ਪੰਜਾਬੀ ਅਮਰੀਕਨ ਐਸੋਸੀਏਸ਼ਨ ਆਫ ਮਨਟੀਕਾ, ਸਿੱਖਸ ਫਾਰ ਹੁਮੈਨਿਟੀ ਅਤੇ ਵੱਖ ਵੱਖ ਹੋਰ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੇ ਪੰਜਾਬ ਦੇ ਕਿਸਾਨਾਂ ਵੱਲੋਂ ਦਿੱਲੀ ਵਿੱਚ ਦਿੱਤੇ ਜਾ ਰਹੇ ਧਰਨੇ ਪ੍ਰਤੀ ਆਪਣੀ ਡਟਵੀਂ ਹਮਾਇਤ ਦਾ ਐਲਾਨ ਕੀਤਾ।

# ਕੈਲੀਫੋਰਨੀਆਂ ਦੇ ਸ਼ਹਿਰ ਫਰਿਜਨੋ ਵਿੱਚ ਭਾਰਤ ਅੰਦਰ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਖ਼ਿਲਾਫ਼ ਹੋਇਆਂ: ਰੋਡ ਸ਼ੋਅ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿੱਚ ਇੱਕ ਵੱਡੀ ਕਿਸਾਨ ਰੈਲੀ ਕੀਤੀ ਗਈ। ਜਿਸ ਵਿੱਚ ਭਾਰਤ ਅੰਦਰ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਵਿਚ ਦੁਨੀਆ ਭਰ ਵਿਚ ਲਗਾਤਾਰ ਧਰਨੇ ਮੁਜ਼ਾਹਰੇ ਹੋ ਰਹੇ ਹਨ । ਇਸੇ ਕੜੀ ਤਹਿਤ ਫਰਿਜ਼ਨੋ, ਕੈਲੀਫੋਰਨੀਆਂ ਅਤੇ ਲਾਗਲੇ ਸ਼ਹਿਰਾਂ ਦੇ ਪੰਜਾਬੀਆਂ ਨੇ ਇੱਕ ਵਿਸ਼ਾਲ ਕਾਰ, ਟਰੈਕਟਰ ਅਤੇ ਮੋਟਰ-ਸਾਈਕਲ ਰੋਡ ਸ਼ੋਅ ਦਾ ਆਯੋਜਨ ਕੀਤਾ। ਜਿਸ ਵਿਚ ਪੰਜਾਬੀ ਭਾਈਚਾਰੇ ਨੇ ਵੱਧ ਚੜਕੇ ਹਿੱਸਾ ਲਿਆ। ਫਰਿਜ਼ਨੋ ਤੋਂ ਇਲਾਵਾ ਸ਼ਹਿਰ ਕਲੋਵਿਸ, ਸੈਲਮਾਂ, ਫਾਊਲਰ, ਕਰਮਨ, ਸਨਵਾਕੀਨ, ਮੰਡੇਰਾਂ, ਸੈਂਘਰ ਆਦਿਕ ਲਾਗਲੇ ਸ਼ਹਿਰਾਂ ਤੋਂ ਸਮੁੱਚੇ ਕਿਸਾਨੀ ਨਾਲ ਸਬੰਧਤ ਭਾਈਚਾਰੇ ਨੇ ਸ਼ਿਰਕਤ ਕੀਤੀ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅਸੀਂ ਤਨੋਂ, ਮਨੋਂ, ਧਨੋਂ ਪੰਜਾਬ-ਭਾਰਤ ਦੇ ਕਿਸਾਨਾਂ ਨਾਲ ਖੜੇ ਹਾਂ ਅਤੇ ਭਾਰਤ ਸਰਕਾਰ ਦੇ ਇਹ ਤਿੰਨੇ ਕਾਨੂੰਨਾਂ ਦਾ ਡਟ ਕੇ ਵਿਰੋਧ ਕਰਦੇ ਹਾਂ। ਇਸ ਸਮੁੱਚੀ ਰੈਲੀ ਵਿੱਚ ਸ਼ਾਮਲ ਟਰੈਕਟਰ ਅਤੇ ਕਾਰਾ ਦਾ ਕਾਫ਼ਲਾ ਇਹ ਦੱਸ ਰਿਹਾ ਸੀ ਕਿ ਬੇਸ਼ੱਕ ਅਸੀਂ ਆਰਥਿਕ ਲੋੜਾਂ ਅਤੇ ਨੌਕਰੀਆਂ ਦੀ ਮਜਬੂਰੀ ਕਰਕੇ ਵਿਦੇਸ਼ੀ ਆ ਵਸੇ, ਪਰ ਅੱਜ ਵੀ ਅਸੀਂ ਦੁੱਖ-ਸੁੱਖ ਵਿੱਚ ਆਪਣੇ ਪੰਜਾਬ ਵੱਸਦੇ ਪਰਿਵਾਰਾਂ ਨਾਲ ਖੜੇ ਹਾਂ। ਇਸ ਸਮੇਂ ਗੱਡੀਆਂ 'ਤੇ ਕਿਸਾਨਾਂ ਦੇ ਹੱਕ ਵਿੱਚ ਵੱਡੇ ਝੰਡੇ ਅਤੇ ਸਟਿੱਕਰ ਲਾਏ ਹੋਏ ਸਨ। ਇਸ ਰੋਡ ਸ਼ੋਅ ਦੌਰਾਨ ਪੰਜਾਬੀ, ਪੰਜਾਬੀਅਤ ਅਤੇ ਸਿੱਖੀ ਦੇ ਰੰਗ ਵਿੱਚ ਰੰਗੇ ਇੱਕ ਵੱਖਰੇ ਜੋਸ਼ ਵਿੱਚ ਨਜ਼ਰੀਂ ਆਏ। ਸਮੁੱਚੀ ਰੈਲੀ ਦੀ ਸਫਲਤਾ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ।

# ਨਨਕਾਣਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਗਏ ਪੰਜ ਪਿਆਰਿਆਂ ਵੱਲੋਂ 'ਸਰਬੱਤ ਦਾ ਭਲਾ' ਤਿਮਾਹੀ ਮੈਗਜ਼ੀਨ ਜਾਰੀ

**ਨਨਕਾਣਾ ਸਾਹਿਬ /ਏ.ਟੀ.ਨਿਊਜ਼:** ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 551ਵੇਂ ਪ੍ਰਕਾਸ਼ ਗੁਰਪੁਰਬ ਦੀ ਖ਼ੁਸ਼ੀ ਵਿਚ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਵੱਲੋਂ ਪੰਜਾਬੀ ਵਿਚ 'ਸਰਬੱਤ ਦਾ ਭਲਾ' ਤਿਮਾਹੀ ਮੈਗਜ਼ੀਨ ਦੀ ਮੁੱਖ ਵਿਖਾਈ ਨਗਰ ਕੀਰਤਨ ਤੋਂ ਉਪਰੰਤ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਪੰਜ ਪਿਆਰਿਆਂ ਵੱਲੋਂ ਕੀਤੀ ਗਈ। ਮੈਗਜ਼ੀਨ ਦੇ ਮੁੱਖ ਸੰਪਾਦਕ ਇਹਸਾਨ ਐੱਚ ਨਦੀਮ ਅਤੇ ਸੰਪਾਦਕ ਸ੍ਰ: ਜਨਮ ਸਿੰਘ ਹਨ। ਮੈਗਜ਼ੀਨ ਦੇ ਸੰਪਾਦਕ ਸ੍ਰ. ਜਨਮ ਸਿੰਘ ਨੇ 'ਸਰਬੱਤ ਦਾ ਭਲਾ' ਨਾਂਅ ਰੱਖਣ ਬਾਰੇ ਜਾਣਕਾਰੀ ਦਿੱਤੀ ਅਤੇ ਮੈਗਜ਼ੀਨ ਅੰਦਰ ਦਿੱਤੇ ਗਏ ਲੇਖਾਂ, ਕਵਿਤਾਵਾਂ ਅਤੇ ਨੌਜਵਾਨਾਂ ਵਿੱਚ ਉਤਸੁਕਤਾ ਪੈਦਾ ਕਰਨ ਲਈ ਸਵਾਲ ਜਵਾਬ ਵੀ ਛਾਪੇ ਗਏ ਹਨ। ਮੈਗਜ਼ੀਨ ਦਾ ਅੰਦਰਲਾ ਪੂਰਾ (ਰੰਗਦਾਰ) ਰੱਖਿਆ ਗਿਆ ਹੈ। ਮੈਗਜ਼ੀਨ ਕੱਢਣ ਦਾ ਮੁੱਖ ਮਨੋਰਥ ਦੱਸਦਿਆਂ ਉਨਾਂ ਕਿਹਾ ਕਿ ਇਹ ਗੁਰਸਿੱਖੀ ਦਾ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਹੈ ਤਾਂ ਕਿ ਖ਼ਾਲਸਾ ਜੀ ਦੇ ਬੋਲ-ਬਾਲੇ ਹੋ ਸਕਣ। ਪਾਕਿਸਤਾਨ ਅਤੇ ਵਿਦੇਸ਼ਾਂ ਵਿਚ ਵੱਸਣ ਵਾਲੀ ਸਿੱਖ ਨੌਜਵਾਨੀ ਨੂੰ ਧਰਮ ਨਾਲ ਜੋੜਿਆ ਜਾ ਸਕੇ ਅਤੇ ਸਿੱਖੀ ਨੂੰ ਦਰਪੇਸ਼ ਮਸਲਿਆਂ ਨੂੰ ਗੰਭੀਰਤਾ ਨਾਲ ਗੁਰੂ ਗ੍ਰੰਥ ਸਾਹਿਬ ਜੀ ਰੌਸ਼ਨੀ ਵਿੱਚ ਵਿਚਾਰਿਆ ਜਾ ਸਕੇ। ਪੰਜ ਪਿਆਰਿਆਂ ਵੱਲੋਂ 'ਸਰਬੱਤ ਦਾ ਭਲਾ' ਮੈਗਜ਼ੀਨ ਨੂੰ ਜਾਰੀ ਕਰਦੇ ਹੋਏ ਵਧਾਈ ਦਿੱਤੀ ਗਈ।

ਇਸ ਮੌਕੇ 'ਤੇ ਸਰਦਾਰ ਸਤਵੰਤ ਸਿੰਘ ਪ੍ਰਧਾਨ (ਪੀ.ਐਸ.ਜੀ.ਪੀ.ਸੀ), ਸ੍ਰ. ਅਮੀਰ ਸਿੰਘ ਜਰਨਲ ਸਕੱਤਰ (ਪੀ.ਐਸ.ਜੀ.ਪੀ.ਸੀ), ਸ੍ਰ. ਬਿਸ਼ਨ ਸਿੰਘ ਸਾਬਕਾ ਪ੍ਰਧਾਨ (ਪੀ.ਐਸ.ਜੀ.ਪੀ.ਸੀ) ਅਤੇ ਹੋਰ ਮੈਂਬਰਾਂ ਤੋਂ ਇਲਾਵਾ ਭਾਈ ਦਇਆ ਸਿੰਘ (ਗ੍ਰੰਥੀ), ਭਾਈ ਪ੍ਰੇਮ ਸਿੰਘ (ਗ੍ਰੰਥੀ) ਗੁਰਦੁਆਰਾ ਸ੍ਰੀ ਜਨਮ ਅਸਥਾਨ, ਨਨਕਾਣਾ ਸਾਹਿਬ ਤੋਂ ਇਲਾਵਾ ਬਹੁਤ ਸਾਰੀਆਂ ਸਿੰਧ, ਪਿਸ਼ਾਵਰ ਅਤੇ ਕੋਇਟਾ ਤੋਂ ਆਈਆਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫ਼ੋਰਮ ਦੇ ਡਾਇਰੈਕਟਰ ਇਹਸਾਨ ਐੱਚ ਨਦੀਮ ਸਾਹਿਬ ਦਾ ਇਸ ਉਪਰਾਲੇ ਲਈ ਧੰਨਵਾਦ ਵੀ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮੇਂ ਭਾਰਤ ਅਤੇ ਪਾਕਿਸਤਾਨ ਦੇ ਅਲੱਗ-2 ਇਲਾਕਿਆਂ ਵਿਚੋਂ ਆਈਆਂ ਸੰਗਤਾਂ ਵਿੱਚ ਸਰਬੱਤ ਦਾ ਭਾਲ ਮੈਗਜ਼ੀਨ ਫ੍ਰੀ ਵੰਡਿਆ ਗਿਆ। ਅਗਲਾ ਮੈਗਜ਼ੀਨ ਸਾਕਾ ਨਨਕਾਣਾ ਸਾਹਿਬ ਦੇ ਸਾਕੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਕੱਢਿਆ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪਦਮ ਵਿਭੂਸ਼ਣ ਵਾਪਸ ਕਰਕੇ ਸੱਤਾ ਭਾਲ ਰਹੇ ਨੇ ਬਾਦਲਕੇ - ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

## ਖ਼ਾਲਸਾ ਪੰਥ ਨੂੰ 'ਫ਼ਖ਼ਰ-ਏ-ਕੌਮ' ਵਾਪਸ ਕਰੇ ਬਾਦਲ - ਭਾਈ ਰਣਜੀਤ ਸਿੰਘ

**ਅੰਮ੍ਰਿਤਸਰ /ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਜਦੋਂ ਸਾਰਾ ਪੰਜਾਬ ਇਸ ਸਮੇਂ ਦਿੱਲੀ ਦੀ ਹਿੱਕ 'ਤੇ ਚੜ ਕੇ ਤੇਜ਼-ਤਰਾਰ ਸੰਘਰਸ਼ ਕਰ ਰਿਹਾ ਹੈ ਤਾਂ ਉਸ ਸਮੇਂ ਕਿਸਾਨੀ ਸੰਘਰਸ਼ ਵਿਚੋਂ ਲਾਹਾ ਲੈਣ ਲਈ ਬਾਦਲ ਪਰਿਵਾਰ ਆਪਣੀਆਂ ਸਿਆਸੀ ਚਾਲਾਂ ਚੱਲਦਿਆਂ ਪਹਿਲਾਂ ਹਰਸਿਮਰਤ ਕੌਰ ਬਾਦਲ ਦਾ ਅਸਤੀਫ਼ਾ ਦਿਵਾ ਕੇ ਅਤੇ ਹੁਣ ਖ਼ੁਦ ਪ੍ਰਕਾਸ਼ ਸਿੰਘ ਬਾਦਲ ਪਦਮ ਵਿਭੂਸ਼ਣ ਪੁਰਸਕਾਰ ਵਾਪਸ ਕਰਕੇ ਪੰਜਾਬ ਹਿਤੈਸ਼ੀ ਤੇ ਕਿਸਾਨੀ ਹਿਤੈਸ਼ੀ ਹੋਣ ਦੇ ਖੇਖਣ ਕਰ ਰਿਹਾ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਨੌਜਵਾਨ ਸੰਘਰਸ਼ਸ਼ੀਲ ਪੰਥਕ ਜਥੇਬੰਦੀ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪੰਥ ਅਤੇ ਪੰਜਾਬ ਨਾਲ ਗ਼ਦਾਰੀ ਕਰਨ ਬਦਲੇ ਹੀ ਬਾਦਲ ਨੂੰ ਪਹਿਲਾਂ ਪਦਮ ਵਿਭੂਸ਼ਣ ਮਿਲਿਆ ਸੀ ਤੇ ਹੁਣ ਵਾਪਸ ਕਰਕੇ ਬਾਦਲਾਂ ਦੇ ਪਾਪ ਧੋਤੇ ਨਹੀਂ ਜਾਣੇ। ਉਨਾਂ ਕਿਹਾ ਕਿ ਅਸਲ 'ਚ ਬਾਦਲਕੇ ਕਿਸਾਨੀ ਸੰਘਰਸ਼ ਵਿਚੋਂ ਸੱਤਾ ਭਾਲ ਰਹੇ ਨੇ ਤਾਂ ਜੋ ਅਗਲਾ ਮੁੱਖ ਮੰਤਰੀ ਬਣਨ ਦੀ ਉਸ ਦੀ ਭੁੱਖ ਦੁਬਾਰਾ ਫਿਰ ਪੂਰੀ ਹੋ ਸਕੇ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪੰਜਾਬ ਦੇ ਲੋਕ ਅਤੇ ਕਿਸਾਨ ਆਪਣਾ ਸੰਘਰਸ਼ ਆਪਣੇ ਦਮ 'ਤੇ ਹੀ ਜਿੱਤ ਲੈਣ ਦੀ ਸਮਰੱਥਾ ਰੱਖਦੇ ਹਨ ਉਨਾਂ ਲਈ ਬਾਦਲਾਂ ਦੇ ਡਰਾਮੇ ਕੋਈ ਮਾਇਨੇ ਨਹੀਂ ਰੱਖਦੇ। ਉਨਾਂ ਕਿਹਾ ਕਿ ਕੌਮ ਦੇ ਗ਼ੱਦਾਰ ਬਾਦਲ ਨੂੰ ਫ਼ਖ਼ਰ-ਏ-ਕੌਮ ਅਵਾਰਡ ਖ਼ਾਲਸਾ ਪੰਥ ਨੂੰ ਵਾਪਸ ਕਰਨਾ ਚਾਹੀਦਾ ਹੈ ਤਾਂ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਸੱਟ ਨਾ ਵੱਜ ਸਕੇ। ਉਨਾਂ ਕਿਹਾ ਕਿ ਏਹੀ ਬਾਦਲਕੇ ਪਹਿਲਾਂ ਖੇਤੀ ਕਾਨੂੰਨਾਂ ਦੇ ਸੋਹਿਲੇ ਗਾਉਂਦੇ ਰਹੇ ਤੇ ਭਾਜਪਾ ਅਤੇ ਆਰ.ਐੱਸ.ਐੱਸ. ਨਾਲ ਯਾਰੀਆਂ ਪੁਗਾਉਂਦੇ ਰਹੇ ਤੇ ਹੁਣ ਦੁੱਧ ਧੋਤੇ ਬਣਨ ਦੇ ਡਰਾਮੇ ਕਰ ਰਹੇ ਹਨ। ਉਨਾਂ ਕਿਹਾ ਕਿ ਬਾਦਲ ਝੂਠ ਬੋਲ ਰਿਹਾ ਹੈ ਕਿ ਉਹ ਬਹੁਤ ਗ਼ਰੀਬ ਹੈ ਤੇ ਉਸ ਕੋਲ ਇਸ ਪੁਰਸਕਾਰ ਤੋਂ ਇਲਾਵਾ ਕਿਸਾਨਾਂ ਲਈ ਹੋਰ ਕੁਝ ਨਹੀਂ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਬਾਦਲਾਂ ਨੇ ਤਾਂ ਸਾਰਾ ਪੰਥ ਅਤੇ ਪੰਜਾਬ ਲੁੱਟ ਕੇ ਖਾ ਲਿਆ, ਕਰੋੜਾਂ ਰੁਪਏ ਦੀਆਂ ਜ਼ਮੀਨਾਂ ਜਾਇਦਾਦਾਂ ਬਣਾ ਲਈਆਂ ਤੇ ਪੰਜਾਬ ਨੂੰ ਮੰਗਤਿਆਂ ਵਾਲੀ ਕਗਾਰ 'ਤੇ ਲਿਆ ਖੜਾ ਕੀਤਾ ਪਰ ਫਿਰ ਵੀ ਪੰਜਾਬ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੇ ਆਸਰੇ ਸੰਘਰਸ਼ਸ਼ੀਲ ਹੈ ਤੇ ਰਹੇਗਾ।

# ਸੈਨੇਟ ਨੇ ਹੋਸਟਨ ਡਾਕਖਾਨੇ ਦਾ ਨਾਂ 'ਸੰਦੀਪ ਸਿੰਘ ਧਾਲੀਵਾਲ' ਰੱਖਣ ਨੂੰ ਦਿੱਤੀ ਹਰੀ ਝੰਡੀ

**ਕੈਲੀਫੋਰਨੀਆ(ਹੁਸਨ ਲੜੋਆ ਬੰਗਾ):** ਸੈਨੇਟ ਨੇ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਹੋਸਟਨ ਡਾਕਖ਼ਾਨੇ ਦਾ ਨਾਂ ਮੁੜ ਰੱਖਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹੁਣ ਇਸ ਡਾਕਖ਼ਾਨੇ ਦਾ ਨਾਂ ਹੋਵੇਗਾ 'ਸੰਦੀਪ ਸਿੰਘ ਧਾਲੀਵਾਲ ਪੋਸਟ ਆਫਿਸ।' ਹੈਰਿਸ ਕਾਊਂਟੀ ਦੇ ਸ਼ੈਰਿਫ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਡਿਊਟੀ ਦੌਰਾਨ ਇਕ ਸਿਰ ਫਿਰੇ ਗੋਰੇ ਨੇ ਗੋਲੀਆਂ ਮਾਰ



ਕੇ ਸ਼ਹੀਦ ਕਰ ਦਿੱਤਾ ਸੀ। ਪ੍ਰਤੀਨਿਧ ਸਦਨ ਇਸ ਸਬੰਧੀ ਪਹਿਲਾਂ ਹੀ ਮਤਾ ਪਾਸ ਕਰ ਚੁੱਕਾ ਹੈ। ਇਹ ਮਤਾ ਕਾਂਗਰਸ ਮੈਂਬਰ ਲਿਜ਼ੀ ਫਲੈਚਰ ਨੇ ਰੱਖਿਆ ਸੀ ਜਿਸ ਨੂੰ ਸਦਨ ਨੇ ਬਿਨਾਂ ਕਿਸੇ ਇਤਰਾਜ਼ ਦੇ ਪ੍ਰਵਾਨ ਕਰ ਲਿਆ ਸੀ। ਹੁਣ ਇਸ ਮਤੇ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਸਤਖਤਾਂ ਲਈ ਭੇਜਿਆ ਜਾਵੇਗਾ।

# ਸਿਆਟਲ ਦੇ ਕੈਂਟ ਸ਼ਹਿਰ ਵਿਚ ਬੱਚਿਆਂ ਤੇ ਨੌਜਵਾਨਾਂ ਵਲੋਂ ਭਾਰਤ ਸਰਕਾਰ ਵਿਰੁਧ ਰੋਸ ਮੁਜ਼ਾਹਰਾ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿਚ ਬੱਚਿਆਂ ਤੇ ਨੌਜਵਾਨਾਂ ਦੀ ਅਗਵਾਈ ਹੇਠ ਭਾਰਤ ਸਰਕਾਰ ਵਿਰੁਧ ਕਾਲੇ ਕਾਨੂੰਨ ਕਿਸਾਨ ਵਿਰੋਧੀ ਰੱਦ ਕਰਨ ਲਈ ਰੋਸ ਮੁਜ਼ਾਹਰਾ ਕੱਢਿਆ ਗਿਆ ਜੋ ਵਿਲਸਨ ਪਲੇਅ ਫੀਲਡਜ਼ ਕੈਂਟ ਤੋਂ ਸ਼ੁਰੂ ਹੋ ਕੇ 256 ਸਟਰੀਟ ਰਸਤੇ ਰਾਹੀਂ 104 ਐਵੀਨਿਊ, ਤੱਕ ਪੈਦਲ ਮਾਰਚ ਕਰਕੇ ਸੰਪਨ ਹੋਇਆ। ਇਸ ਮੌਕੇ ਗੁਰਦੁਆਰਾ ਸੱਚਾ ਮਾਰਗ ਦੇ ਸਟੇਜ ਸਕੱਤਰ, ਹਰਸ਼ਿੰਦਰ ਸਿੰਘ ਸੰਧੂ, ਜਿੰਦ ਅਠਵਾਲ, ਬੌਬੀ ਸਿੰਘ, ਲਖਪ੍ਰੀਤ ਸਿੰਘ ਅਤੇ ਪਿੰਦਾ ਅਟਵਾਲ ਨੇ ਕਿਸਾਨ ਵਿਰੋਧੀ ਬਿਲ ਰੱਦ ਕਰਨ ਦੀ ਅਪੀਲ ਕੀਤੀ ਅਤੇ ਦੇਸ਼ ਪ੍ਰਦੇਸ਼ ਵਿਚ ਏਕਤਾ ਬਣਾਈ ਰੱਖਣ ਤੇ ਜ਼ੋਰ ਦਿੱਤਾ। ਭਾਰਤ ਤੇ ਦਿੱਲੀ ਵਿਚ ਸ਼ਾਂਤਮਈ ਅੰਦੋਲਨ ਕਰਨ ਦੀ ਸ਼ਲਾਘਾ ਕੀਤੀ ਗਈ ਅਤੇ ਏਕਤਾ ਬਣਾਈ ਰੱਖਣ ਦੀ ਵੀ ਅਪੀਲ ਕੀਤੀ।

# ਰਾਸ਼ਟਰਪਤੀ ਦੇ ਨਿੱਜੀ ਵਕੀਲ ਦੇ ਕੋਰੋਨਾ ਪਾਜ਼ੇਟਿਵ ਆਉਣ 'ਤੇ ਐਰੀਜ਼ੋਨਾ ਵਿਧਾਨ ਸਭਾ ਕੀਤੀ ਬੰਦ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿੱਜੀ ਵਕੀਲ ਰੂਡੀ ਗਿਲਿਆਨੀ ਦੇ ਕੋਰੋਨਾ ਪਾਜ਼ੇਟਿਵ ਆਉਣ ਤੋਂ ਬਾਅਦ ਐਰੀਜ਼ੋਨਾ ਵਿਧਾਨ ਸਭਾ ਇਕ ਹਫ਼ਤੇ ਲਈ ਬੰਦ ਕਰ ਦਿੱਤੀ ਗਈ ਹੈ। ਇਸ ਗੱਲ ਦੀ ਸੰਭਾਵਨਾ ਪ੍ਰਗਟਾਈ ਗਈ ਹੈ ਕਿ ਬਹੁਤ ਸਾਰੇ ਰਿਪਬਲੀਕਨ ਵਿਧਾਇਕ ਜੋ ਰੂਡੀ ਦੇ ਸੰਪਰਕ ਵਿਚ ਰਹੇ ਹਨ, ਕੋਰੋਨਾ ਤੋਂ ਪ੍ਰਭਾਵਿਤ ਹੋ ਸਕਦੇ ਹਨ। ਰਾਸ਼ਟਰਪਤੀ ਨੇ ਐਤਵਾਰ ਬਾਅਦ ਦੁਪਹਿਰ ਜਾਣਕਾਰੀ ਦਿੱਤੀ ਸੀ ਕਿ ਗਿਲਿਆਨੀ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਹੈ। ਇਸ ਤੋਂ ਇਕ ਹਫ਼ਤੇ ਤੋਂ ਵੀ ਘੱਟ ਸਮਾਂ ਪਹਿਲਾਂ ਗਿਲਿਆਨੀ ਨੇ ਐਰਜ਼ੋਨਾ ਦਾ ਦੌਰਾ ਕੀਤਾ ਸੀ ਜਿੱਥੇ ਉਹ ਕਈ ਰਿਪਬਲੀਕਨ ਵਿਧਾਇਕਾਂ ਦੇ ਸੰਪਰਕ ਵਿਚ ਆਏ ਸਨ। ਉਸ ਨੇ ਐਰੀਜ਼ੋਨਾ ਦੇ ਰਿਪਬਲੀਕਨ ਵਿਧਾਇਕਾਂ ਤੇ ਆਗੂਆਂ ਨਾਲ ਚੋਣ ਨਤੀਜਿਆਂ ਸਬੰਧੀ 10 ਘੰਟੇ ਤੋਂ ਵੀ ਵੱਧ ਸਮਾਂ ਵਿਚਾਰ ਵਟਾਂਦਰਾ ਕੀਤਾ ਸੀ। ਇਸ ਸਮੇਂ ਗਿਲਿਆਨੀ ਜਾਰਜ ਟਾਊਨ ਯੂਨੀਵਰਸਿਟੀ ਮੈਡੀਕਲ ਸੈਂਟਰ ਵਿਚ ਦਾਖਲ ਹਨ ਜਿੱਥੇ ਉਨਾਂ ਦਾ ਇਲਾਜ ਹੋ ਰਿਹਾ ਹੈ।



# ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਹਰ ਹਾਲਤ ਵਿਚ ਡੀ ਏ ਸੀ ਏ ਤਹਿਤ ਪ੍ਰਵਾਸੀਆਂ ਤੋਂ ਨਵੀਆਂ ਦਰਖਾਸਤਾਂ ਲੈਣ ਲਈ ਕਿਹਾ

## ✪ ਭਾਰਤੀਆਂ ਸਮੇਤ ਲੱਖਾਂ ਪ੍ਰਵਾਸੀਆਂ ਨੂੰ ਵੱਡੀ ਰਾਹਤ ✪ ਪ੍ਰਵਾਸੀਆਂ ਦੇ ਹਿਤ ਵਿਚ ਉਬਾਮਾ ਵੇਲੇ ਦਾ ਪ੍ਰੋਗਰਾਮ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਝਟਕਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) :** ਇਕ ਸੰਘੀ ਅਦਾਲਤ ਨੇ ਨਿਰਨਾ ਦਿੱਤਾ ਹੈ ਕਿ ਟਰੰਪ ਪ੍ਰਸ਼ਾਸਨ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ' (ਡੀ ਏ ਸੀ ਏ) ਪ੍ਰੋਗਰਾਮ ਤਹਿਤ ਹਰ ਹਾਲਤ ਵਿਚ ਨਵੀਆਂ ਦਰਖਾਸਤਾਂ ਸਵੀਕਾਰ ਕਰੇ ਜਿਸ ਪ੍ਰੋਗਰਾਮ ਨੂੰ ਕਾਰਜਕਾਰੀ ਹੋਮਲੈਂਡ ਸੁਰੱਖਿਆ ਸਕੱਤਰ ਨੇ ਮੁਲਤਵੀ ਕਰ ਦਿੱਤਾ ਸੀ। ਅਦਾਲਤ ਦੇ ਇਸ ਫ਼ੈਸਲੇ ਨਾਲ ਭਾਰਤੀਆਂ ਸਮੇਤ ਲੱਖਾਂ ਪ੍ਰਵਾਸੀ ਬੱਚਿਆਂ/ਨੌਜਵਾਨਾਂ ਜਿਨਾਂ ਉੱਪਰ ਦੇਸ਼ ਨਿਕਾਲੇ ਦੀ ਤਲਵਾਰ ਲਟਕੀ ਹੋਈ ਸੀ, ਰਾਹਤ ਮਿਲੇਗੀ। ਯੂ ਐਸ ਡਿਸਟ੍ਰਿਕਟ ਜੱਜ ਨਿਕੋਲਸ ਗਰੌਫਿਸ ਨੇ ਆਪਣੇ ਆਦੇਸ਼ ਵਿਚ ਕਿਹਾ ਹੈ ਕਿ ਸਰਕਾਰ ਤਿੰਨ ਦਿਨਾਂ ਦੇ ਅੰਦਰ ਜਨਤਿਕ ਨੋਟਿਸ ਜਾਰੀ ਕਰੇ ਕਿ ਡੀ ਏ ਸੀ ਏ ਦਰਖਾਸਤਾਂ ਸਵੀਕਾਰ ਕੀਤੀਆਂ ਜਾ ਰਹੀਆਂ ਹਨ। ਨਵੰਬਰ ਵਿਚ ਸੁਣਵਾਈ ਦੌਰਾਨ ਜੱਜ ਨਿਕੋਲਸ ਗਰੌਫਿਸ ਨੇ ਕਿਹਾ ਸੀ ਕਿ ਹੋਮਲੈਂਡ ਸੁਰੱਖਿਆ ਵਿਭਾਗ ਦੇ ਕਾਰਜਕਾਰੀ ਸਕੱਤਰ ਚੈਡ ਵੋਲਫ ਪ੍ਰੋਗਰਾਮ ਨੂੰ ਮੁਲਤਵੀ ਕਰਨ ਲਈ ਅਧਿਕਾਰਤ ਨਹੀਂ ਸੀ। ਉਸ ਦੀ ਇਹ ਕਾਰਵਾਈ ਗੈਰ ਕਾਨੂੰਨੀ ਹੈ। ਵੋਲਫ ਨੇ ਇਸ ਸਾਲ ਜੁਲਾਈ ਵਿਚ ਇਹ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਸੀ। ਵੁਲਫ ਨੇ ਯੂ.ਐਸ ਸੁਪਰੀਮ ਕੋਰਟ ਵੱਲੋਂ ਜੂਨ ਵਿਚ ਦਿੱਤੇ ਨਿਰਨੇ ਤੋਂ ਬਾਅਦ ਪ੍ਰੋਗਰਾਮ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ਸਨ ਜਿਸ ਨਿਰਨੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੀ ਏ ਸੀ ਏ ਪ੍ਰੋਗਰਾਮ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ ਸਮੇਂ ਨਿਯਮਾਂ ਸਬੰਧੀ ਪ੍ਰਕ੍ਰਿਆ ਨਹੀਂ ਅਪਣਾਈ। ਇਸ ਪ੍ਰੋਗਰਾਮ ਤਹਿਤ ਤਕਰੀਬਨ 6,50,000 ਲੋਕ ਪਹਿਲਾਂ ਹੀ ਦਰਖਾਸਤਾਂ ਦੇ ਚੁੱਕੇ ਹਨ ਜਿਸ ਪ੍ਰੋਗਰਾਮ ਨੂੰ ਟਰੰਪ ਪ੍ਰਸ਼ਾਸਨ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਹੈ। ਚੋਣਾਂ ਦੌਰਾਨ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡੇਨ ਨੇ ਪ੍ਰਵਾਸੀਆਂ ਨਾਲ ਇਨਸਾਫ਼ ਕਰਨ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਵਿਚਲੀਆਂ ਖ਼ਾਮੀਆਂ ਦੂਰ ਕੀਤੀਆਂ ਜਾਣਗੀਆਂ। ਇਮੀਗ੍ਰੇਸ਼ਨ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਸਥਿਤੀ ਏਨੀ ਗੁੰਝਲਦਾਰ ਬਣਾ ਦਿੱਤੀ ਗਈ ਹੈ ਕਿ ਬਾਇਡੇਨ ਪ੍ਰਸ਼ਾਸਨ ਨੂੰ ਡੀ ਏ ਸੀ ਏ, ਸ਼ਰਨ, ਪਰਿਵਾਰ ਵਿਛੋੜੇ, ਆਈ ਸੀ ਏ ਛਾਪਿਆਂ ਤੇ ਨਿੱਜੀ ਕੈਦ ਆਦਿ ਸਬੰਧੀ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਨੂੰ ਰੱਦ ਕਰਨ ਜਾਂ ਪਹਿਲਾਂ ਵਾਲੀ ਸਥਿਤੀ ਵਿਚ ਲਿਆਉਣ ਲਈ ਕਈ ਸਾਲ ਲੱਗ ਸਕਦੇ ਹਨ। ਇੱਥੇ ਜ਼ਿਕਰਯੋਗ ਹੈ ਕਿ 2016 ਵਿਚ ਆਪਣੀ ਚੋਣ ਮੁਹਿੰਮ ਦੌਰਾਨ ਬਿਨਾਂ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਦੇ ਬੱਚਿਆਂ ਦਾ ਸਮਰਥਨ ਕਰਨ ਤੋਂ ਬਾਅਦ ਸਤੰਬਰ 2017 ਵਿਚ ਇਸ ਦੇ ਉਲਟ ਟਰੰਪ ਨੇ ਐਲਾਨ ਕੀਤਾ ਸੀ ਕਿ ਉਸ ਵੱਲੋਂ ਉਬਾਮਾ ਯੁੱਗ ਵਾਲਾ ਡੀ ਏ ਸੀ ਏ ਪ੍ਰੋਗਰਾਮ ਖ਼ਤਮ ਕਰ ਦਿੱਤਾ ਜਾਵੇਗਾ। ਇਸ ਪ੍ਰੋਗਰਾਮ ਤਹਿਤ ਪ੍ਰਵਾਸੀਆਂ ਦੇ ਨਾਲ ਅਮਰੀਕਾ ਵਿਚ ਆਏ ਬੱਚਿਆਂ ਨੂੰ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤੇ ਉਨਾਂ ਨੂੰ ਦੇਸ਼ ਨਿਕਾਲ਼ਾ ਨਹੀਂ ਦਿੱਤਾ ਜਾ ਸਕਦਾ। ਟਰੰਪ ਪ੍ਰਸ਼ਾਸਨ ਨੇ ਕਿਹਾ ਸੀ ਕਿ ਉਹ ਇਹ ਪ੍ਰੋਗਰਾਮ ਖ਼ਤਮ ਕਰਨ ਉਪਰੰਤ ਕਾਂਗਰਸ ਨੂੰ 6 ਮਹੀਨਿਆਂ ਵਿਚ ਨਵਾਂ ਕਾਨੂੰਨ ਬਣਾਉਣ ਲਈ ਕਹੇਗਾ ਤਾਂ ਜੋ ਅਮਰੀਕਾ ਟਿਕੇ ਰਹਿਣ ਦੇ ਸੁਪਨੇ ਲੈਣ ਵਾਲਿਆਂ ਦਾ ਪੱਕਾ ਪ੍ਰਬੰਧ ਕੀਤਾ ਜਾ ਸਕੇ। ਜੱਜ ਗਰੌਫਿਸ ਨੇ ਡੀ ਏ ਸੀ ਏ ਪ੍ਰੋਗਰਾਮ ਬਾਰੇ ਸਥਿਤੀ ਰਿਪੋਰਟ ਅਗਲੇ ਸਾਲ 4 ਜਨਵਰੀ ਨੂੰ ਪੇਸ਼ ਕਰਨ ਦਾ ਹੁਕਮ ਵੀ ਦਿੱਤਾ ਹੈ।

# ਵਿਸਕਾਨਸਿਨ ਸੁਪਰੀਮ ਕੋਰਟ ਨੇ ਟਰੰਪ ਦੀ ਚੋਣ ਪਟੀਸ਼ਨ ਕੀਤੀ ਮੂਲੋਂ ਰੱਦ

## ਰਾਸ਼ਟਰਪਤੀ ਦਾ ਕਾਨੂੰਨੀ ਲੜਾਈ ਲਈ ਰਾਹ ਤਕਰੀਬਨ ਬੰਦ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਵਿਸਕਾਨਸਿਨ ਸੁਪਰੀਮ ਕੋਰਟ ਨੇ ਲੰਘੇ ਦਿਨ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਾਇਰ ਚੋਣ ਪਟੀਸ਼ਨ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ ਤੇ ਇਸ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ। ਰਾਸ਼ਟਰਪਤੀ ਨੇ ਦੋ ਦਿਨ ਪਹਿਲਾਂ ਇਹ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਚੋਣ ਪੁਸ਼ਟੀਕਰਨ ਰੱਦ ਕੀਤਾ ਜਾਵੇ। ਵਿਸਕਾਨਸਿਨ ਵਿਚ ਰਾਸ਼ਟਰਪਤੀ ਤਕਰੀਬਨ 21000 ਵੋਟਾਂ ਦੇ ਫ਼ਰਕ ਨਾਲ ਚੋਣ ਹਾਰ ਗਏ ਸਨ। ਜੱਜਾਂ ਨੇ 4-3 ਦੇ ਫ਼ਰਕ ਨਾਲ ਦਿੱਤੇ ਨਿਰਨੇ ਵਿਚ ਕਿਹਾ ਹੈ ਕਿ 'ਉਹ ਕੇਸ ਸਵੀਕਾਰ ਨਹੀਂ ਕਰਨਗੇ ਕਿਉਂਕਿ ਉਸ ਨੇ ਇਹ ਕੇਸ ਸਿੱਧਾ ਸੁਪਰੀਮ ਕੋਰਟ ਵਿਚ ਦਾਇਰ ਕੀਤਾ ਹੈ। ਰਾਸ਼ਟਰਪਤੀ ਹੇਠਲੀ ਅਦਾਲਤ ਵਿਚ ਯਤਨ ਕਰ ਸਕਦੇ ਹਨ।' ਵੀਰਵਾਰ ਨੂੰ ਦਿੱਤੇ ਇਸ ਨਿਰਨੇ ਨੇ ਵਿਸਕਾਨਸਿਨ ਵਿਚ ਚੋਣਾਂ ਨੂੰ ਕਾਨੂੰਨੀ ਚੁਣੌਤੀ ਦੇਣ ਦਾ ਰਾਹ ਤਕਰੀਬਨ ਬੰਦ ਕਰ ਦਿੱਤਾ ਹੈ। ਪਟੀਸ਼ਨ ਰੱਦ ਕਰਨ ਵਿਚ ਸੁਪਰੀਮ ਕੋਰਟ ਦੇ ਤਿੰਨ ਲਿਬਰਲ ਜੱਜਾਂ ਦਾ ਕੰਜਰਵੇਟਿਵ ਜਸਟਿਸ ਬਰੀਅਨ ਹੇਜਡੋਰਨ ਨੇ ਸਾਥ ਦਿੱਤਾ। ਜੱਜਾਂ ਨੇ ਕਿਹਾ ਕਿ ਸਰਕਟ ਕੋਰਟ ਵਿਚ ਚੋਣਾਂ ਨੂੰ ਚੁਣੌਤੀ ਦੇਣ ਬਾਰੇ ਕੇਸ ਸ਼ੁਰੂ ਕੀਤਾ ਜਾ ਸਕਦਾ ਹੈ। ਜੱਜਾਂ ਨੇ ਨਵੇਂ ਰਾਸ਼ਟਰਪਤੀ ਵੱਲੋਂ ਸਹੁੰ ਚੁੱਕਣ ਦਾ ਸਮਾਂ ਨੇੜੇ ਆ ਜਾਣ ਦੇ ਮੱਦੇਨਜ਼ਰ ਰਾਸ਼ਟਰਪਤੀ ਟਰੰਪ ਦੀ ਪਟੀਸ਼ਨ ਦਾ ਤੁਰੰਤ ਨਿਪਟਾਰਾ ਕਰਨ ਨੂੰ ਤਰਜੀਹ ਦਿੱਤੀ। ਇਲੈਕਟੋਰਲ ਕਾਲਜ 14 ਦਸੰਬਰ ਇਕੱਠੇ ਹੋਣਗੇ ਤੇ ਕਾਂਗਰਸ ਇਨਾਂ ਦੀਆਂ ਵੋਟਾਂ ਦੀ ਗਿਣਤੀ 6 ਜਨਵਰੀ ਨੂੰ ਕਰੇਗੀ। ਜੋਅ ਬਾਇਡੇਨ ਦੀਆਂ 306 ਇਲੈਕਟਰੋਲ ਵੋਟਾਂ ਹਨ ਜਦ ਕਿ ਟਰੰਪ ਦੀਆਂ 232 ਵੋਟਾਂ ਹਨ। ਅਜਿਹੀ ਸਥਿਤੀ ਵਿਚ ਜੇਕਰ ਵਿਸਕਾਨਸਿਨ ਦੀਆਂ ਇਲੈਕਟਰੋਲ ਵੋਟਾਂ ਟਰੰਪ ਵੱਲ ਤਬਦੀਲ ਵੀ ਹੋ ਜਾਣ ਤਾਂ ਨਤੀਜੇ ਵਿਚ ਕੋਈ ਫ਼ਰਕ ਨਹੀਂ ਪੈਂਦਾ ਪਰ ਵਿਸਕਾਨਸਿਨ ਦੀਆਂ ਵੋਟਾਂ ਟਰੰਪ ਦੇ ਖਾਤੇ ਵਿਚ ਪੈਣ ਦੀ ਸੰਭਾਵਨਾ ਨਜ਼ਰ ਨਹੀਂ ਆ ਰਹੀ। ਇੱਥੇ ਜ਼ਿਕਰਯੋਗ ਹੈ ਕਿ ਕਿਸੇ ਵੀ ਰਾਜ ਵਿਚ ਟਰੰਪ ਦੀ ਕਾਨੂੰਨੀ ਲੜਾਈ ਅੱਗੇ ਨਹੀਂ ਵਧ ਸਕੀ ਹਾਲਾਂਕਿ ਉਸ ਨੇ ਕਾਨੂੰਨੀ ਲੜਾਈ ਲਈ ਲੱਖਾਂ ਡਾਲਰ ਫ਼ੰਡ ਇਕੱਠਾ ਕਰਨ ਵਿਚ ਜ਼ਰੂਰ ਸਫਲਤਾ ਹਾਸਲ ਕੀਤੀ ਹੈ।

# ਰਾਸ਼ਟਰਪਤੀ ਟਰੰਪ ਦੀ ਨਜ਼ਦੀਕੀ ਅਧਿਕਾਰੀ ਉੱਪਰ ਨਿਆਂ ਵਿਭਾਗ ਦੀ ਇਮਾਰਤ ਵਿਚ ਦਾਖਲ ਹੋਣ 'ਤੇ ਰੋਕ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਜ਼ਦੀਕੀ ਅਧਿਕਾਰੀ ਜੋ ਨਿਆਂ ਵਿਭਾਗ ਵਿਚ ਕੰਮ ਕਰਦੀ ਹੈ, ਉੱਪਰ ਨਿਆਂ ਵਿਭਾਗ ਦੀ ਇਮਾਰਤ ਵਿਚ ਦਾਖਲ ਹੋਣ 'ਤੇ ਰੋਕ ਲਾ ਦਿੱਤੀ ਹੈ। ਇਸ ਬੀਬੀ ਉੱਪਰ ਦੋਸ਼ ਹੈ ਕਿ ਉਸ ਨੇ ਚੋਣ ਫਰਾਡ ਤੇ ਹੋਰ ਮਾਮਲਿਆਂ ਵਿਚ ਜਾਣਕਾਰੀ ਲੈਣ ਲਈ ਨਿਆਂ ਵਿਭਾਗ ਦੇ ਅਫ਼ਸਰਾਂ ਉੱਪਰ ਦਬਾਅ ਪਾਇਆ। ਹੀਡੀ ਸਟਿਰਪ ਜੋ ਟਰੰਪ ਦੇ ਚੋਟੀ ਦੇ ਸਲਾਹਕਾਰ ਸਟੀਫਨ ਮਿਲਰ ਦੀ ਸਹਿਯੋਗੀ ਹੈ, ਨੂੰ ਕੁਝ ਮਹੀਨੇ ਪਹਿਲਾਂ ਚੁੱਪ ਚਪੀਤੇ ਨਿਆਂ ਵਿਭਾਗ ਵਿਚ ਤਾਲੇਮਲ ਅਧਿਕਾਰੀ ਵਜੋਂ ਫਿੱਟ ਕਰ ਦਿੱਤਾ ਗਿਆ ਸੀ। ਨਿਆਂ ਵਿਭਾਗ ਦੇ ਚੋਟੀ ਦੇ ਅਧਿਕਾਰੀ ਨੂੰ ਜਦੋਂ ਹੀਡੀ ਸਟਿਰਪ ਦੁਆਰਾ ਚੋਣ ਮਾਮਲਿਆਂ ਸਬੰਧੀ ਅੰਦਰਲੀ ਜਾਣਕਾਰੀ ਲੈਣ ਦੀਆਂ ਕੋਸ਼ਿਸ਼ਾਂ ਬਾਰੇ ਪਤਾ ਲੱਗਾ ਤਾਂ ਉਸ ਨੂੰ ਇਮਾਰਤ ਵਿਚੋਂ ਚਲੇ ਜਾਣ ਦਾ ਆਦੇਸ਼ ਦਿੱਤਾ ਗਿਆ। ਇਹ ਜਾਣਕਾਰੀ ਕੁਝ ਅਧਿਕਾਰੀਆਂ ਨੇ ਆਪਣਾ ਨਾਂ ਨਾ ਛਾਪਣ ਦੀ ਸ਼ਰਤ ਉੱਪਰ ਦਿੱਤੀ ਹੈ ਕਿਉਂਕਿ ਇਹ ਅਧਿਕਾਰੀ ਮਾਮਲੇ ਨੂੰ ਜਨਤਿਕ ਤੌਰ 'ਤੇ ਨਸ਼ਰ ਕਰਨ ਲਈ ਅਧਿਕਾਰਤ ਨਹੀਂ ਹਨ।



# ਜੋਅ ਬਾਇਡੇਨ ਨੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਜਾਵੀਅਰ ਬੇਸੇਰਾ ਨੂੰ ਸਿਹਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਜੋਅ ਬਾਇਡੇਨ ਨੇ ਕੋਰੋਨਾ ਮਹਾਂਮਾਰੀ ਕਾਰਨ ਬਣੀ ਗੰਭੀਰ ਸਥਿਤੀ ਦੌਰਾਨ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਜਾਵੀਅਰ ਬੇਸੇਰਾ ਨੂੰ ਬਹੁਤ ਹੀ ਅਹਿਮ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦਾ ਮੁਖੀ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਜੇਕਰ ਸੈਨੇਟ ਦੁਆਰਾ ਉਸ ਦੀ ਨਿਯੁਕਤੀ ਦੀ ਪੁਸ਼ਟੀ ਕਰ ਦਿੱਤੀ ਜਾਂਦੀ ਹੈ ਤਾਂ ਉਹ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦੀ ਅਗਵਾਈ ਕਰਨ ਵਾਲੇ ਪਹਿਲੇ ਲਾਤੀਨੀ ਮੂਲ ਦੇ ਅਮਰੀਕੀ ਨਾਗਰਿਕ ਹੋਣਗੇ। 10 ਖਰਬ ਡਾਲਰ ਤੋਂ ਵਧ ਦੇ ਫ਼ੰਡ ਵਾਲਾ ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਬਹੁਤ ਵੱਡਾ ਹੈ। ਇਸ ਦੇ 80000 ਮੁਲਾਜ਼ਮ ਹਨ ਤੇ ਇਸ ਦੇ ਬੀਮਾ ਪ੍ਰੋਗਰਾਮ ਤਹਿਤ 13 ਕਰੋੜ ਤੋਂ ਵੱਧ ਅਮਰੀਕੀ ਆਉਂਦੇ ਹਨ। ਇੱਥੇ ਜ਼ਿਕਰਯੋਗ ਹੈ ਕਿ ਜਾਵੀਅਰ ਟਰੰਪ ਪ੍ਰਸ਼ਾਸਨ ਦੇ ਉਨਾਂ ਸਭ ਤੋਂ ਵਧ ਹਮਲਾਵਰਾਂ ਵਿਚੋਂ ਇਕ ਹੈ ਜਿਨਾਂ ਨੇ ਵਾਤਾਵਰਣ, ਇਮੀਗ੍ਰੇਸ਼ਨ ਤੇ ਜਨਗਣਨਾ ਸਬੰਧੀ ਨੀਤੀਆਂ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਦਾ ਡਟ ਕੇ ਵਿਰੋਧ ਕੀਤਾ ਸੀ ਤੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਕਾਨੂੰਨੀ ਕਾਰਵਾਈਆਂ ਦੀ ਇਕ ਮੁਹਿੰਮ ਚਲਾਈ ਸੀ।

# ਨਿਊ ਮੈਕਸੀਕੋ ਦੇ ਗਵਰਨਰ ਮਿਸ਼ੇਲ ਲੂਜਨ ਗ੍ਰਿਸ਼ਮ ਨੇ ਬਾਈਡਨ ਪ੍ਰਸ਼ਾਸਨ ਦੇ ਅਹੁਦੇ ਤੋਂ ਇਨਕਾਰ ਕਰ ਦਿੱਤਾ



**ਵਾਸ਼ਿੰਗਟਨ ਡੀਸੀ/ਸੁਰਿੰਦਰ ਗਿੱਲ:** ਨਿਊ ਮੈਕਸੀਕੋ ਦੇ ਰਾਜਪਾਲ ਮਿਸ਼ੇਲ ਲੂਜਨ ਨੇ ਚੁਣੇ ਗਏ ਰਾਸ਼ਟਰਪਤੀ ਜੋ-ਬਾਈਡਨ ਦੇ ਪ੍ਰਸ਼ਾਸਨ ਵਿਚ ਸੇਵਾ ਕਰਨ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਹੈ। ਤਬਦੀਲੀ ਦੇ ਨੇੜਲੇ ਸੂਤਰਾਂ ਨੇ ਬੁੱਧਵਾਰ ਨੂੰ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਲੂਜਾਨ ਗ੍ਰਿਸ਼ਮ ਨੂੰ ਗ੍ਰਹਿ ਸਕੱਤਰ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ, ਪ੍ਰੰਤੂ ਇਸ ਨੇ ਇਸ ਨੂੰ ਠੁਕਰਾ ਦਿੱਤਾ ਹੈ।ਲੂਜਨ ਗਰੀਸ਼ਮ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਵਿੱਚ ਮੁੱਖ ਅਹੁਦਾ ਪ੍ਰਾਪਤ ਕਰ ਸਕਦੇ ਹਨ। ਲੋਕਾਂ ਨੂੰ ਇਸ ਮਾਮਲੇ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਉਹ ਇਸ ਅਹੁਦੇ ਦੇ ਮੁੱਖ ਦਾਅਵੇਦਾਰ ਹਨ। ਬਾਈਡਨ ਦੀ ਟੀਮ ਦੇ ਬੁਲਾਰੇ ਨੇ ਇਸ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਕੋਵਿਡ -19 ਰਾਹਤ ਤਹਿਤ ਅਮਰੀਕੀਆਂ ਨੂੰ ਹਰ ਹ਼ਫਤੇ ਮਿਲੇਗਾ 300 ਡਾਲਰ ਦਾ ਬੇਰੁਜ਼ਗਾਰੀ ਭੱਤਾ

## ✪ ਪਹਿਲਾਂ ਮਿਲਦੇ 1200 ਡਾਲਰ ਦੇ ਚੈੱਕ ਹੁਣ ਨਹੀਂ ਮਿਲਣਗੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਟਰੰਪ ਪ੍ਰਸ਼ਾਸਨ ਦੀ ਕੋਵਿਡ-19 ਰਾਹਤ ਤਜਵੀਜ਼ ਤਹਿਤ ਪਹਿਲਾਂ ਮਿਲਦੇ 1200 ਡਾਲਰ ਦੇ ਚੈੱਕ ਨਹੀਂ ਮਿਲਣਗੇ ਤੇ ਇਸ ਦੀ ਬਜਾਏ 300 ਡਾਲਰ ਹ਼ਫਤਾਵਾਰੀ ਬੇਰੁਜ਼ਗਾਰੀ ਭੱਤਾ ਮਿਲੇਗਾ। ਕਾਨੂੰਨ ਘਾੜਿਆਂ ਨੇ ਐਤਵਾਰ ਨੂੰ ਕੋਵਿਡ-19 ਰਾਹਤ ਤਜਵੀਜ਼ ਉੱਪਰ ਮੋਹਰ ਲਾ ਦਿੱਤੀ ਜਿਸ ਤਹਿਤ ਮੋਟੇ ਤੌਰ 'ਤੇ 300 ਡਾਲਰ ਹ਼ਫਤਾਵਾਰੀ ਬੇਰੁਜ਼ਗਾਰੀ ਰਾਹਤ ਵਜੋਂ ਦਿੱਤੇ ਜਾਣਗੇ ਤੇ 1200 ਡਾਲਰ ਦੀ ਸਿੱਧੇ ਖਾਤਿਆਂ ਵਿਚ ਅਦਾਇਗੀ ਨਹੀਂ ਕੀਤੀ ਜਾਵੇਗੀ। ਟਰੰਪ ਪ੍ਰਸ਼ਾਸਨ ਦੀ ਇਹ ਆਖ਼ਰੀ ਰਾਹਤ ਹੋਵੇਗੀ ਤੇ ਇਸ ਤੋਂ ਬਾਅਦ ਅਗਲੇ ਸਾਲ ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਉੱਪਰ ਨਿਰਭਰ ਹੋਵੇਗਾ ਕਿ ਕੋਵਿਡ-19 ਰਾਹਤ ਦੇਣੀ ਹੈ ਜਾਂ ਨਹੀਂ। ਜੇਕਰ ਦੇਣੀ ਹੈ ਤਾਂ ਕਿੰਨੀ ਹੋਵੇਗੀ ਇਹ ਫ਼ੈਸਲਾ ਬਾਇਡੇਨ ਪ੍ਰਸ਼ਾਸਨ ਕਰੇਗਾ। ਉਂਞ ਇਸ ਬਾਰੇ ਡੈਮੋਕਰੈਟਸ ਤੇ ਰਿਪਬਲੀਕਨ ਦੀ ਸਹਿਮਤੀ ਹੋਣੀ ਜ਼ਰੂਰੀ ਹੋਵੇਗੀ। ਸੋਮਵਾਰ ਨੂੰ 908 ਅਰਬ ਡਾਲਰਾਂ ਦਾ ਸਹਾਇਤਾ ਪੈਕੇਜ ਜਾਰੀ ਕਰ ਦਿੱਤਾ ਜਾਵੇਗਾ। ਇੱਥੇ ਵਰਨਣਯੋਗ ਹੈ ਕਿ ਡੈਮੋਕਰੈਟਸ ਹਮੇਸ਼ਾ ਬੇਰੁਜ਼ਗਾਰ ਵਿਅਕਤੀਆਂ, ਛੋਟੇ ਕਾਰੋਬਾਰੀਆਂ ਤੇ ਕਿਰਾਏ ਉੱਪਰ ਰਹਿੰਦੇ ਲੋਕਾਂ ਨੂੰ ਜ਼ਿਆਦਾ ਕੋਵਿਡ-19 ਰਾਹਤ ਦੇਣ ਦੇ ਪੱਖ ਵਿਚ ਰਹੇ ਹਨ। ਰਿਪਬਲੀਕਨ ਸੈਨੇਟਰ ਬਿੱਲ ਕੈਸਿਡੀ ਇਸ ਗੱਲ ਨਾਲ ਸਹਿਮਤ ਹਨ ਕਿ ਸਿੱਧੇ ਚੈੱਕਾਂ ਰਾਹੀਂ ਭੁਗਤਾਨ ਦੀ ਸ਼ੁਰੂਆਤ ਕਿਸੇ ਮੋੜ 'ਤੇ ਜਾ ਕੇ ਸ਼ੁਰੂ ਹੋ ਸਕਦੀ ਹੈ। ਇਹ ਬਿੱਲ ਸਮੁੱਚਾ ਨਹੀਂ ਹੈ ਤੇ ਇਹ ਰਾਹਤ ਬਿੱਲ ਹੈ। ਇਹ ਬਿੱਲ ਅਗਲੇ 3 ਤੋਂ 4 ਮਹੀਨਿਆਂ ਦੌਰਾਨ ਸਭ ਤੋਂ ਲੋੜਵੰਦ ਲੋਕਾਂ ਨੂੰ ਰਾਹਤ ਪਹੁੰਚਾਵੇਗਾ।

# ਰਾਸ਼ਟਰਪਤੀ ਟਰੰਪ ਦੇ ਨਿੱਜੀ ਵਕੀਲ ਰੂਡੀ ਨੂੰ ਹੋਇਆ ਕੋਰੋਨਾ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਟਰੰਪ ਦੇ ਨਿੱਜੀ ਵਕੀਲ ਤੇ ਨਿਊਯਾਰਕ ਦੇ ਸਾਬਕਾ ਮੇਅਰ ਰੂਡੀ ਗਿਲਿਆਨੀ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਹੈ। ਟਰੰਪ ਨੇ ਇਹ ਜਾਣਕਾਰੀ ਦਿੰਦਿਆਂ ਟਵੀਟ ਕੀਤਾ ਹੈ 'ਰੂਡੀ ਛੇਤੀ ਤੰਦਰੁਸਤ ਹੋਵੋ, ਅਸੀਂ ਯਾਤਰਾ ਜਾਰੀ ਰੱਖਾਂਗੇ।' 76 ਸਾਲ ਦੇ ਗਿਲਿਆਨੀ ਨੂੰ ਐਤਵਾਰ ਨੂੰ ਜਾਰਜ ਟਾਊਨ ਯੂਨੀਵਰਸਿਟੀ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਉਸ ਦੇ ਪੁੱਤਰ ਐਂਡਰੀਊ ਗਿਲਿਆਨੀ ਨੇ ਟਵੀਟ ਕੀਤਾ ਹੈ ਕਿ 'ਉਸ ਦੇ ਪਿਤਾ 'ਆਰਾਮ' ਕਰ ਰਹੇ ਹਨ, ਉਨਾਂ ਦੀ ਵਧੇਰੇ ਦੇਖਭਾਲ ਕੀਤੀ ਜਾ ਰਹੀ ਹੈ ਤੇ ਉਹ ਵਧੀਆ ਮਹਿਸੂਸ ਕਰ ਰਹੇ ਹਨ। ਮੈ ਉਨਾਂ ਸਾਰੇ ਮਿੱਤਰਾਂ-ਦੋਸਤਾਂ ਦਾ ਧੰਨਵਾਦੀ ਹਾਂ ਜਿਨਾਂ ਨੇ ਮੇਰੇ ਪਿਤਾ ਦੀ ਸਿਹਤ ਬਾਰੇ ਚਿੰਤਾ ਜ਼ਾਹਿਰ ਕੀਤੀ ਹੈ।'

# ਸੇਵਾਮੁਕਤ ਜਨਰਲ ਲਾਇਡ ਆਸਟਿਨ ਅਮਰੀਕਾ ਦੇ ਰੱਖਿਆ ਸਕੱਤਰ ਹੋਣਗੇ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਵੱਲੋਂ ਸੇਵਾ ਮੁਕਤ ਜਨਰਲ ਲਾਇਡ ਆਸਟਿਨ ਨੂੰ ਰੱਖਿਆ ਸਕੱਤਰ ਨਿਯੁਕਤ ਕੀਤਾ ਜਾਵੇਗਾ। ਆਸਟਿਨ ਪਹਿਲੇ ਕਾਲੇ ਰੱਖਿਆ ਸਕੱਤਰ ਹੋਣਗੇ। ਆਸਟਿਨ ਫ਼ੌਜ ਦੇ ਉਪ ਮੁਖੀ ਵੀ ਰਹੇ ਹਨ ਤੇ ਉਨਾਂ ਨੇ ਫ਼ੌਜ ਦੀ ਕੇਂਦਰੀ ਕਮਾਂਡ ਦੀ ਅਗਵਾਈ ਵੀ ਕੀਤੀ ਹੈ ਜਿਸ ਨੇ ਇਰਾਕ, ਸੀਰੀਆ ਤੇ ਅਫ਼ਗਾਨਿਸਤਾਨ ਵਿਚ ਫ਼ੌਜੀ ਕਾਰਵਾਈਆਂ ਕੀਤੀਆਂ ਹਨ। ਆਸਟਿਨ ਪਰਦੇ ਪਿੱਛੇ ਰਹਿ ਕੇ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ ਤੇ ਉਨਾਂ ਦਾ ਇੱਕੋ ਇਕ ਮੰਤਵ ਆਪਣੇ ਕੰਮ ਰਾਹੀਂ ਇਕ ਮਿਸਾਲ ਕਾਇਮ ਕਰਨਾ ਰਿਹਾ ਹੈ। ਦੋ ਸਟਾਰ ਆਰਮੀ ਜਨਰਲ ਡਾਨਾ ਪਿਟਾਰਡ ਜਿਸ ਨੇ ਮੁੱਢਲੇ ਪੱਧਰ 'ਤੇ ਆਸਟਿਨ ਨਾਲ ਇਸਲਾਮਿਕ ਸਟੇਟ ਵਿਰੁੱਧ ਲੜਾਈ ਲੜੀ, ਨੇ ਇਸ ਨਿਯੁਕਤ ਉੱਪਰ ਆਪਣੀ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਕਿਹਾ ਕਿ 'ਆਸਟਿਨ ਹੋਰ ਲੋਕਾਂ ਲਈ ਇਕ ਉਦਾਹਰਨ ਕਾਇਮ ਕਰੇਗਾ। ਉਹ ਦਿਖਾਵਟ ਵਿਚ ਵਿਸ਼ਵਾਸ ਨਹੀਂ ਰੱਖਦਾ।' ਜੋਅ ਬਾਇਡੇਨ ਨੇ ਆਸਟਿਨ ਦੀ ਦੇਸ਼ ਦੇ ਸਰਬ ਉੱਚ ਫ਼ੌਜੀ ਅਹੁਦੇ ਉੱਪਰ ਨਿਯੁਕਤੀ ਕਰਕੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ ਹਨ। ਇਸ ਨਿਯੁਕਤੀ ਨਾਲ ਆਪਣੇ ਆਪ ਨੂੰ ਅਲੱਗ ਥਲੱਗ ਮਹਿਸੂਸ ਕਰਨ ਵਾਲੇ ਕਾਲੇ ਭਾਈਚਾਰੇ ਨੂੰ ਇਕ ਵੱਡਾ ਸੰਦੇਸ਼ ਦਿੱਤਾ ਗਿਆ ਹੈ।


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite
#209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate
You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਕਿਸਾਨੀ ਸੰਘਰਸ਼ ਨੂੰ ਚੜਿਆ ਗੁਰੂ ਸਾਹਿਬਾਨ ਦਾ ਰੰਗ

## ✪ ਪਗੜੀ ਵਾਲਿਆਂ ਦੀ ਸਰਦਾਰੀ ✪ ਦਿੱਲੀ ਤਖ਼ਤ ਵਿਰੁੱਧ ਡਟੇ ਪੰਜਾਬੀ ਗਾਇਕ ✪

## ਹਰਿਆਣੇ ਦੇ ਜਾਟ ਤੇ ਮੁਸਲਮਾਨ ਭਾਈਚਾਰਾ ਲੰਗਰ ਸੇਵਾ ਵਿਚ ਸਰਗਰਮ





**ਦਿੱਲੀ /ਏ.ਟੀ.ਨਿਊਜ਼:** ਦਿੱਲੀ ਦੀ ਟਿਕਰੀ ਸਰਹੱਦ ਉੱਤੇ ਕਿਸਾਨ ਅੰਦੋਲਨ ਜਿਵੇਂ-ਜਿਵੇਂ ਗਤੀ ਫੜਦਾ ਜਾ ਰਿਹਾ ਹੈ ਉਸੇ ਤਰਜ਼ ਉੱਤੇ ਕਿਸਾਨ ਅੰਦੋਲਨ ਉੱਪਰ ਗੁਰੂ ਸਾਹਿਬਾਨ ਦਾ ਸਿਰਜਿਆ ਸਾਂਝੀਵਾਲਤਾ ਤੇ ਜੁਝਾਰੂਪੁਣੇ ਵਾਲਾ ਰੰਗ ਚੜਨ ਲਗ ਪਿਆ ਹੈ। ਕਿਸਾਨਾਂ ਦੇ ਧਰਨਿਆਂ ਦਾ ਮੁੱਖ ਕੇਂਦਰ ਸਿੰਘੂ ਤੇ ਟਿਕਰੀ ਬਾਰਡਰ ਬਣੇ ਹੋਏ ਹਨ ਜਿੱਥੇ ਕਿ ਪੰਜਾਬ ਦੇ ਕਿਸਾਨਾਂ ਨੇ ਸਭ ਤੋਂ ਪਹਿਲਾਂ ਧਰਨਾ ਲਾਇਆ ਸੀ। ਭਾਵੇਂ ਕਿ ਹਰਿਆਣਾ ਅਤੇ ਹੋਰਨਾਂ ਸੂਬਿਆਂ ਦੇ ਕਿਸਾਨ ਵੀ ਇਹਨਾਂ ਮੋਰਚਿਆਂ ਵਿਚ ਸ਼ਾਮਲ ਹੋ ਰਹੇ ਹਨ ਪਰ ਫਿਰ ਵੀ ਸਰਦਾਰੀ ਪੰਜਾਬ ਦੇ ਕਿਸਾਨਾਂ ਕੋਲ ਹੀ ਹੈ। ਪੰਜਾਬ ਦੇ ਕਿਸਾਨਾਂ ਨੂੰ ਭਾਰਤ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨੇ ਆਪਣਾ ਸਰਦਾਰ ਮੰਨ ਲਿਆ ਹੈ। ਉਹ ਕਹਿ ਰਹੇ ਹਨ ਕਿ ਪੰਜਾਬ ਦੇ ਕਿਸਾਨਾਂ ਨੇ ਉਨਾਂ ਨੂੰ ਵੀ ਜਗਾ ਦਿੱਤਾ ਹੈ। ਹਰਿਆਣਾ, ਰਾਜਸਥਾਨ, ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਉਤਰਾਖੰਡ ਆਦਿ ਰਾਜਾਂ ਦੇ ਲੋਕ ਕਿਸਾਨ ਧਰਨਿਆਂ ਵਿਚ ਸ਼ਾਮਲ ਹੋ ਰਹੇ ਹਨ। ਜਦੋਂ ਪੱਤਰਕਾਰ ਉਨਾਂ ਨੂੰ ਕੋਈ ਸਵਾਲ ਕਰਦੇ ਹਨ ਤਾਂ ਬਹੁਤੇ ਇਹ ਜਵਾਬ ਦਿੰਦੇ ਹਨ ਕਿ ਪੰਜਾਬ ਦੇ ਸਰਦਾਰ ਜਿਹੜਾ ਫ਼ੈਸਲਾ ਕਰਨਗੇ ਅਸੀਂ ਉਹ ਮੰਨ ਲਵਾਂਗੇ। ਪੰਜਾਬ ਦੇ ਕਿਸਾਨਾਂ ਦੀ ਪਗੜੀ ਦੇਸ਼-ਵਿਦੇਸ਼ ਦੇ ਆਮ ਲੋਕਾਂ ਅਤੇ ਮੀਡੀਆ ਦੀ ਖਿੱਚ ਦਾ ਕਾਰਨ ਬਣੀ ਹੋਈ ਹੈ। ਕਿਸਾਨ ਯੂਨੀਅਨ ਦੇ ਸੂਬਾਈ ਆਗੂ ਜਸਵਿੰਦਰ ਸਿੰਘ ਸੋਮਾ ਨੇ ਦੱਸਿਆ ਕਿ ਕਈ ਕਿਲੋਮੀਟਰ ਤੱਕ ਪੜਾਅ ਲਾਈ ਬੈਠੇ ਕਿਸਾਨਾਂ ਲਈ ਇਕ ਸਟੇਜ ਤੋਂ ਆਗੂਆਂ ਨੂੰ ਸੰਬੋਧਨ ਕਰਨਾ ਮੁਸ਼ਕਲ ਸੀ, ਇਸ ਲਈ ਸਟੇਜਾਂ ਨੂੰ ਨਗਰਾਂ ਦਾ ਨਾਂਅ ਦਿੰਦਿਆਂ ਕਿਸਾਨੀ ਮਸਲਿਆਂ ਉੱਤੇ ਚਰਚਾ ਆਰੰਭੀ ਹੋਈ ਹੈ । ਇਨਾਂ ਨਗਰਾਂ ਦੇ ਨਾਂਅ ਦੇਸ਼ ਭਗਤਾਂ ਅਤੇ ਸਿੱਖ ਜਰਨੈਲਾਂ ਦੇ ਨਾਵਾਂ ਉੱਤੇ ਰੱਖਿਆ ਗਿਆ ਹੈ, ਜਿਨਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਨਗਰ, ਚਾਚਾ ਅਜੀਤ ਸਿੰਘ ਨਗਰ, ਸ਼ਹੀਦ ਭਗਤ ਸਿੰਘ ਨਗਰ, ਗ਼ਦਰੀ ਗੁਲਾਬ ਕੌਰ ਨਗਰ, ਤੇ ਪ੍ਰੈੱਸ ਗੈਲਰੀ ਦਾ ਨਾਂਅ ਵੀ ਸ਼ਹੀਦ ਅਸ਼ਫ਼ਾਲ ਉੱਲਾ ਖ਼ਾਨ ਉੱਤੇ ਰੱਖਿਆ ਗਿਆ ਹੈ ।

**ਕਿਸਾਨਾਂ ਦਾ ਜੋਸ਼ ਵਧਾ ਰਹੇ ਹਨ ਪੰਜਾਬੀ ਗਾਇਕ**

ਪੰਜਾਬੀ ਗਾਇਕ ਵੀ ਆਪਣੇ ਗੀਤਾਂ ਰਾਹੀਂ ਕਿਸਾਨਾਂ 'ਚ ਜੋਸ਼ ਭਰ ਰਹੇ ਹਨ । ਅਜਿਹੇ ਹੀ ਗਾਣਿਆਂ ਵਿਚੋਂ ਇਕ ਗਾਣਾ 'ਮੁੜਦੇ ਨੀ ਲਏ ਬਿਨਾਂ ਹੱਕ ਦਿੱਲੀਏ' ਕਾਫ਼ੀ ਮਕਬੂਲ ਹੋ ਰਿਹਾ ਹੈ, ਜਿਸ ਨੂੰ ਪੰਜਾਬੀ ਗਾਇਕ ਤੇ ਅਦਾਕਾਰ ਹਰਭਜਨ ਮਾਨ ਨੇ ਗਾਇਆ ਹੈ । ਇਕ ਮਹੀਨਾ ਪਹਿਲਾਂ ਵੀ ਮਾਨ ਨੇ ਗਾਣਾ 'ਅੰਨਦਾਤਾ, ਖੇਤ ਸਾਡੀ ਮਾਂ, ਖੇਤ ਸਾਡੀ ਪੱਗ' ਪੇਸ਼ ਕੀਤਾ ਸੀ । ਇਸ ਤੋਂ ਇਲਾਵਾ ਗਾਇਕ ਕਨਵਰ ਗਰੇਵਾਲ ਦਾ ਗਾਣਾ 'ਐਲਾਨ ਤੈਨੂੰ ਦਿੱਲੀਏ ਇਕੱਠ ਪ੍ਰੇਸ਼ਾਨ ਕਰੂੰਗਾ ਪਰ ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂੰਗਾ' ਵੀ ਕਾਫ਼ੀ ਮਕਬੂਲੀਅਤ ਹਾਸਲ ਕਰ ਚੁੱਕਾ ਹੈ । ਗਰੇਵਾਲ ਦਾ ਇਕ ਹੋਰ ਗਾਣਾ 'ਪੇਚਾ' ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ । ਦੱਸਣਯੋਗ ਹੈ ਕਿ ਬੱਬੂ ਮਾਨ, ਜਸਬੀਰ ਜੱਸੀ, ਸਿੱਧੂ ਮੂਸੇਵਾਲਾ ਤੇ ਹਰਫ਼ ਚੀਮਾ ਸਮੇਤ ਕਈ ਗਾਇਕ ਦਿੱਲੀ ਵਿਖੇ ਪੁੱਜ ਕੇ ਕਿਸਾਨਾਂ ਨੂੰ ਹਮਾਇਤ ਦੇ ਚੁੱਕੇ ਹਨ ।

**ਕਾਰ ਸੇਵਾ ਵਾਲੇ ਬਾਬੇ ਅਤੇ ਖ਼ਾਲਸਾ ਏਡ ਬਣੇ ਮਿਸਾਲ**

ਕਾਰ ਸੇਵਾ ਭੂਰੀ ਵਾਲਿਆਂ ਵੱਲੋਂ ਜਥੇਦਾਰ ਹਰੀ ਸਿੰਘ, ਬਾਬਾ ਸੁਖਵਿੰਦਰ ਸਿੰਘ, ਬਾਬਾ ਯੋਧਵੀਰ ਸਿੰਘ ਨੇ ਇਕ ਵਿਸ਼ਾਲ ਪਕੌੜਿਆਂ ਅਤੇ ਚਾਹ ਦਾ ਲੰਗਰ ਲਗਾਉਂਦਿਆਂ ਇਸ ਸੰਘਰਸ਼ ਵਿਚ ਆਪਣਾ ਯੋਗਦਾਨ ਪਾਇਆ । ਇਸੇ ਤਰਾਂ ਟਿਕਰੀ ਬਾਰਡਰ ਉੱਤੇ ਖ਼ਾਲਸਾ ਏਡ ਦਾ ਕੈਂਪ ਜੋ ਗੁਰਚਰਨ ਸਿੰਘ ਦੀ ਦੇਖ ਰੇਖ ਹੇਠ ਚੱਲ ਰਿਹਾ ਹੈ ਉੱਤੇ ਸਵੇਰ ਤੋਂ ਸ਼ਾਮ ਤੱਕ ਵੱਡੀ ਸੰਗਤ ਨਜ਼ਰ ਆਈ।

**ਹਰਿਆਣਾ ਦੇ ਕਿਸਾਨਾਂ ਨੇ ਲੰਗਰਾਂ ਵਿਚ ਪਹੁੰਚਾਈ ਗੋਭੀ**

ਟਿਕਰੀ, ਹਰਿਆਣਾ ਦੇ ਪਿੰਡ ਧਨੌਰੀ ਦੇ ਨੌਜਵਾਨ ਕਿਸਾਨ ਵਿਨੋਦ, ਪ੍ਰਦੀਪ, ਰਾਜੇਸ਼ ਅਤੇ ਪਵਨ ਰੋਹਤਕ ਸੜਕ ਉੱਤੇ ਚਲਦੇ ਲੰਗਰਾਂ ਵਿਚ ਗੋਭੀ ਦੀ ਸੇਵਾ ਕਰਦੇ ਨਜ਼ਰੀ ਪਏ । ਪਿੱਕ ਅੱਪ ਗੱਡੀ ਵਿਚ ਕੁਇੰਟਲਾਂ ਦੇ ਹਿਸਾਬ ਨਾਲ ਗੋਭੀ ਲੈ ਕੇ ਆਏ ਇਨਾਂ ਕਿਸਾਨਾਂ ਦਾ ਕਹਿਣਾ ਸੀ ਕਿ ਕਿਸਾਨ ਸੰਘਰਸ਼ ਤੋਂ ਪਹਿਲਾਂ ਗੋਭੀ ਦਿੱਲੀ ਵੇਚ ਕੇ ਆਉਂਦੇ ਸਨ ਪਰ ਹੁਣ ਉਹ ਇਸ ਸੰਘਰਸ਼ ਵਿਚ ਸੇਵਾ ਨਿਭਾਅ ਕੇ ਵੱਡਾ ਮਾਣ ਮਹਿਸੂਸ ਕਰ ਰਹੇ ਹਨ।

**ਮੁਸਲਿਮ ਭਾਈਚਾਰੇ ਨੇ ਲੰਗਰ ਲਗਾਇਆ**

ਦਿੱਲੀ ਦੇ ਸਿੰਘੂ ਬਾਰਡਰ 'ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਲਈ 25 ਮੈਂਬਰੀ ਮੁਸਲਿਮ ਟੀਮ ਬੀਤੇ ਦੋ ਹਫ਼ਤਿਆਂ ਤੋਂ ਲੰਗਰ ਚਲਾ ਰਹੀ ਹੈ। ਮੁਸਲਿਮ ਫੈਡਰੇਸ਼ਨ ਆਫ ਪੰਜਾਬ ਦੀ ਇਸ ਟੀਮ ਦੇ ਮੁਖੀ ਫਾਰੂਕੀ ਮੁਬੀਨ ਹਨ। ਟੀਮ ਦਾ ਕਹਿਣਾ ਹੈ ਕਿ ਉਹ ਹਰ ਕਿਸੇ ਨੂੰ ਰੋਟੀ ਦੇਣ ਵਾਲੇ ਕਿਸਾਨਾਂ ਦੀ ਸੇਵਾ ਲਈ ਸਿੰਘੂ ਬਾਰਡਰ 'ਤੇ ਆਏ ਹਨ। ਮੁਬੀਨ ਨੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਦਾ ਰੋਸ ਪ੍ਰਦਰਸ਼ਨ ਜਾਰੀ ਰਹੇਗਾ ਉਦੋਂ ਤੱਕ ਲੰਗਰ ਦੀ ਸੇਵਾ 24 ਘੰਟੇ ਜਾਰੀ ਰਹੇਗੀ। ਉਨਾਂ ਕਿਹਾ ਕਿ ਸਿੱਖ ਪੰਥ ਸਾਡੇ ਲਈ ਬਹੁਤ ਕੁਝ ਕਰਦੇ ਹਨ। ਹੁਣ ਕੁਝ ਕਰਨ ਦੀ ਉਨਾਂ ਦੀ ਵਾਰੀ ਹੈ। ਉਨਾਂ ਕਿਹਾ, 'ਕਿਸਾਨਾਂ ਦਾ ਖ਼ਿਆਲ ਰੱਖਣਾ ਸਾਡੀ ਜ਼ਿੰਮੇਵਾਰੀ ਹੈ।'

## ਕਿਸਾਨਾਂ ਲਈ ਅਲਸੀ ਤੇ ਖੋਏ ਦੀਆਂ ਪਿੰਨੀਆਂ ਤਿਆਰ

### ਗਾਇਕ ਦਲਜੀਤ ਦੁਸਾਂਝ ਨੇ ਕੰਬਲ ਖ਼ਰੀਦਣ ਲਈ ਦਿੱਤੇ ਇਕ ਕਰੋੜ

### ਪਰਵਾਸੀ ਪੰਜਾਬੀ ਭਾਈਚਾਰਾ ਕਿਸਾਨਾਂ ਦਾ ਸਹਿਯੋਗੀ ਬਣਿਆ

**ਜਲੰਧਰ/ਏ.ਟੀ.ਨਿਊਜ਼:** ਦਿੱਲੀ ਮੋਰਚੇ ਲਈ ਭੇਜਣ ਵਾਸਤੇ ਦੋਆਬੇ ਦੇ ਪਿੰਡਾਂ ਵਿੱਚੋਂ 20 ਕੁਇੰਟਲ ਦੇ ਕਰੀਬ ਪਿੰਨੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਨਾਂ ਪਿੰਨੀਆਂ ਵਿੱਚ ਦੇਸੀ ਘਿਓ, ਸੁੱਕੇ ਮੇਵੇ ਤੇ ਕਿਸਾਨਾਂ ਦਾ ਘਰ ਦਾ ਕੱਢਿਆ ਗੁੜ ਵਰਤਿਆ ਜਾ ਰਿਹਾ ਹੈ। ਦੋਆਬੇ ਦੇ ਨਾਮਵਰ ਪਿੰਡ ਜਗਤਪੁਰ ਜੱਟਾਂ ਵਿੱਚ 15 ਕੁਇੰਟਲ, ਪਿੰਡ ਨੌਲੀ ਵਿੱਚ 5 ਕੁਇੰਟਲ, ਤਲਵੰਡੀ ਮਾਧੋ ਵਿੱਚ 3 ਕੁਇੰਟਲ ਤੇ ਪਿੰਡ ਸੋਹਲ ਖਾਲਸਾ ਵਿੱਚ 2 ਕੁਇੰਟਲ ਦੇ ਕਰੀਬ ਪਿੰਨੀਆਂ ਬਣ ਕੇ ਤਿਆਰ ਹੋ ਗਈਆਂ ਹਨ। ਪਿੰਡ ਨੌਲੀ ਦੇ ਗੁਰਦੁਆਰਾ ਹਰਿ ਹਰੀ ਜਾਪ ਸਾਹਿਬ ਦੇ ਸੇਵਾਦਾਰ ਸਾਬਕਾ ਸਰਪੰਚ ਪਰਮਜੀਤ ਸਿੰਘ ਨੇ ਦੱਸਿਆ ਕਿ ਪਿੰਡਾਂ ਵਿੱਚੋਂ ਵੱਡੇ ਪੱਧਰ 'ਤੇ ਰਸਦਾਂ ਦਿੱਲੀ ਮੋਰਚੇ ਲਈ ਜਾ ਰਹੀਆਂ ਹਨ। ਸੰਗਤ ਵੱਲੋਂ 5 ਕੁਇੰਟਲ ਦੇ ਕਰੀਬ ਅਲਸੀ ਦੀਆਂ ਪਿੰਨੀਆਂ ਬਣਾਈਆਂ ਗਈਆਂ ਹਨ। ਦੋ ਗੱਡੀਆਂ ਵਿੱਚ ਇਹ ਸਿੰਘੂ ਬਾਰਡਰ 'ਤੇ ਪਹੁੰਚਾਈਆਂ ਜਾਣਗੀਆਂ। ਪਿੰਨੀਆਂ ਵਟਣ ਲਈ ਬੀਬੀਆਂ ਨੇ ਦਿਲੋਂ ਸੇਵਾ ਕੀਤੀ। ਪਿੰਡ ਤਲਵੰਡੀ ਮਾਧੋ ਤੋਂ ਨੌਜਵਾਨ ਕਿਸਾਨ ਅਮਰੀਕ ਸਿੰਘ ਸੰਧੂ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਤੇ ਪਿੰਡ ਦੇ ਲੋਕਾਂ ਦੀ ਮਦਦ ਨਾਲ ਦੋ ਲੱਖ ਤੋਂ ਵੱਧ ਰਕਮ ਇਕੱਠੀ ਹੋ ਗਈ ਹੈ ਤੇ ਪਿੰਨੀਆਂ ਬਣਾਉਣ ਲਈ ਸਾਮਾਨ ਲਿਆਂਦਾ ਗਿਆ ਹੈ। ਉਚੇਚੇ ਤੌਰ 'ਤੇ ਹੁਸ਼ਿਆਰਪੁਰ ਜ਼ਿਲੇ ਤੋਂ ਗੁੜ ਲਿਆਂਦਾ ਹੈ। ਇਸੇ ਤਰਾਂ ਪਿੰਡ ਸੋਹਲ ਖਾਲਸਾ ਵਿੱਚ ਵੀ ਦੋ ਕੁਇੰਟਲ ਦੇ ਕਰੀਬ ਪਿੰਨੀਆਂ ਬਣਾਈਆਂ ਜਾ ਰਹੀਆਂ ਹਨ। ਜਗਤਪੁਰ ਜੱਟਾਂ ਤੋਂ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚੋਂ 15 ਕੁਇੰਟਲ ਪਿੰਨੀਆਂ ਬਣਾ ਕੇ ਦਿੱਲੀ ਲਈ ਰਵਾਨਾ ਕਰ ਦਿੱਤੀਆਂ ਹਨ। ਇਸ ਸੇਵਾ ਵਿੱਚ ਵਿਦੇਸ਼ਾਂ 'ਚ ਪੰਜਾਬੀਆਂ ਅਤੇ ਪਿੰਡ ਦੇ ਲੋਕਾਂ ਨੇ ਸਾਂਝੇ ਤੌਰ 'ਤੇ ਹਿੱਸਾ ਪਾਇਆ। ਪਿਛਲੇ ਦਿਨੀਂ ਕਸਬਾ ਭੀਖੀ ਦੀ ਸੰਗਤ ਵੱਲੋਂ ਕਿਸਾਨੀ ਮੋਰਚੇ ਵਿਚ ਗੁੜ ਆਟੇ ਦੀਆਂ ਮੱਠੀਆਂ ਭੇਜੀਆਂ ਗਈਆਂ ਸਨ। ਇੱਥੋਂ ਥੋੜੀ ਦੂਰੀ ਪੈਂਦੇ ਪਿੰਡ ਅਲੀਸ਼ੇਰ ਖ਼ੁਰਦ ਡੇਰਾ ਬਾਬਾ ਸਾਹਿਬ ਦਾਸ ਜੀ ਦੀ ਸੰਗਤ ਵੱਲੋਂ ਦਿੱਲੀ ਵਿਖੇ ਲਗਪਗ ਦਸ ਕੁਇੰਟਲ ਖੋਏ ਦੀਆਂ ਪਿੰਨੀਆਂ ਵੱਟ ਕੇ ਭੇਜੀਆਂ ਜਾਣਗੀਆਂ। ਲੰਗਰ ਬਾਰੇ ਜਾਣਕਾਰੀ ਦਿੰਦਿਆਂ ਬਜ਼ੁਰਗ ਔਰਤ ਬਲਵੀਰ ਕੌਰ ਨੇ ਦੱਸਿਆ ਕਿ ਉਨਾਂ ਦੇ ਨਗਰ ਅਲੀਸ਼ੇਰ ਖ਼ੁਰਦ ਵਾਸੀਆਂ ਨੇ ਦੁੱਧ ਅਤੇ ਨਗਦ ਰਾਸ਼ੀ ਦੇ ਕੇ ਦੁੱਧ ਦਾ ਖੋਇਆ ਤਿਆਰ ਕੀਤਾ ਹੈ, ਜਿਸ ਦੀਆਂ ਪਿੰਨੀਆਂ ਵਟਣ ਤੋਂ ਪਿੱਛੋਂ ਦੋ ਟਰੈਕਟਰਾਂ ਰਾਹੀਂ ਦਿੱਲੀ ਸੰਘਰਸ਼ ਕਰਨ ਗਏ ਕਿਸਾਨਾਂ ਲਈ ਭੇਜੀਆਂ ਜਾਣਗੀਆਂ। ਲੁਧਿਆਣਾ ਦੇ ਪਿੰਡ ਬੱਦੋਵਾਲ ਦੀ ਇਕ ਸੰਸਥਾ ਦੁਆਰਾ 300 ਕਿਲੋ ਦੇ ਕਰੀਬ ਦੇਸੀ ਘਿਓ ਦੀਆਂ ਪਿੰਨੀਆਂ ਭੇਜੀਆਂ ਜਾ ਰਹੀਆਂ ਹਨ। ਉਨਾਂ ਨੇ ਕਿਹਾ ਕਿ ਜਿੰਨੇ ਦਿਨ ਵੀ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ 'ਤੇ ਬੈਠਣਗੇ, ਉਹ ਕਿਸਾਨਾਂ ਦੀ ਸੇਵਾ ਕਰਨਗੇ। ਉਨਾਂ ਲਈ ਸਰਦੀ ਤੋਂ ਬਚਣ ਲਈ ਇਸ ਤਰਾਂ ਦਾ ਹੀ ਖਾਣ-ਪੀਣ ਲਈ ਸਾਮਾਨ ਭੇਜਦੇ ਰਹਿਣਗੇ। ਅਮਰੀਕ ਸਿੰਘ ਅਲੀਸ਼ੇਰ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਦੇ ਜੰਮਪਲ ਨੌਜਵਾਨ ਅਮਨਦੀਪ ਸਿੰਘ ਆਸਟ੍ਰੇਲੀਆ ਨੇ ਇਸ ਲੰਗਰ ਨੂੰ ਤਿਆਰ ਕਰਨ ਲਈ ਨਗਦ ਰਾਸ਼ੀ ਭੇਜੀ ਹੈ।

ਟੁੱਟ ਭਰਾਵਾਂ ਵਿਚੋਂ ਇੱਧਰ ਪੰਜਾਬ ਆਏ ਰਣਵੀਰ ਸਿੰਘ ਟੁੱਟ ਨੇ ਦੱਸਿਆ ਕਿ ਪਿਛਲੇ ਪੰਜਾਂ ਦਿਨਾਂ ਵਿੱਚ ਉਨਾਂ ਨੇ 20 ਕੁਇੰਟਲ ਬਦਾਮ ਦਿੱਲੀ ਮੋਰਚੇ 'ਤੇ ਡਟੇ ਕਿਸਾਨਾਂ ਲਈ ਭੇਜੇ ਹਨ। ਉਨਾਂ ਦੱਸਿਆ ਕਿ ਅਮਰੀਕਾ ਵਿੱਚ ਉਹ 10 ਹਜ਼ਾਰ ਏਕੜ 'ਚ ਬਦਾਮਾਂ ਦੀ ਖੇਤੀ ਕਰਦੇ ਹਨ ਤੇ ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਨਾਲ ਬਦਾਮਾਂ ਦਾ ਕਾਰੋਬਾਰ ਕਰਦੇ ਹਨ। ਪੰਜਾਬੀ ਅਭਿਨੇਤਾ ਤੇ ਗਾਇਕ ਦਲਜੀਤ ਦੁਸਾਂਝ ਨੇ ਉਨਾਂ ਲਈ ਕੰਬਲ ਖ਼ਰੀਦਣ ਲਈ 1 ਕਰੋੜ ਰੁਪਏ ਦਾ ਯੋਗਦਾਨ ਦਿੱਤਾ ਹੈ।

## ਕਿਸਾਨੀ ਅੰਦੋਲਨ ਨੇ ਰਿਸ਼ਤਿਆਂ ਵਿਚ ਏਕਤਾ ਸਿਰਜੀ

### ਹੁਣ ਘਰਾਂ ਦੇ ਮਸਲੇ ਲੱਗਣ ਲੱਗ ਪਏ ਛੋਟੇ

**ਬਰਨਾਲਾ/ਏ.ਟੀ.ਨਿਊਜ਼:** ਦਿੱਲੀ ਕਿਸਾਨੀ ਅੰਦੋਲਨ ਨੇ ਸੱਚਮੁੱਚ ਅਵੇਸਲੇ ਯੁੱਧਾਂ ਦੀ ਨਾਇਕਾਂ ਦਾ ਤੀਜਾ ਨੇਤਰ ਖੋਲ ਦਿੱਤਾ ਹੈ। ਘਰੇਲੂ ਰਿਸ਼ਤਿਆਂ ਵਿਚ ਲੀਕਾਂ ਮਿਟਣ ਲੱਗੀਆਂ ਹਨ। ਪਰਿਵਾਰਾਂ 'ਚ ਫ਼ਾਸਲੇ ਘਟਣ ਲੱਗੇ ਹਨ। ਦਿੱਲੀ ਦੇ ਮੋਰਚੇ 'ਚ ਨਵੇਂ ਰੰਗ ਉੱਭਰੇ ਹਨ। ਕਿਤੇ ਸੱਸ ਦਾ ਹੁੰਗਾਰਾ ਨੂੰਹ ਭਰ ਰਹੀ ਹੈ ਅਤੇ ਕਿਤੇ ਜੇਠਾਣੀ ਦਾ ਦਰਾਣੀ। ਕਿਸਾਨ ਘੋਲ ਵਿੱਚ ਬਰਨਾਲਾ ਦੀ ਕਮਲਜੀਤ ਕੌਰ ਆਪਣੀ ਨੂੰਹ ਸਰਵੀਰ ਕੌਰ ਨਾਲ ਇੱਕੋ ਸੁਰ 'ਚ ਹੇਕ ਲਾ ਰਹੀ ਹੈ। ਕਦੇ ਨੂੰਹ-ਸੱਸ ਜਾਗੋ ਕੱਢਦੀਆਂ ਹਨ ਅਤੇ ਜਦੋਂ ਕਿਸਾਨ ਅਖਾੜਾ ਭਖਦਾ ਹੈ ਤਾਂ ਨਾਅਰੇ ਮਾਰਦੀਆਂ ਹਨ। ਨੂੰਹ ਸਰਵੀਰ ਕੌਰ ਤੇ ਸੱਸ ਕਮਲਜੀਤ ਇਉਂ ਆਖਦੀ ਹੈ ਕਿ ਲੋਕ ਘੋਲਾਂ ਵਿਚ ਰਿਸ਼ਤੇ ਵੀ ਜਿੱਤੇ ਜਾਂਦੇ ਹਨ। ਜ਼ਿਲਾ ਸੰਗਰੂਰ ਦੇ ਪਿੰਡ ਤਰੇਜੀਖੇੜਾ ਦੀ ਰਜਿੰਦਰ ਕੌਰ ਇਕੱਲੀ ਨਹੀਂ, ਆਪਣੀਆਂ ਦੋ ਨੂੰਹਾਂ ਨੂੰ ਵੀ ਨਾਲ ਲਿਆਈ ਹੈ। ਇਨਾਂ ਦਾ ਆਪਸੀ ਮਿਲਾਪ ਹੋਰਨਾਂ ਨੂੰ ਵੀ ਨਿੱਘ ਦਿੰਦਾ ਹੈ। ਮਹਿਲਾ ਆਗੂ ਪਰਮਜੀਤ ਕੌਰ ਪਿੱਥੋ ਆਖਦੀ ਹੈ ਕਿ ਕਿਸਾਨ ਅੰਦੋਲਨ ਦੇ ਏਕੇ ਅਤੇ ਜਜ਼ਬੇ ਨੇ ਘਰੇਲੂ ਵਿੱਥਾਂ ਨੂੰ ਮਿਟਾ ਦਿੱਤਾ ਹੈ। ਪਿੰਡ ਸੰਗਰੇੜੀ ਦੀ 70 ਵਰਿਆਂ ਦੀ ਗੁਰਦੇਵ ਕੌਰ ਆਪਣੀ ਨੂੰਹ ਬਲਵਿੰਦਰ ਕੌਰ ਨਾਲ ਟਿਕਰੀ ਬਾਰਡਰ 'ਤੇ ਨਾਅਰੇ ਮਾਰ ਰਹੀ ਹੈ। ਕਿਸਾਨ ਅੰਦੋਲਨ ਨੇ ਇਸ ਨੂੰਹ-ਸੱਸ ਦੀ ਸੁਰ ਨੂੰ ਇੱਕ ਕਰ ਦਿੱਤਾ ਹੈ। ਪਿੰਡ ਸ਼ੇਰੋ ਦੀ ਜੇਠਾਣੀ ਗੁਰਦੇਵ ਕੌਰ 70 ਸਾਲ ਦੀ ਹੈ ਜਦੋਂ ਕਿ ਦਰਾਣੀ ਸੁਰਜੀਤ ਕੌਰ 65 ਸਾਲ ਦੀ ਹੈ। ਦੋਵਾਂ ਦੀ ਹੁਣ ਇੱਕੋ ਬਾਤ ਬਣ ਗਈ ਹੈ। ਵੇਖਣ ਨੂੰ ਮਿਲ ਰਿਹਾ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਨੇ ਰਿਸ਼ਤਿਆਂ ਵਿੱਚ ਨਵਾਂ ਨਿੱਘ ਭਰ ਦਿੱਤਾ ਹੈ। ਜਿਨਾਂ ਘਰਾਂ ਵਿਚ ਆਪਸੀ ਅੰਦਰੂਨੀ ਵਿਵਾਦ ਸੀ, ਉਹ ਵੀ ਅੰਦੋਲਨ ਵਿਚ ਸਭ ਖ਼ਤਮ ਹੋ ਗਏ ਹਨ। ਬਠਿੰਡਾ ਦੇ ਪਿੰਡ ਜਿਉਂਦ ਦੀ ਜੇਠਾਣੀ ਗੁਰਦੇਵ ਕੌਰ ਅਤੇ ਦਰਾਣੀ ਜਗਦੇਵ ਕੌਰ ਹੁਣ ਅੰਦੋਲਨ 'ਚ ਇਕੱਠੀਆਂ ਇਨਕਲਾਬੀ ਬੋਲੀਆਂ ਪਾ ਰਹੀਆਂ ਹਨ ਜਦੋਂ ਕਿ ਪਿੰਡ ਉਨਾਂ ਦੇ ਘਰ ਅਲੱਗ-ਅਲੱਗ ਹਨ। ਪਿੰਡ ਪਿੱਥੋ ਦੀ ਦਾਦੀ ਜਸਮੇਲ ਕੌਰ ਆਪਣੀ ਸਕੂਲ ਪੜਦੀ ਪੋਤੀ ਨੂੰ ਲੈ ਕੇ ਸੱਤ ਦਿਨਾਂ ਤੋਂ ਦਿੱਲੀ ਮੋਰਚੇ ਵਿੱਚ ਹਾਜ਼ਰੀ ਭਰਦੀ ਰਹੀ। ਇਸ ਮਾਈ ਦੇ ਤਿੰਨ ਲੜਕੇ ਹਨ ਪਰ ਇਹ ਬਿਰਧ ਮਾਈ ਆਖਦੀ ਹੈ ਕਿ ਜ਼ਮੀਨ ਬਚ ਗਈ, ਸਮਝ ਲਓ ਇਸ ਧੀ ਧਿਆਣੀ ਨੂੰ ਨਵਾਂ ਜਨਮ ਮਿਲ ਗਿਆ। ਇਸੇ ਪਿੰਡ ਦੀ ਦਾਦੀ ਅੰਗਰੇਜ਼ ਕੌਰ ਆਪਣੇ ਪੋਤੇ ਦਲਜੀਤ ਨੂੰ ਨਾਲ ਲੈ ਕੇ ਦਿੱਲੀ ਪੁੱਜੀ ਹੋਈ ਹੈ। ਉਹ ਆਖਦੀ ਹੈ ਕਿ ਜੁਆਕਾਂ ਲਈ ਇੱਥੇ ਬੈਠੀ ਹਾਂ। ਜ਼ਮੀਨਾਂ ਹੱਥੋਂ ਨਿਕਲ ਗਈਆਂ ਤਾਂ ਪੋਤੇ ਆਖਣਗੇ ਕਿ ਦਾਦੀ ਨੇ ਸਾਡਾ ਕੀ ਸੋਚਿਆ ? ਬਰਨਾਲਾ ਦੇ ਪਿੰਡ ਭੈਣੀ ਜੱਸਾ ਦੀ ਸੁਖਦੀਪ ਕੌਰ ਆਪਣੀ ਧੀ ਕਰਮਜੀਤ ਜਿਸ ਦੇ ਪਤੀ ਦੀ ਮੌਤ ਹੋ ਚੁੱਕੀ ਹੈ, ਨਾਲ ਦਿੱਲੀ ਮੋਰਚੇ ਵਿੱਚ ਡਟੀ ਹੋਈ ਹੈ।



TRANS-ALLIANCE
TOGETHER WE SAVE
cost plus
30 to 80
cents discount
at
TA Petro fuel station
TRANS-ALLIANCE
TOGETHER WE SAVE
4201 3247 5388 5103
VALID FROM 01/12
GOOD THRU 31/15
CARDHOLDER NAME
EFS
TA
TravelCenters of America
PETRO
Stopping Centers
We also offer Line of Credit for Fuel Card
Additional Services with our Fuel Card
✓ National Tire Program ✓ PM & Light Mechanical
✓ 24 Hour Dedicated Repair Service
TRANS-ALLIANCE
TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com

# ਕਿਸਾਨੀ ਅੰਦੋਲਨ ਨੇ ਛੁਡਵਾਈਆਂ ਕੇਂਦਰ ਦੀਆਂ ਤਰੇਲੀਆਂ

**- ਹਰਕੀਰਤ ਕੌਰ ਸਭਰਾ**
**੯੭੭੯੧੧੮੦੬੬**

ਰਾਜਗੱਦੀ ਉੱਤੇ ਬੈਠੇ ਸੱਤਾ ਦੇ ਨਸ਼ੇ ਵਿੱਚ ਧੁੱਤ ਨੇਤਾਵਾਂ ਨੇ ਕਦੇ ਨਹੀਂ ਸੋਚਿਆ ਹੋਵੇਗਾ ਕਿ ਜਿਸ ਪੰਜਾਬੀ ਜਜ਼ਬੇ, ਸਾਹਸ, ਸੂਰਬੀਰਤਾ ਅਤੇ ਅਣਖ ਦੀਆਂ ਕਹਾਣੀਆਂ ਉਹ ਪੜਦੇ ਜਾਂ ਸੁਣਦੇ ਆਏ ਹਨ ਕਿਤੇ ਉਨਾਂ ਨੂੰ ਆਪਣੀ ਅੱਖੀਂ ਵੀ ਦੇਖਣੀ ਪਵੇਗੀ। ਉਨਾਂ ਦਾ ਇਹ ਭੁਲੇਖਾ ਪਾਲਣਾ ਲਾਜ਼ਮੀ ਵੀ ਸੀ ਕਿਉਂਕਿ ਉਨਾਂ ਦਾ ਵਾਅ ਸਾਡੀ ਹੀ ਕੌਮ ਦੇ ਕੁਝ ਵਿਕਾਊ ਲੋਕ ਜਿਨਾਂ ਨੇ ਰਾਜ-ਗੱਦੀਆਂ ਦੇ ਲੋਭ ਵਿੱਚ ਆਪਣੀ ਜ਼ਮੀਰ ਦਾ ਤਾਂ ਸੌਦਾ ਕੀਤਾ ਹੀ ਸੀ ਨਾਲ ਦੀ ਨਾਲ ਪੰਜਾਬ ਨੂੰ ਵੀ ਗਿਰਵੀ ਰੱਖ ਆਏ ਸਨ, ਨਾਲ ਪਿਆ ਸੀ। ਜਿਸ ਅੰਦਾਜ਼ ਵਿੱਚ ਕਿਸਾਨੀ ਅੰਦੋਲਨ ਨੇ ਪਿਛਲੇ ਦਿਨੀਂ ਇੱਕ ਨਵਾਂ ਤੇ ਜੋਸ਼ੀਲਾ ਰੂਪ ਧਾਰਿਆ, ਉਹ ਸੱਚਮੁੱਚ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਲਿਖਿਆ ਜਾਵੇਗਾ। ਕਿਸਾਨਾਂ ਦਾ ਜਾਹੋ ਜਲਾਲ ਵੇਖਣ ਵਾਲਾ ਹੈ। ਇਸ ਸੰਘਰਸ਼ ਨੇ ਇੱਕ ਵਾਰ ਫਿਰ ਤੋਂ ਸਾਬਿਤ ਕੀਤਾ ਹੈ ਕਿ ਪੰਜਾਬੀ ਸਿੱਖ ਕੌਮ ਸੂਰਬੀਰਾਂ ਦੀ ਕੌਮ ਹੈ। ਕਿਸਾਨਾਂ ਨੂੰ ਅਨਪੜ, ਭਲੇਮਾਣਸ ਸਮਝਣ ਵਾਲੀ ਸਰਕਾਰ ਕਿਸਾਨਾਂ ਨੂੰ ਆਪਣੀਆਂ ਗੱਲਾਂ ਦੇ ਝਾਂਸੇ ਵਿੱਚ ਲੈ ਕੇ ਆਉਣ ਦੀ ਪੂਰੀ ਜੱਦੋ ਜਹਿਦ ਕਰ ਰਹੀ ਹੈ। ਬਰਾੜੀ ਮੈਦਾਨ ਨੂੰ ਸਰਕਾਰ ਇੱਕ ਆਰਜ਼ੀ ਜੇਲ ਦੀ ਤਰਾਂ ਵਰਤਣਾ ਚਾਹੁੰਦੀ ਸੀ ਤਾਂ ਜੋ ਕਿਸਾਨਾਂ ਨੂੰ ਇੱਕ ਮੈਦਾਨ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਉਸ ਮੈਦਾਨ ਵਿੱਚ ਨਜ਼ਰਬੰਦ ਕਰ ਦਿੱਤਾ ਜਾਵੇ। ਪਰ ਲੱਗਦਾ ਫ਼ਿਲਮਾਂ ਵਿੱਚ ਸਿੱਖਾਂ ਦੇ ਦਿਖਾਏ ਜਾਣ ਵਾਲੇ ਹਾਸੋਹੀਣੇ ਕਿਰਦਾਰਾਂ ਨੂੰ ਸੱਚ ਮੰਨ ਬੈਠੀ ਸਰਕਾਰ ਭੁੱਲ ਚੁੱਕੀ ਸੀ ਕਿ ਸਾਡੀ ਕੌਮ ਵਿੱਚ ਜਸਟਿਸ ਆਰ. ਐੱਸ ਸੋਢੀ ਵਰਗੇ ਪੜੇ ਲਿਖੇ ਅਤੇ ਕਾਨੂੰਨ ਕਾਇਦਿਆਂ ਦੇ ਮਾਹਿਰ ਵੀ ਸ਼ਾਮਿਲ ਹਨ। ਉਨਾਂ ਤੋਂ ਇਲਾਵਾ ਇਸ ਸੰਘਰਸ਼ ਵਿੱਚ ਉਹ ਬਜ਼ੁਰਗ ਵੀ ਸ਼ਾਮਿਲ ਹਨ ਜਿਨਾਂ ਨੇ 1947, 1962, 1972, 1984 ਦਾ ਸੰਤਾਪ ਆਪਣੇ ਪਿੰਡਿਆਂ ਉੱਪਰ ਹੰਢਾਇਆ ਹੈ। ਪਰ ਪੰਜਾਬੀਆਂ ਦੇ ਇਸ ਇਕੱਠ ਨੇ, ਇਸ ਏਕਤਾ ਨੇ ਸਰਕਾਰਾਂ ਦੇ ਮੂੰਹ ਪੂਰੀ ਤਰਾਂ ਬੰਦ ਕਰ ਦਿੱਤੇ ਹਨ। ਅੰਦਰਖਾਤੇ ਹਰ ਸਰਕਾਰ ਹਰ ਰਾਜਨੀਤਕ ਪਾਰਟੀ ਕਿਸਾਨਾਂ ਦੇ ਇਸ ਜਜ਼ਬੇ ਅਤੇ ਉਤਸ਼ਾਹ ਨੂੰ ਦੇਖ ਘਬਰਾਈ ਹੋਈ ਹੈ, ਅਤੇ ਕਿਤੇ ਨਾ ਕਿਤੇ ਇਸ ਛੱਛੋਪੰਝ ਵਿੱਚ ਵੀ ਹੈ ਕਿ ਆਉਣ ਵਾਲੀਆਂ ਚੋਣਾਂ ਵਿੱਚ ਕਿਹੜਾ ਮੂੰਹ ਲੈ ਕੇ ਲੋਕਾਂ ਕੋਲੋਂ ਵੋਟਾਂ ਮੰਗਣੀਆਂ ਹਨ, ਖ਼ਾਸ ਕਰ ਕਿਸਾਨਾਂ ਕੋਲੋਂ। ਪੰਜਾਬੀ ਅਖਾਣ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਵਾਲੀ ਹਾਲਤ ਹਰ ਰਾਜਨੀਤਕ ਪਾਰਟੀ ਦੀ ਹੋਈ ਹੈ ਅਤੇ ਹੋਵੇਗੀ।

ਇਸ ਸੰਘਰਸ਼ ਦੀ ਸਭ ਤੋਂ ਵੱਡੀ ਖ਼ਾਸੀਅਤ ਇਹ ਰਹੀ ਕਿ ਸਾਡੇ ਕਿਸਾਨ ਭਰਾਵਾਂ, ਨੌਜਵਾਨਾਂ ਨੇ ਇਸ ਅੰਦੋਲਨ ਵਿੱਚ ਅਨੁਸ਼ਾਸਨ ਬਣਾਈ ਰੱਖਿਆ, ਜਿਸ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੋਇਆ ਕਿ ਜਦੋਂ ਵੀ ਕੋਈ ਸ਼ਰਾਰਤੀ ਅਨਸਰ ਕੋਈ ਵੀ ਕੋਝੀ ਹਰਕਤ ਕਰਨ ਦਾ ਯਤਨ ਕਰਦਾ ਹੈ, ਉਹ ਜਲਦੀ ਕਾਬੂ ਵਿੱਚ ਆ ਜਾਂਦਾ ਹੈ। ਕਿਉਂਕਿ ਸਾਡੇ ਨੌਜਵਾਨਾਂ ਨੇ ਹੁੱਲੜਬਾਜ਼ੀ, ਫੁਕਰਪੁਣੇ ਆਦਿ ਦਾ ਬਿਲਕੁਲ ਵੀ ਪ੍ਰਦਰਸ਼ਨ ਨਹੀਂ ਕੀਤਾ ਬਲਕਿ ਇੱਕ ਜ਼ਿੰਮੇਵਾਰ ਨਾਗਰਿਕਾਂ ਦੀ ਤਰਾਂ ਅਤੇ ਸੇਵਾ ਭਾਵ ਨਾਲ ਇਸ ਕਿਸਾਨ ਅੰਦੋਲਨ ਨੂੰ ਇਤਿਹਾਸਕ ਰੂਪ-ਰੇਖਾ ਦੇ ਰਹੇ ਹਨ । ਕਿਸੇ ਵਿਦਵਾਨ ਦਾ ਕਹਿਣਾ ਹੈ ਕਿ ਜੇਕਰ ਤੁਸੀਂ ਕਿਸੇ ਦੇਸ਼ ਜਾਂ ਕੌਮ ਦਾ ਨਾਮ ਦੁਨੀਆ ਦੇ ਨਕਸ਼ੇ ਤੋਂ ਮਿਟਾਉਣਾ ਚਾਹੁੰਦੇ ਹੋ ਤਾਂ ਉਸ ਦੇਸ਼ ਦੀ ਨੌਜਵਾਨ ਪੀੜੀ ਨੂੰ ਗੁਮਰਾਹ ਕਰਨਾ, ਭੜਕਾਉਣਾ ਅਤੇ ਅਸਮਾਜਿਕ ਕੰਮਾਂ ਲਈ ਉਕਸਾਉਣਾ ਸ਼ੁਰੂ ਕਰ ਦਿਓ। ਪੰਜਾਬ ਦੀ ਜਵਾਨੀ ਨਾਲ ਵੀ ਕੁਝ ਅਜਿਹੀਆਂ ਹੀ ਸਾਜ਼ਿਸ਼ਾਂ ਰਚੀਆਂ ਗਈਆਂ ਸਨ ਅਤੇ ਸਾਡੀ ਕੌਮ ਅਤੇ ਨੌਜਵਾਨ ਇਹਨਾਂ ਸਾਜ਼ਿਸ਼ਾਂ ਦੇ ਸ਼ਿਕਾਰ ਵੀ ਹੋਏ। ਪਰ ਇਸ ਕਿਸਾਨੀ ਅੰਦੋਲਨ ਨੇ ਸੁੱਤੀ ਹੋਈ ਕੌਮ ਦੀ ਜ਼ਮੀਰ ਨੂੰ ਇੱਕ ਵਾਰ ਰੂਹ ਤੱਕ ਹਿਲਾ ਕੇ ਰੱਖ ਦਿੱਤਾ। ਸਾਡੀ ਕੌਮ ਨੇ ਆਪਣੇ ਸਾਹਸ ਦਾ ਐਸਾ ਪ੍ਰਦਰਸ਼ਨ ਕੀਤਾ ਕਿ ਪੂਰੀ ਦੁਨੀਆ ਇੱਕ ਵਾਰ ਫਿਰ ਤੋਂ ਪੰਜਾਬੀਆਂ ਦੀ ਸੂਰਬੀਰਤਾ ਅਤੇ ਦ੍ਰਿੜ ਨਿਸ਼ਚੇ ਦੀ ਦਾਦ ਦੇ ਰਹੀ ਹੈ।

ਅਸੀਂ ਜਿੱਤ ਦੇ ਮਾਰਗ ਤੇ ਜ਼ਰੂਰ ਹਾਂ, ਦ੍ਰਿੜ ਨਿਸ਼ਚਾ ਵੀ ਹੈ, ਬਿਨਾ ਜਿੱਤੇ ਅਸੀਂ ਵਾਪਸ ਵੀ ਨਹੀਂ ਪਰਤਾਂਗੇ। ਪਰ ਜਿੰਨੀ ਦੇਰ ਫ਼ੈਸਲਾ ਪੂਰੀ ਤਰਾਂ ਕਿਸਾਨ ਭਰਾਵਾਂ ਦੇ ਹੱਕ ਵਿੱਚ ਨਹੀਂ ਆਉਂਦਾ ਜ਼ਰੂਰਤ ਹੈ ਸਬਰ ਅਤੇ ਸੰਜਮ ਨੂੰ ਬਣਾਈ ਰੱਖਣ ਦੀ, ਜ਼ਰੂਰਤ ਹੈ ਜੋਸ਼ ਦੇ ਨਾਲ ਨਾਲ ਹੋਸ਼ ਤੋਂ ਕੰਮ ਲੈਣ ਦੀ। ਧਰਨਿਆਂ ਵਿੱਚ ਸ਼ਾਮਲ ਸਾਰੇ ਕਿਸਾਨ ਭਰਾਵਾਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਪਵੇਗੀ ਕਿ ਇਹ ਸਾਡੀ ਹੋਂਦ ਦੀ ਲੜਾਈ ਤਾਂ ਹੈ ਹੀ ਨਾਲ ਦੀ ਨਾਲ ਸਾਡੇ ਕੋਲ ਇਸ ਗੱਲ ਨੂੰ ਸਾਬਿਤ ਕਰਨ ਦਾ ਵੀ ਬਹੁਤ ਵਧੀਆ ਮੌਕਾ ਹੈ ਕਿ ਪੰਜਾਬੀਆਂ ਦੀ ਕੌਮ ਕੋਈ ਮਜ਼ਾਕ ਜਾਂ ਚੁਟਕਲਿਆਂ ਦਾ ਪਾਤਰ ਬਣਨ ਵਾਲੀ ਕੌਮ ਨਹੀਂ ਬਲਕਿ ਇੱਕ ਬਹਾਦਰ, ਅਨੁਸਾਸ਼ਣਮਈ ਅਤੇ ਬਹੁਤ ਹੀ ਸੁਲਝੀ ਹੋਈ ਕੌਮ ਹੈ।

ਅੰਤ ਵਿੱਚ ਇਹੀ ਕਹਿ ਸਕਦੀ ਹਾਂ ਕਿ ਕੇਂਦਰ ਦੇ ਮੱਥੇ ਉੱਤੇ ਆਈਆਂ ਤਰੇਲੀਆਂ ਦੱਸਦੀਆਂ ਹਨ ਕਿ ਪੰਜਾਬ ਨੇ ਆਪਣੀ ਹੋਂਦ ਨੂੰ ਇੱਕ ਨਵੇਂ ਸਿਰੇ ਤੋਂ ਸਥਾਪਤ ਕੀਤਾ ਹੈ ਅਤੇ ਸਾਬਿਤ ਕੀਤਾ ਹੈ ਕਿ ਜਦੋਂ ਜਦੋਂ ਵੀ ਵਧੀਕੀਆਂ ਹੋਣ ਗਈਆਂ, ਪੰਜਾਬੀ ਸਰਕਾਰਾਂ ਕੀ, ਪੱਥਰਾਂ ਤੇ ਪਰਬਤਾਂ ਦੇ ਵੀ ਮੁੱਖ ਮੋੜ ਦੇਣਗੇ।

# ਮਨੁੱਖੀ ਅਧਿਕਾਰ ਦਿਵਸ - 10 ਦਸੰਬਰ

**- ਗੋਬਿੰਦਰ ਸਿੰਘ ਢੀਂਡਸਾ**

ਨੈਤਿਕਤਾ ਭਰਪੂਰ ਅਤੇ ਆਦਰਸ਼ ਸਮਾਜ ਵਿੱਚ ਮਨੁੱਖੀ ਅਧਿਕਾਰਾਂ ਤੇ ਸਜਗਤਾ ਨਾਲ ਪਹਿਰਾ ਦਿੱਤਾ ਜਾਂਦਾ ਹੈ। ਇਨਸਾਨ ਹੋਣ ਦੇ ਨਾਤੇ ਸਾਡੇ ਕੁਝ ਅਧਿਕਾਰ ਹਨ ਜਿਨਾਂ ਦੀ ਉਲੰਘਣਾ ਕੋਈ ਸਰਕਾਰ ਨਹੀਂ ਕਰ ਸਕਦੀ ਪਰੰਤੂ ਦੁਖਾਂਤ ਇਹ ਹੈ ਕਿ ਸ਼ਾਸਕਾਂ ਅਤੇ ਸਰਕਾਰਾਂ ਦੁਆਰਾ ਸਮੇਂ ਸਮੇਂ ਤੇ ਇਨਾਂ ਦੀ ਉਲੰਘਣਾ ਕੀਤੀ ਜਾਂਦੀ ਰਹੀ ਹੈ ਜਿਸਦੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਮੰਨਿਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਸਬੰਧੀ 539 ਈਸਾ ਪੂਰਵ ਵਿੱਚ ਕੰਮ ਕੀਤਾ ਗਿਆ ਜਦ ਸਾਈਰਸ ਮਹਾਨ ਦੀ ਫ਼ੌਜ ਨੇ ਬੇਬੀਲੌਨ ਨੂੰ ਜਿੱਤ ਲਿਆ ਤਾਂ ਸਾਈਰਸ ਨੇ ਗ਼ੁਲਾਮਾਂ ਨੂੰ ਆਜ਼ਾਦ ਕਰ ਦਿੱਤਾ। ਉਸਨੇ ਘੋਸ਼ਣਾ ਕੀਤੀ ਕਿ ਸਾਰੇ ਲੋਕਾਂ ਨੂੰ ਆਪਣਾ ਧਰਮ ਚੁਣਨ ਦੀ ਆਜ਼ਾਦੀ ਹੈ ਅਤੇ ਨਸਲੀ ਸਮਾਨਤਾ ਸਥਾਪਤ ਕੀਤੀ। ਮਾਨਵੀ ਅਧਿਕਾਰਾਂ ਨੂੰ ਪਹਿਚਾਣ ਦੇਣ ਅਤੇ ਵਜੂਦ ਨੂੰ ਯਥਾਰਥਤਾ ਪ੍ਰਦਾਨ ਕਰਨ ਦੀ ਹਰ ਲੜਾਈ ਨੂੰ ਮਨੁੱਖੀ ਅਧਿਕਾਰ ਦਿਵਸ ਤਾਕਤ ਦਿੰਦਾ ਹੈ। ਹਰ ਸਾਲ 10 ਦਸੰਬਰ ਨੂੰ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 1948 ਨੂੰ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ (ਯੂਨੀਵਰਸਲ ਡਿਕਲੇਰੇਸ਼ਨ ਆਫ਼ ਹਿਊਮਨ ਰਾਈਟਸ) ਨੂੰ ਸੰਯੁਕਤ ਰਾਸ਼ਟਰ ਦੇ 58 ਮੈਂਬਰ ਦੇਸ਼ਾਂ ਨੇ ਸਿਧਾਂਤਕ ਰੂਪ ਵਿੱਚ ਅਪਣਾਇਆ ਸੀ। ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀਆਂ ਕੁੱਲ 30 ਧਾਰਾਵਾਂ ਹਨ ਜੋ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦਾ ਅਹਿਮ ਅੰਗ ਹਨ। ਐਲਾਨਨਾਮੇ ਅਨੁਸਾਰ ਸਾਰੇ ਮਨੁੱਖ ਜਨਮ ਤੋਂ ਬਰਾਬਰ ਪੈਦਾ ਹੁੰਦੇ ਹਨ ਅਤੇ ਮਨੁੱਖੀ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਕਿਸੇ ਨਾਲ ਵੀ ਧਰਮ, ਜਾਤ, ਬੋਲੀ, ਭਾਸ਼ਾ, ਲਿੰਗ, ਇਲਾਕਾ, ਰੰਗ, ਨਸਲ ਆਦਿ ਕਿਸੇ ਵੀ ਮਾਮਲੇ ਵਿੱਚ ਭੇਦਭਾਵ ਨਹੀਂ ਹੋਣਾ ਚਾਹੀਦਾ। ਹਰ ਮਨੁੱਖ ਨੂੰ ਆਦਰ-ਸਤਿਕਾਰ ਨਾਲ ਜੀਵਨ ਜਿਉਣ ਦਾ ਪੂਰਾ ਹੱਕ ਹੈ। ਇਸ ਦਾ ਭਾਵ ਹੈ ਕਿ ਸਾਰੀਆਂ ਪਛਾਣਾਂ ਅਤੇ ਵਖਰੇਵੇਂ ਇਨਸਾਨੀਅਤ ਦੇ ਸਮੁੱਚੀ ਪਛਾਣ ਦੇ ਦਾਇਰੇ ਵਿਚ ਰੱਖ ਕੇ ਹੀ ਦੇਖੇ ਜਾਣੇ ਚਾਹੀਦੇ ਹਨ। ਅਸਲ ਵਿੱਚ ਐਲਾਨਨਾਮੇ ਦਾ ਮੁੱਢ ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਸਮੇਂ ਹੀ ਬੰਨਿਆ ਜਾ ਚੁੱਕਾ ਸੀ। 1939 ਤੋਂ 1945 ਦੌਰਾ ਦੂਜਾ ਵਿਸ਼ਵ ਯੁੱਧ ਹੋਇਆ ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਮੌਤਾਂ ਹੋਈਆਂ। ਜਰਮਨ ਦੇ ਤਾਨਾਸ਼ਾਹ ਅਡੋਲਫ ਹਿਟਲਰ ਨੇ ਲੱਖਾਂ ਹੀ ਲੋਕਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਉਹਨਾਂ ਨੂੰ ਜਿਉਣ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤਾ, ਯਹੂਦੀਆਂ ਦੀ ਵੱਡੀ ਪੱਧਰ 'ਤੇ ਨਸਲਕੁਸ਼ੀ ਹੋਈ ਸੀ। ਜੰਗ ਤੋਂ ਬਾਅਦ ਆਜ਼ਾਦੀ, ਇਨਸਾਫ਼ ਅਤੇ ਸ਼ਾਂਤੀ ਸਥਾਪਤ ਕਰਨ ਲਈ ਹੀ ਸੰਯੁਕਤ ਰਾਸ਼ਟਰ ਸੰਘ ਕਾਇਮ ਕੀਤਾ ਗਿਆ ਸੀ।

ਪ੍ਰੋਫੈਸਰ ਹੈਨਕਿਨ ਨੂੰ ਮਨੁੱਖੀ ਅਧਿਕਾਰਾਂ ਦਾ ਪਿਤਾ ਕਿਹਾ ਜਾਂਦਾ ਹੈ, ਉਹਨਾਂ ਨੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅੰਤਰਰਾਸ਼ਟਰੀ ਕਾਨੂੰਨ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਕੋਲੰਬੀਆ ਯੂਨੀਵਰਸਿਟੀ ਸਕੂਲ ਆਫ ਲਾਅ ਵਿੱਚ ਪੰਜ ਦਹਾਕਿਆਂ ਦੇ ਲੰਬੇ ਕਰੀਅਰ ਵਿੱਚ ਉਨਾਂ ਦਾ ਅੰਤਰਰਾਸ਼ਟਰੀ ਕਾਨੂੰਨ ਸੰਬੰਧੀ ਕੰਮ ਸ਼ਲਾਘਾਯੋਗ ਹੈ। ਭਾਰਤ ਵਿੱਚ ਸੰਵਿਧਾਨ ਮਨੁੱਖੀ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ ਅਤੇ ਦੇਸ਼ ਵਿੱਚ ਸਿੱਖਿਆ ਦਾ ਅਧਿਕਾਰ ਇਸੇ ਗਾਰੰਟੀ ਤਹਿਤ ਹੈ। ਭਾਰਤ ਵਿੱਚ 28 ਸਤੰਬਰ, 1993 ਵਿੱਚ ਮਨੁੱਖੀ ਅਧਿਕਾਰ ਕਾਨੂੰਨ ਅਮਲ ਵਿੱਚ ਆਇਆ ਅਤੇ ਸਰਕਾਰ ਦੁਆਰਾ 12 ਅਕਤੂਬਰ ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦਾ ਗਠਨ ਕੀਤਾ ਗਿਆ। ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੇ ਕਾਰਜ ਖੇਤਰ ਵਿੱਚ ਬਾਲ ਵਿਆਹ, ਸਿਹਤ, ਭੋਜਨ, ਬਾਲ ਮਜ਼ਦੂਰੀ, ਔਰਤ ਦੇ ਅਧਿਕਾਰ, ਹਿਰਾਸਤ ਅਤੇ ਮੁਠਭੇੜ ਵਿੱਚ ਹੋਣ ਵਾਲੀ ਮੌਤ, ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀ ਅਤੇ ਜਨ ਜਾਤੀ ਆਦਿ ਦੇ ਅਧਿਕਾਰ ਆਉਂਦੇ ਹਨ ਪ੍ਰੰਤੂ ਇਸਦੇ ਬਾਵਜੂਦ ਵੀ ਦੇਸ ਅੰਦਰ ਵੱਖੋ ਵੱਖਰੇ ਸੂਬਿਆਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਦਿਲ ਕੰਬਾਊ ਘਟਨਾਵਾਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਅਜੇ ਵੀ ਆਰਥਿਕ, ਸਿਆਸੀ, ਵਿੱਦਿਅਕ, ਸਿਹਤ ਅਤੇ ਜੀਵਨ ਦੇ ਹੋਰ ਖੇਤਰਾਂ ਅੰਦਰ ਭੇਦ-ਭਾਵ ਅਤੇ ਵਿਤਕਰੇ ਵੇਖਣ ਨੂੰ ਮਿਲਦੇ ਹਨ।

ਮੌਜੂਦਾ ਦੌਰ ਵਿੱਚ ਸਰਕਾਰ ਨਾਲੋਂ ਵੱਖਰੇ ਵਿਚਾਰ ਰੱਖਣ ਵਾਲਿਆਂ ਉੱਤੇ ਸੱਤਾ 'ਤੇ ਕਾਬਜ਼ ਧਿਰਾਂ ਦੇ ਹਮਾਇਤੀਆਂ, ਸੱਤਾਧਾਰੀਆਂ ਦੁਆਰਾ ਦੇਸ਼-ਧ੍ਰੋਹੀ ਹੋਣ ਦੇ ਠੱਪੇ ਲਗਾਉਣਾ ਆਮ ਗੱਲ ਬਣ ਚੁੱਕੀ ਹੈ ਜੋ ਕਿ ਮਾਨਵੀ ਅਧਿਕਾਰਾਂ ਦਾ ਘੋਰ ਉਲੰਘਣਾ ਹੈ ਅਤੇ ਚਿੰਤਾ ਦਾ ਵਿਸ਼ਾ ਹੈ। ਲੋਕਾਂ ਵਿੱਚ ਮਾਨਵੀ ਹੱਕਾਂ ਲਈ ਜਾਗਰੂਕਤਾ, ਇਨਸਾਨੀਅਤ ਨੂੰ ਸਰਬਉੱਚਤਾ ਦੀ ਧਾਰਨਾ ਹੀ ਆਦਰਸ਼ ਸਮਾਜ ਦੇ ਸੁਪਨੇ ਨੂੰ ਯਥਾਰਥਤਾ ਦੇ ਸਕਦੀ ਹੈ। ਵਿਵਸਥਾ, ਸਰਕਾਰਾਂ ਦੀ ਲੋਕਤੰਤਰ ਵਿੱਚ ਦ੍ਰਿੜਤਾ ਅਤੇ ਸੰਵਿਧਾਨ ਪ੍ਰਤੀ ਵਚਨਬੱਧਤਾ ਹੀ ਮਾਨਵੀ ਹੱਕਾਂ ਦੀ ਗੱਲ ਨੂੰ ਯਕੀਨੀ ਬਣਾ ਸਕਦੀ ਹੈ ਅਤੇ ਲਾਜ਼ਮੀ ਹੈ ਕਿ ਉਹ ਮਨੁੱਖੀ ਅਧਿਕਾਰਾਂ ਨੂੰ ਅਮਲੀਜਾਮਾ ਪਹਿਨਾਵੇ।

**ਪਿੰਡ ਤੇ ਡਾਕ ਬਰੜਵਾਲ**
**ਤਹਿਸੀਲ ਧੂਰੀ (ਸੰਗਰੂਰ)**

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

09 ਦਸੰਬਰ 2020 ਤੋਂ 15 ਦਸੰਬਰ 2020

# ਇਕ ਵਾਰ ਫਿਰ ਹਉਮੈਂ ਦੇ ਬੁੱਤ ਟੁੱਟੇ ਨੇ, ਤੇ ਜਦੋਂ ਇਹ ਟੁੱਟਦੇ ਨੇ ਤਾਂ ...

ਪਿਛਲੇ ਤਕਰੀਬਨ ਸੱਤ ਮਹੀਨਿਆਂ ਤੋਂ ਜਦੋਂ ਤੋਂ ਇਹ ਨਵੇਂ ਖੇਤੀ ਕਨੂੰਨ ਆਰਡੀਨੈਂਸ ਦੇ ਰੂਪ ਵਿੱਚ ਆਏ ਹਨ, ਵੱਖ ਵੱਖ ਤਰੀਕਿਆਂ ਨਾਲ ਇਹਨਾਂ ਦਾ ਵਿਰੋਧ ਹੋ ਰਿਹਾ ਹੈ। ਹੁਣ ਵੱਡੀ ਗਿਣਤੀ ਵਿੱਚ ਕਿਸਾਨ ਦਿੱਲੀ ਨੂੰ ਘੇਰ ਕੇ ਬੈਠੇ ਹੋਏ ਹਨ ਅਤੇ ਲਗਾਤਾਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰ ਰਹੀ ਹੈ। ਹੁਣ ਤੱਕ ਤਕਰੀਬਨ ਅੱਧੀ ਦਰਜਨ ਬੈਠਕਾਂ ਸਰਕਾਰ ਨੇ ਕਿਸਾਨਾਂ ਨਾਲ ਕੀਤੀਆਂ ਹਨ ਅਤੇ ਕੁਝ ਸੋਧਾਂ ਕਰਨ ਲਈ ਰਾਜੀ ਵੀ ਹੋਈ ਹੈ ਪਰ ਕਿਸਾਨਾਂ ਦੀ ਮੰਗ ਇਹ ਕਨੂੰਨ ਰੱਦ ਕਰਵਾਉਣ ਦੀ ਹੈ। ਦਿੱਲੀ ਤਖ਼ਤ ਆਪਣੇ ਸੁਭਾਅ ਤੋਂ ਮਜ਼ਬੂਰ ਹੈ, ਉਹ ਸਾਮਰਾਜੀ ਹੈ ਜੋ ਕਿਸੇ ਵੀ ਮਸਲੇ ਵਿੱਚ ਸ਼ਹਿਰੀਆਂ ਦੀ ਕੋਈ ਸਹਿਮਤੀ ਨਹੀਂ ਲੈਂਦਾ, ਕੋਈ ਦਲੀਲ ਜਾਂ ਅਪੀਲ ਨਹੀਂ ਸੁਣਦਾ/ਮੰਨਦਾ ਸਗੋਂ ਆਪਣੀ ਜਿੱਦ ਸਿਰਫ ਤਾਕਤ ਨਾਲ ਹੀ ਹਾਸਲ ਕਰਨ ਦਾ ਹਾਮੀ ਹੈ। ਪਰ ਇਸ ਵਾਰ ਓਹਦੀ ਜਿੱਦ ਟੁੱਟੀ ਹੈ, ਉਹਨੂੰ ਅੰਦਾਜ਼ਾ ਨਹੀਂ ਸੀ ਕਿ ਇਹ ਵਿਰੋਧ ਐਨਾਂ ਵਿਆਪਕ ਰੂਪ ਲੈ ਲਵੇਗਾ ਅਤੇ ਓਹਦੇ ਵੱਲੋਂ ਛੱਡੇ ਸਾਰੇ ਤੀਰ ਨਕਾਰਾ ਹੋ ਜਾਣਗੇ। ਜਦੋਂ ਵੀ ਇਸਦਾ ਹੰਕਾਰ ਟੁੱਟਦਾ ਹੈ ਇਹ ਚੁੱਪ ਨਹੀਂ ਬੈਠਦਾ, ਹਰਕਤ 'ਚ ਆਉਂਦਾ ਹੈ ਸਗੋਂ ਜਿੰਨ੍ਹਾ ਹੰਕਾਰ ਟੁੱਟਦਾ ਹੈ ਓਨਾ ਹੀ ਕ੍ਰੋਧ 'ਚ ਆਉਂਦਾ ਹੈ।

ਜਦੋਂ ਜਦੋਂ ਇਸਦਾ ਹੰਕਾਰ ਟੁੱਟਿਆ:

ਕੁਝ ਦਹਾਕੇ ਪਹਿਲਾਂ ਸੰਤ ਜਰਨੈਲ ਸਿੰਘ ਵੱਲੋਂ ਦਿੱਲੀ ਤਖ਼ਤ ਨੂੰ ਵੰਗਾਰਿਆ ਗਿਆ। ਆਪਣੇ ਆਪ ਨੂੰ ਦੇਵਤਾ ਅਤੇ ਬਾਕੀਆਂ ਨੂੰ ਕੀੜੇ ਮਕੌੜੇ ਸਮਝਣ ਵਾਲੀ ਇਸ ਬਿਰਤੀ ਨੂੰ ਜਦੋਂ ਵੰਗਾਰ ਪਈ ਅਤੇ ਇਸਦਾ ਹੰਕਾਰ ਟੁੱਟਿਆ ਤਾਂ ਇਸਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਵਿਉਂਤ ਬਣਾਈ ਅਤੇ ਉਸ ਨੂੰ ਅਮਲ 'ਚ ਲਿਆਂਦਾ ਗਿਆ। ਫਿਰ ਜਦੋਂ ਇੰਦਰਾਂ ਗਾਂਧੀ ਨੂੰ ਇਸ ਪਾਪ ਲਈ ਸੋਧਾ ਲਾਇਆ ਗਿਆ ਤਾਂ ਇਕ ਵਾਰ ਫਿਰ ਇਸਦਾ ਹੰਕਾਰ ਟੁੱਟਿਆ, ਕ੍ਰੋਧ ਆਇਆ ਅਤੇ ਵੱਡੇ ਰੂਪ 'ਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਫਿਰ ਜਦੋਂ ਖਾੜਕੂ ਸਿੰਘਾਂ ਨੇ ਆਪਣੇ ਜੌਹਰ ਵਿਖਾ ਕੇ ਇਸਦਾ ਹੰਕਾਰ ਤੋੜਿਆ ਤਾਂ ਵੱਡੀ ਗਿਣਤੀ ਵਿੱਚ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਗਏ ਅਤੇ ਉਸ ਤੋਂ ਬਾਅਦ ਲਗਾਤਾਰ ਇਕ ਗਿਣੀ-ਮਿਥੀ ਸਾਜਿਸ਼ ਤਹਿਤ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਉੱਤੇ ਲਾਇਆ ਗਿਆ ਅਤੇ ਲੱਚਰ ਸੰਗੀਤ ਵੱਲ ਧੱਕਿਆ ਗਿਆ।

**ਇਸ ਵਾਰ ਹੰਕਾਰ ਕਿਵੇਂ ਟੁੱਟਿਆ:**

ਦਿੱਲੀ ਨੂੰ ਕੂਚ ਕਰ ਰਹੇ ਕਿਸਾਨਾਂ ਨੂੰ ਰੋਕਣ ਲਈ ਥਾਂ-ਥਾਂ ਵੱਡੀਆਂ-ਵੱਡੀਆਂ ਰੋਕਾਂ ਲਾਈਆਂ ਗਈਆਂ ਪਰ ਜਿਸ ਜਵਾਨੀ ਨੂੰ ਪਿਛਲੇ ਕਈ ਸਾਲਾਂ ਤੋਂ ਨਸ਼ੇ ਅਤੇ ਲੱਚਰ ਸੰਗੀਤ ਵੱਲ ਧੱਕਿਆ ਜਾ ਰਿਹਾ ਸੀ ਉਸਨੇ ਸਮੇਤ ਕਈ ਗਾਉਣ ਵਾਲਿਆਂ ਦੇ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ ਇਹ ਰੋਕਾਂ ਰੂਈਂ ਦੇ ਫੰਭਿਆਂ ਵਾਂਙ ਉਡਾ ਦਿੱਤੀਆਂ। ਉਸ ਦਿਨ ਤੋਂ ਅੱਜ ਤੱਕ ਦਿੱਲੀ ਬੈਠੇ ਕਿਸਾਨ ਲਗਾਤਾਰ ਦਿੱਲੀ ਤਖ਼ਤ ਨੂੰ ਲਲਕਾਰ ਰਹੇ ਨੇ, ਮੋਰਚੇ ਵਾਲੀ ਥਾਂ ਤੋਂ ਲਾਲ ਕਿਲ੍ਹੇ ਦੀ ਦੂਰੀ ਦੀਆਂ ਗੱਲਾਂ ਕਰ ਰਹੇ ਨੇ ਅਤੇ ਆਪਣੇ ਬਾਬਿਆਂ ਦਾ ਇਤਿਹਾਸ ਚੇਤੇ ਕਰਵਾ ਰਹੇ ਨੇ। ਇਸ ਸੰਘਰਸ਼ ਦੌਰਾਨ ਸੰਗੀਤ ਨੇ ਵੀ ਇਕ ਨਵਾਂ ਮੋੜ ਲੈ ਲਿਆ ਹੈ। ਲੋਕਾਂ ਨੇ ਸਿਆਸੀ ਆਗੂਆਂ ਨੂੰ ਤਕਰੀਬਨ ਨਕਾਰ ਦਿੱਤਾ ਹੈ ਅਤੇ ਉਹਨਾਂ 'ਤੇ ਕੋਈ ਟੇਕ ਰੱਖੇ ਬਿਨ੍ਹਾਂ ਇਹ ਸੰਘਰਸ਼ ਲੜ੍ਹ ਰਹੇ ਨੇ। ਸਰਕਾਰਾਂ ਦੀ ਜੋ ਆਮ ਪਹੁੰਚ ਹੁੰਦੀ ਹੈ ਕਿ ਸੰਘਰਸ਼ ਦੇ ਆਗੂਆਂ ਨੂੰ ਖਰੀਦ ਲਿਆ ਜਾਵੇ, ਜੇਲ੍ਹ ਭੇਜ ਦਿੱਤਾ ਜਾਵੇ ਜਾ ਖਤਮ ਕਰ ਦਿੱਤਾ ਜਾਵੇ, ਉਹ ਵੀ ਇਸ ਵਾਰ ਨਕਾਰਾ ਸਿੱਧ ਹੋ ਰਹੀ ਹੈ ਕਿਉਂਕਿ ਹੁਣ ਤੱਕ ਸੰਘਰਸ਼ ਲੋਕਾਂ ਵੱਲੋਂ ਲੜ੍ਹਿਆ ਜਾ ਰਿਹਾ ਹੈ, ਆਗੂ ਲੋਕਾਂ ਮੁਤਾਬਿਕ ਫੈਸਲੇ ਲੈਣ ਲਈ ਮਜ਼ਬੂਰ ਹਨ, ਲੋਕਾਂ ਦਾ ਦਬਾਅ ਦਿਨ ਪਰ ਦਿਨ ਵੱਧ ਰਿਹਾ ਹੈ। ਆਗੂ ਤਾਂ ਸਿਰਫ ਲੋਕਾਂ ਦੀ ਗੱਲ ਸਰਕਾਰ ਤੱਕ ਲੈ ਕੇ ਜਾ ਰਹੇ ਨੇ, ਇਕ ਤਰੀਕੇ ਅਗਵਾਈ ਲੋਕ ਆਪ ਹੀ ਕਰ ਰਹੇ ਨੇ। ਸੰਘਰਸ਼ ਪੱਖੀ ਬਿਰਤਾਂਤ ਸਿਰਜਣ ਵਿੱਚ ਵੀ ਕਾਮਯਾਬੀ ਮਿਲੀ ਹੈ ਅਤੇ ਸਰਕਾਰੀ ਬਿਰਤਾਂਤ ਸਿਰਜਣ ਦੀਆਂ ਸਾਰੀਆਂ ਚਾਲਾਂ ਚਕਨਾ-ਚੂਰ ਹੋ ਗਈਆਂ। ਸਰਕਾਰ ਵੱਲੋਂ ਛੱਡੇ ਜਾ ਰਹੇ ਗਲਤ ਅਨਸਰਾਂ ਵੀ ਨੂੰ ਲਗਾਤਾਰ ਕਾਬੂ ਕੀਤਾ ਜਾ ਰਿਹਾ ਹੈ। ਕਿਸਾਨਾਂ ਵੱਲੋਂ ਵਿਗਿਆਨ ਭਵਨ ਵਿੱਚ ਮੇਜਾਂ ਤੇ ਲੱਗੀ ਸਰਕਾਰੀ ਰੋਟੀ ਦੀ ਥਾਂ ਭੂੰਜੇ ਬੈਠ ਲੰਗਰ ਵਿਚੋਂ ਲਿਆਂਦੇ ਪ੍ਰਸ਼ਾਦੇ ਛਕੇ ਗਏ। ਅੱਧੀ ਦਰਜਨ ਬੈਠਕਾਂ ਬਾਅਦ ਵੀ ਸਰਕਾਰ ਆਪਣੀ ਗੱਲ ਮਨਾ ਨਹੀਂ ਸਕੀ। ਇਹ ਸਾਰੇ ਵਰਤਾਰੇ ਨੇ ਦਿੱਲੀ ਤਖ਼ਤ ਦਾ ਇਕ ਵਾਰ ਫਿਰ ਹੰਕਾਰ ਤੋੜਿਆ ਹੈ ਅਤੇ ਆਪਣੇ ਸੁਭਾਅ ਮੁਤਾਬਿਕ ਉਹ ਸ਼ਾਇਦ ਇਸ ਵਾਰ ਵੀ ਚੁੱਪ ਨਾ ਬੈਠੇ। ਉਸ ਤੋਂ ਜੋ ਵੀ ਸੰਭਵ ਹੋਇਆ ਉਹਨੇ ਕਰਨਾ ਹੈ, ਫਿਰ ਚਾਹੇ ਕੋਈ ਖ਼ੂਨ ਖਰਾਬਾ ਕਰਨਾ ਪਵੇ, ਚਾਹੇ ਕੋਈ ਮਿੱਠੀ ਜਹਿਰ ਦਾ ਅਮਲ ਵਿਉਂਤਿਆ ਜਾਵੇ ਪਰ ਇਹ ਵੀ ਜਰੂਰੀ ਨਹੀਂ ਕਿ ਉਹ ਇਸ ਤਰ੍ਹਾਂ ਦਾ ਕੋਈ ਅਮਲ ਹੁਣੇ ਕਰੇ। ਫਿਲਹਾਲ ਚਾਹੇ ਉਹ ਕਿਸੇ ਤਰ੍ਹਾਂ ਦੀ ਕੋਈ ਸਹਿਮਤੀ ਬਣਾਉਣ 'ਚ ਸਫਲ ਵੀ ਹੋ ਜਾਵੇ ਤਾਂ ਵੀ ਹੰਕਾਰ ਟੁੱਟੇ ਦਾ ਕ੍ਰੋਧ ਉਹ ਨਹੀਂ ਛੱਡ ਸਕੇਗਾ ਕਿਉਂਕਿ ਇਹ ਉਸ ਦੇ ਸੁਭਾਅ ਦਾ ਅਟੁੱਟ ਹਿੱਸਾ ਹੈ।

**ਭਵਿੱਖ ਦੀ ਪਹਿਲ ਕਦਮੀ :**

ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਬਹੁਤ ਦੇਰ ਬਾਅਦ ਸੋਚਦੇ ਹਨ ਪਰ ਇਹ ਕੋਈ ਸਦੀਵੀ ਸੱਚ ਨਹੀਂ ਹੈ ਜੋ ਬਦਲਿਆ ਨਹੀਂ ਜਾ ਸਕਦਾ। ਇਸ ਸੰਘਰਸ਼ ਵਿੱਚ ਪੰਜਾਬ ਦੇ ਲੋਕ ਚੀਜ਼ਾਂ ਨੂੰ ਸਮਝਣ ਵਿੱਚ ਜਿੱਥੇ ਤੱਕ ਚਲੇ ਗਏ ਹਨ, ਜੋ ਗੱਲਾਂ ਕਾਫੀ ਹੱਦ ਤੱਕ ਸਪਸ਼ਟ ਕਰ ਲਈਆਂ ਹਨ ਹੁਣ ਜਰੂਰੀ ਹੈ ਉਹ ਸਪਸ਼ਟਤਾ ਨੂੰ ਹੋਰ ਨਿਖਾਰਦੇ ਜਾਣਾ। ਭਵਿੱਖ ਵਿੱਚ ਹਰ ਤਰ੍ਹਾਂ ਦੀ ਸੰਭਾਵਨਾ ਲਈ ਸੁਚੇਤ ਰਹਿਣਾ। ਆਪਣੇ ਹੱਕਾਂ ਲਈ ਇਸੇ ਤਰ੍ਹਾਂ ਸੰਘਰਸ਼ ਕਰਦੇ ਰਹਿਣਾ। ਨੌਜਵਾਨਾਂ ਅਤੇ ਗਾਉਣ ਵਾਲਿਆਂ ਨੂੰ ਇਹ ਗੱਲ ਦੀ ਪ੍ਰਤੱਖ ਉਦਾਹਰਣ ਮਿਲ ਗਈ ਹੈ ਕਿ ਸੋਚਣ ਅਤੇ ਅਮਲ ਦੇ ਪੱਧਰ ਉੱਤੇ ਸੰਗੀਤ ਕਿੰਨਾ ਅਸਰ ਕਰਦਾ ਹੈ, ਸੋ ਓਹਨਾ ਲਈ ਇਹ ਅਗਲੀ ਜਿੰਮੇਵਾਰੀ ਬਣੇਗੀ ਕਿ ਕਿਸ ਤਰ੍ਹਾਂ ਦੇ ਗੀਤ ਸੁਣਨੇ ਅਤੇ ਗਾਉਣੇ ਹਨ। ਇਕ ਗੱਲ ਜਿਹੜੀ ਬੜੇ ਵੱਡੇ ਰੂਪ ਵਿੱਚ ਨਿੱਖਰ ਕੇ ਸਾਹਮਣੇ ਆਈ ਹੈ ਕਿ ਕਿਵੇਂ ਸੰਗਤੀ ਫੈਸਲੇ ਆਗੂਆਂ ਨੂੰ ਸੰਘਰਸ਼ ਕਰਨ ਲਈ ਮਜ਼ਬੂਰ ਕਰਦੇ ਹਨ, ਸੋ ਭਵਿੱਖ ਦੇ ਸੰਘਰਸ਼ਾਂ ਵਿੱਚ ਇਹ ਅਮਲ ਬਣਿਆ ਰਹੇ ਇਸ ਲਈ ਇਸ ਤਰ੍ਹਾਂ ਦੇ ਸਮਾਜਿਕ ਢਾਂਚੇ ਉਸਾਰੇ ਜਾ ਸਕਦੇ ਹਨ ਜਿਹੜੇ ਆਪਣੇ ਪਿੰਡ ਪੱਧਰ ਤੋਂ ਲੈ ਕੇ ਹਰ ਤਰ੍ਹਾਂ ਦੇ ਮਸਲਿਆਂ ਵਿੱਚ ਸਾਂਝੀ ਰਾਏ ਬਣਾ ਕੇ ਫੈਸਲੇ ਲੈਣ ਅਤੇ ਆਗੂਆਂ ਨੂੰ ਉਹਨਾਂ ਫੈਸਲਿਆਂ ਲਈ ਸੰਘਰਸ਼ ਕਰਨ ਲਈ ਅੱਗੇ ਲਾ ਕੇ ਰੱਖਣ।

ਦਿੱਲੀ ਤਖ਼ਤ ਨੇ ਆਪਣਾ ਕੰਮ ਕਰਨਾ ਹੈ, ਕਰਦਾ ਰਹੇ ਅਸੀਂ ਆਪਣਾ ਕਰੀਏ, ਕਰਦੇ ਰਹੀਏ।

ਗੁਰੂ ਭਲੀ ਕਰੇ।

# ਨਵੇਂ ਖੇਤੀ ਕਾਨੂੰਨ ਬਾਰੇ ਕਿਸਾਨ ਅੰਦੋਲਨ

**- ਬ੍ਰਹਮਜਗਦੀਸ਼ ਸਿੰਘ**

ਕਿਸਾਨੀ ਅਤੇ ਪੂੰਜੀਵਾਦੀ-ਵਿਵਸਥਾ ਵਿਚਾਲੇ ਫ਼ੈਸਲਾਕੁਨ ਜੰਗ ਦਾ ਬਿਗਲ ਵੱਜ ਚੁੱਕਾ ਹੈ। ਕਿਸਾਨ ਤਾਂ ਲੰਗਰ-ਲੰਗੋਟੇ ਕੱਸ ਕੇ ਅਖਾੜੇ ਵਿਚ ਉੱਤਰ ਆਏ ਹਨ ਪਰ ਪੂੰਜੀਵਾਦੀ ਵਿਵਸਥਾ ਨੇ ਸਰਕਾਰਾਂ ਤੇ ਸਿਆਸੀ ਪਾਰਟੀਆਂ ਦੀਆਂ ਕਈ ਟੀਮਾਂ ਬਣਾ ਕੇ ਉਨਾਂ ਨੂੰ ਅੱਗੇ ਕਰ ਦਿੱਤਾ ਹੈ ਅਤੇ ਖ਼ੁਦ ਖ਼ਾਮੋਸ਼ੀ ਧਾਰਨ ਕਰ ਲਈ ਹੈ। ਪੰਜਾਬ ਦੇ ਕਿਸਾਨਾਂ ਨੇ ਹੁਣ ਦਿੱਲੀ ਵੱਲ ਵਹੀਰਾਂ ਘੱਤ ਲਈਆਂ ਹਨ। ਉਨਾਂ ਨੇ ਸ਼ੰਭੂ ਬੈਰੀਅਰ ਅਤੇ ਹਰਿਆਣਾ ਨਾਲ ਲੱਗਦੀਆਂ ਹੋਰ ਹੱਦਾਂ 'ਤੇ ਲਗਾਈਆਂ ਰੋਕਾਂ ਨੂੰ ਮਿੱਧ ਕੇ ਦਿੱਲੀ ਪੁੱਜਣ ਦੀ ਕੋਸ਼ਿਸ਼ ਕੀਤੀ ਹੈ। ਕਈ ਥਾਵਾਂ 'ਤੇ ਜਲ ਤੋਪਾਂ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਨੇ ਉਨਾਂ ਦਾ ਸਵਾਗਤ ਕੀਤਾ ਹੈ। ਪਿਛਲੇ ਕਈ ਦਹਾਕਿਆਂ ਤੋਂ ਕਿਸਾਨੀ ਇਕ ਘਾਟੇ ਵਾਲਾ ਸੌਦਾ ਬਣਿਆ ਹੋਇਆ ਹੈ। ਅੰਗਰੇਜ਼ ਬਸਤੀਵਾਦੀ ਹਕੂਮਤ ਨੇ ਕਿਸਾਨਾਂ ਦਾ ਏਨਾ ਸ਼ੋਸ਼ਣ ਕੀਤਾ ਸੀ ਕਿ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਅਨੇਕ ਕਿਸਾਨ ਆਪਣੀਆਂ ਜ਼ਮੀਨਾਂ ਨੂੰ ਤਿਆਗ ਕੇ ਚੀਨ, ਮਲਾਇਆ ਤੇ ਸਿੰਗਾਪੁਰ ਵਰਗੇ ਮੁਲਕਾਂ ਵਿਚ ਮਜ਼ਦੂਰੀ ਕਰਨ ਲਈ ਪਰਵਾਸ ਕਰ ਗਏ ਸਨ। ਫਿਰ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਰਾਹ ਖੁੱਲ ਗਏ ਅਤੇ ਪੰਜਾਬੀ ਕਿਸਾਨ ਇਨਾਂ ਦੇਸ਼ਾਂ ਵਿਚ ਵੀ ਪਰਵਾਸ ਕਰ ਗਏ। ਇੱਧਰ ਰਹਿਣ ਵਾਲੇ ਬਹੁਤੇ ਕਿਸਾਨ ਸੋਚਦੇ ਸਨ ਕਿ ਸ਼ਾਇਦ ਆਜ਼ਾਦੀ ਤੋਂ ਬਾਅਦ ਉਨਾਂ ਦੇ ਦਿਨ ਫਿਰ ਜਾਣਗੇ ਪਰ ਇਉਂ ਨਾ ਹੋਇਆ। ਸਿੱਟੇ ਵਜੋਂ 1960-70 ਦੇ ਆਸ-ਪਾਸ ਪੰਜਾਬੀ ਕਿਸਾਨਾਂ ਵਿਚ ਪਰਵਾਸ ਦੀ ਏਨੀ ਖਿੱਚ ਵਧੀ ਕਿ ਪਰਵਾਸ ਦਾ ਇਕ ਬਾਕਾਇਦਾ ਸਿਲਸਿਲਾ ਹੀ ਸ਼ੁਰੂ ਹੋ ਗਿਆ। ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ 'ਤੇ ਇਸ ਤਰਾਂ ਸ਼ਿਕੰਜਾ ਕੱਸ ਲਿਆ ਹੈ ਕਿ ਨਵੇਂ-ਨਵੇਂ ਆਜ਼ਾਦ ਹੋਏ ਇਨਾਂ ਮੁਲਕਾਂ ਵਿਚ ਰੁਜ਼ਗਾਰ ਦੇ ਸੋਮੇ ਹੀ ਖ਼ਤਮ ਕਰ ਦਿੱਤੇ ਗਏ ਹਨ। ਇਨਾਂ ਮੁਲਕਾਂ ਨੂੰ ਵਰਲਡ ਬੈਂਕ ਅਤੇ ਹੋਰ ਅਦਾਰਿਆਂ ਤੋਂ ਏਨਾ ਕਰਜ਼ਾ ਚੁਕਵਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਬਜਟ ਨਾਲ ਸਿਰਫ਼ ਕਰਜ਼ੇ ਦੀਆਂ ਕਿਸ਼ਤਾਂ ਹੀ ਅਦਾ ਕਰ ਪਾਉਂਦੇ ਹਨ। ਸੂਬਾਈ ਸਰਕਾਰਾਂ ਕੇਂਦਰ ਤੋਂ ਕਰਜ਼ਾ ਲਈ ਜਾਂਦੀਆਂ ਹਨ। ਇਉਂ ਸਮੁੱਚਾ ਦੇਸ਼ ਹੱਥਲ਼ ਹੋ ਕੇ ਰਹਿ ਜਾਂਦਾ ਹੈ। ਸਰਕਾਰ ਪਾਸ ਨੌਕਰੀਆਂ ਲਈ ਬਜਟ ਨਹੀਂ ਰਹਿ ਜਾਂਦਾ। ਅਰਥ-ਵਿਵਸਥਾ ਜਾਮ ਹੋ ਕੇ ਰਹਿ ਜਾਂਦੀ ਹੈ। ਕਿਸਾਨੀ ਵਰਗ ਅਜੇ ਤਕ ਆਧੁਨਿਕ ਕਦਰਾਂ-ਕੀਮਤਾਂ ਨਾਲ ਇਕਸੁਰ ਨਹੀਂ ਹੋ ਸਕਿਆ ਹੈ।

ਇਹ ਨਵੀਨ ਤਾਂ ਹੋ ਗਿਆ ਹੈ, ਨਵੀਆਂ-ਨਵੀਆਂ ਚੀਜ਼ਾਂ ਦਾ ਉਪਯੋਗ/ਉਪਭੋਗ ਕਰਨ ਲੱਗ ਪਿਆ ਹੈ। ਕੋਠੀਆਂ ਵਰਗੇ ਘਰ ਉਸਾਰ ਲਏ ਹਨ, ਮੋਟਰਸਾਈਕਲ ਤੇ ਕਾਰਾਂ-ਜੀਪਾਂ ਆ ਗਈਆਂ ਹਨ। ਬੱਚੇ-ਬੱਚੀਆਂ ਦੇ ਹੱਥਾਂ ਵਿਚ ਮਹਿੰਗੇ ਮੋਬਾਈਲ ਫ਼ੋਨ ਹਨ, ਬਰਾਂਡਿਡ ਵਸਤਰਾਂ ਬਾਰੇ ਵੀ ਇਲਮ ਹੋ ਗਿਆ ਹੈ ਪਰ ਪੁਰਾਣੇ ਦਿਮਾਗ਼ੀ ਹਠ, ਜ਼ਿੱਦਾਂ ਅਤੇ ਹੈਂਕੜ ਅਜੇ ਤਕ ਓਵੇਂ ਹੀ ਬਰਕਰਾਰ ਹਨ। ਬਲਕਿ ਫਿਊਡਲ ਸੋਚਾਂ ਹੋਰ ਵੀ ਵੱਧ ਗਈਆਂ ਹਨ। ਆਪ ਕੋਈ ਕੰਮ ਨਹੀਂ ਕਰਨਾ। ਸਾਰਾ ਕੰਮ ਮਜ਼ਦੂਰਾਂ ਤੋਂ ਡਾਂਟ-ਡਪਟ ਕੇ ਕਰਵਾਈ ਜਾਣਾ ਹੈ। ਆਤਮ-ਚਿੰਤਨ ਨਹੀਂ ਕਰਨਾ। ਰਹਿੰਦੀ-ਸਹਿੰਦੀ ਕਸਰ ਅਖੌਤੀ ਬਾਬਿਆਂ ਨੇ ਪੂਰੀ ਕਰ ਦਿੱਤੀ ਹੈ। 'ਸਿਆਣੇ' ਅਤੇ 'ਜੋਤਸ਼ੀ' ਵੀ ਇਸ ਸਥਿਤੀ ਦਾ ਫ਼ਾਇਦਾ ਚੁੱਕਣ ਲਈ ਅੱਗੇ ਆ ਗਏ ਹਨ। ਸੋ, ਹੁਣ ਸਾਰਾ ਕੰਮ ਰੱਬ ਅਤੇ ਹੋਣੀ 'ਤੇ ਸੁੱਟ ਕੇ ਕਿਸਾਨ ਵਿਹਲੇ ਹੋ ਗਏ ਹਨ। ਵਿਹਲੇ ਰਿਹਾਂ 'ਥਰਿੱਲ' ਜਾਂ 'ਕਿੱਕ' ਨਹੀਂ ਮਿਲਦੀ। ਇਹ ਤਾਂ ਕੰਮ ਜਾਂ ਮਿਹਨਤ ਵਿਚੋਂ ਹੀ ਮਿਲਣੀ ਸੀ। 'ਥਰਿੱਲ' ਦੀ ਪ੍ਰਾਪਤੀ ਲਈ 'ਅਲਕੋਹਲ', 'ਚਿੱਟੇ' ਅਤੇ 'ਹਥਿਆਰਾਂ' ਦੀ ਵਰਤੋਂ ਕੀਤੀ ਜਾਂਦੀ ਹੈ। ਕਿਸਾਨੀ ਨੂੰ ਨਾਂਹ-ਪੱਖੀ ਸੋਚਾਂ ਨੇ ਗੁੰਝਲ ਪਾ ਲਈ ਹੈ। ਇਸ ਅਜਗਰ ਤੋਂ ਕਿਵੇਂ ਖਹਿੜਾ ਛੁੱਟੇ ? ਮਰਨ ਨਾਲ ਵੀ ਮਸਲੇ ਖ਼ਤਮ ਨਹੀਂ ਹੁੰਦੇ, ਬਲਕਿ ਵਧੇਰੇ ਭਿਆਨਕ ਹੋ ਜਾਂਦੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਮਗਰੋਂ ਕਰਤਾਰਪੁਰ ਸਾਹਿਬ ਵਿਚ ਪਰਤ ਕੇ ਹੱਲ ਦੀ ਹੱਥੀ ਫੜ ਕੇ ਖ਼ੁਦ ਰਾਹਲਾਂ 'ਤੇ ਸਿਆੜ ਪਾ ਕੇ ਹੱਥੀ ਕਾਰ ਦਾ ਮਹਾਤਮ ਉਜਾਗਰ ਕੀਤਾ ਸੀ। ਦਸਾਂ ਨਹੁੰਆਂ ਦੀ ਨੇਕ ਕਿਰਤ-ਕਮਾਈ ਦੇ ਫ਼ਲਸਫ਼ੇ ਨੇ ਜਗਤ ਨੂੰ ਨਵੀਂ ਰੌਸ਼ਨੀ ਦਿਖਾਈ ਸੀ। ਉਨਾਂ ਦੇ 550 ਵੇਂ ਪ੍ਰਕਾਸ਼ ਪੁਰਬ ਦੇ ਵਰੇ 'ਹੱਥੀਂ ਕਾਰ' ਦਾ ਪ੍ਰਚਾਰ ਘਰ-ਘਰ ਪੁੱਜਣਾ ਚਾਹੀਦਾ ਸੀ ਤਾਂ ਜੋ ਨਵੀਂ ਪੀੜੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਸਕਦੀ। ਵੈਸੇ ਤਾਂ ਪੂਰੇ ਭਾਰਤੀ ਲੋਕ ਹੀ ਯਥਾ-ਸਥਿਤੀਵਾਦ ਦਾ ਸ਼ਿਕਾਰ ਹਨ ਪਰ ਕਿਸਾਨੀ ਉੱਪਰ ਇਸ ਮਾਨਸਿਕਤਾ ਦਾ ਕੁਝ ਵਧੇਰੇ ਹੀ ਅਸਰ ਹੈ। ਇਹ ਚਾਹੁੰਦੇ ਹਨ ਕਿ ਜਿੱਥੇ ਅਤੇ ਜਿਵੇਂ ਬੈਠੇ ਹਨ ਜਾਂ ਜਿਵੇਂ ਚੱਲ ਰਿਹਾ ਹੈ, ਓਵੇਂ ਚੱਲੀ ਜਾਵੇ ਪਰ ਓਵੇਂ ਨਾ ਕਦੀ ਚੱਲਿਆ ਹੈ, ਨਾ ਚੱਲਣਾ ਹੈ। ਪਰਿਵਰਤਨ ਸ੍ਰਿਸ਼ਟੀ/ਪ੍ਰਕਿਰਤੀ ਦਾ ਨੇਮ ਹੈ ਪਰ ਪਰਿਵਰਤਨ ਨਾਲ ਨਜਿੱਠਣਾ ਇਨਾਂ ਨੇ ਸਿੱਖਿਆ ਨਹੀਂ, ਨਾ ਕਿਸੇ ਨੇ ਸਿਖਾਇਆ ਹੈ। ਵਿਵਸਥਾ ਵੀ ਇਹੀ ਚਾਹੁੰਦੀ ਹੈ ਕਿ ਯਥਾ-ਸਥਿਤੀਵਾਦ ਬਣਿਆ ਰਹੇ। ਇਸ ਸੂਰਤ ਵਿਚ ਕਿਸਾਨ ਅਤੇ ਰਾਜਨੀਤਕ ਵਿਵਸਥਾ ਦੋਵੇਂ ਇੱਕੋ ਤਰਾਂ ਸੋਚਦੀਆਂ ਹਨ। ਸਿੱਟੇ ਵਜੋਂ ਦੋਵੇਂ ਬਰਬਾਦ ਹੋ ਰਹੀਆਂ ਹਨ। ਜੇ ਕਿਸਾਨੀ ਭੁੱਖਮਰੀ ਦੇ ਕੰਢੇ ਪੁੱਜ ਗਈ ਹੈ ਤਾਂ ਆਰਥਿਕ ਵਿਕਾਸ ਦੀ ਦਰ ਵੀ 23% ਤੱਕ ਗਰਕ ਗਈ ਹੈ। ਖੇਤੀਬਾੜੀ ਸੰਕਟ ਤੋਂ ਮੁਕਤੀ ਹਾਸਲ ਕਰਨ ਲਈ ਪੰਜਾਬ ਵਿਚ ਅਰਥ ਸ਼ਾਸਤਰੀਆਂ ਦੀ ਘਾਟ ਨਹੀਂ। ਇੱਥੇ ਵੈਸ਼ਵਿਕ ਪੱਧਰ 'ਤੇ ਖੇਤੀਬਾੜੀ ਵਿਗਿਆਨੀ ਅਤੇ ਅਰਥ ਸ਼ਾਸਤਰੀ ਰਹੇ ਹਨ। ਅਜੇ ਵੀ ਡਾਕਟਰ ਸਰਦਾਰਾ ਸਿੰਘ ਜੌਹਲ, ਡਾਕਟਰ ਸੁੱਚਾ ਸਿੰਘ ਅਤੇ ਹੋਰ ਬਹੁਤ ਸਾਰੇ ਅਰਥ ਸ਼ਾਸਤਰੀ ਮੌਜੂਦ ਹਨ ਪਰ ਕਿਸਾਨ ਇਨਾਂ ਦੀ ਗੱਲ ਨਾ ਸੁਣਦੇ ਹਨ, ਨਾ ਮੰਨਦੇ ਹਨ।

ਇਹ ਲੋਕ ਪਰਿਵਰਤਨ ਦੇ ਸੁਝਾਅ ਦਿੰਦੇ ਹਨ ਪਰ ਪਰਿਵਰਤਨ ਨਾ ਤਾਂ ਵਿਵਸਥਾ ਨੂੰ ਚਾਹੀਦਾ ਹੈ, ਨਾ ਕਿਸਾਨਾਂ ਨੂੰ। ਕਿਸਾਨੀ ਵਿਚ ਖੇਤੀਬਾੜੀ ਬਿੱਲਾਂ ਨੂੰ ਲੈ ਕੇ ਜਾਗ੍ਰਿਤ ਹੋਇਆ ਰੋਸ ਅਤੇ ਆਕ੍ਰੋਸ਼ ਕਿਸੇ ਪਰਿਵਰਤਨ ਦੀ ਆਵਾਜ਼ ਨਹੀਂ ਉਠਾਉਂਦਾ ਬਲਕਿ ਯਥਾ-ਸਥਿਤੀ ਬਣਾਈ ਰੱਖਣ ਲਈ ਆਵਾਜ਼ ਬੁਲੰਦ ਕਰਦਾ ਹੈ। ਇਹ ਇਕ ਵਿਡੰਬਨਾ ਹੈ ਕਿ ਤੁਹਾਡੇ ਕ੍ਰਾਂਤੀਕਾਰੀ ਸੁਰ ਯਥਾ-ਸਥਿਤੀਵਾਦ ਨੂੰ ਬਣਾਈ ਰੱਖਣ ਲਈ ਉੱਠ ਰਹੇ ਹੋਣ, ਵਿਵਸਥਾ ਨੂੰ ਇਸ ਮੰਗ 'ਤੇ ਕੋਈ ਇਤਰਾਜ਼ ਨਹੀਂ ਹੈ। ਉਹ ਇਹ ਮੰਨ ਵੀ ਲਵੇਗੀ ਪਰ ਬਹੁਤ ਸਮਾਂ ਲਮਕਾਈ/ਲਟਕਾਈ ਜਾਵੇਗੀ। ਓਨੀ ਦੇਰ ਤਕ ਕਿਸਾਨੀ ਸੰਕਟ ਹੋਰ ਡੂੰਘਾ ਹੁੰਦਾ ਜਾਵੇਗਾ ਅਤੇ ਆਖ਼ਰ ਦੋ-ਤਿੰਨ ਕਿੱਲਿਆਂ ਦੀ ਮਾਲਕੀ ਵਾਲੀ ਰਵਾਇਤੀ ਕਿਸਾਨੀ ਦਾ ਭੋਗ ਪੈ ਜਾਵੇਗਾ। ਕਿਸਾਨ ਯੂਨੀਅਨਾਂ ਨੂੰ ਭਵਿੱਖ-ਦਰਸ਼ੀ ਹੋਣ ਦੀ ਜ਼ਰੂਰਤ ਹੈ। ਅਸੀਂ ਸਭ ਨੇ ਵਾਤਾਵਰਨ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਪੰਜ ਦਰਿਆਵਾਂ ਵਾਲੇ ਸੂਬੇ ਵਿਚ ਪਾਣੀ ਦੀ ਕਮੀ ਹੈ। ਧਰਤ ਹੇਠਲੇ ਪਾਣੀ ਦਾ ਪੱਧਰ ਨਿਰੰਤਰ ਡਿਗਦਾ ਜਾ ਰਿਹਾ। ਧਰਤੀ ਦੇ ਉਪਜਾਊਪਣ ਨੂੰ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੇ ਖ਼ਤਮ ਕਰ ਦਿੱਤਾ ਹੈ। ਦੋ-ਤਿੰਨ ਦਹਾਕੇ ਪਹਿਲਾਂ ਲਗਪਗ ਹਰ ਘਰ, ਦੁੱਧ-ਘਿਓ-ਲੱਸੀ, ਮੱਖਣ ਦੀਆਂ ਲੋੜਾਂ ਅਤੇ ਸਾਗ-ਸਬਜ਼ੀ ਘਰ 'ਚੋਂ ਹੀ ਪੂਰੀਆਂ ਕਰ ਲੈਂਦਾ ਸੀ। ਹੁਣ ਹਰ ਕੋਈ ਮੁੱਲ ਲੈਂਦਾ ਹੈ। ਪਹਿਲਾਂ ਛੋਟੇ-ਮੋਟੇ ਦੁੱਧ ਵੇਚਣ ਵਾਲੇ ਲੋਕ ਇਸ ਬਿਜਨਸ ਨੂੰ ਸੰਭਾਲਦੇ ਸਨ। ਹੁਣ ਵੱਡੇ-ਵੱਡੇ ਮਿਲਕ ਪਲਾਂਟ ਤੇ ਨਿੱਜੀ ਅਦਾਰੇ ਖੜੇ ਹੋ ਗਏ ਹਨ। ਇਹ ਸਾਰੇ ਵਪਾਰਕ ਕੇਂਦਰ ਪੂਰੀ ਦੁਨੀਆ ਦੇ ਮੁੱਖ ਉਦਯੋਗਾਂ ਤੇ ਕਾਰਪੋਰੇਟਾਂ ਨਾਲ ਇਕ ਅਦ੍ਰਿਸ਼ 'ਤਾਰ' ਰਾਹੀਂ ਜੁੜੇ ਹੋਏ ਹਨ। ਇਨਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਸਾਥੋਂ ਹੋਣਾ ਹੈ।

ਹੁਣ ਤਾਂ ਆਤਮ-ਅਨੁਸ਼ਾਸਨ ਰਾਹੀਂ ਖ਼ੁਦ ਹੀ ਸਥਾਨਕ ਹਾਲਾਤ ਅਨੁਸਾਰ ਨਵੇਂ ਪੈਂਤੜੇ ਅਪਣਾਉਣੇ ਪੈਣਗੇ। ਬੇਸ਼ੱਕ ਇਸ ਸੱਚ ਵਿਚ ਰੱਤੀ ਭਰ ਵੀ ਸੰਦੇਹ ਨਹੀਂ ਹੈ ਕਿ ਕਿਸਾਨ ਵਿਰੋਧੀ ਕਾਨੂੰਨ ਪੂੰਜੀਪਤੀਆਂ ਦੇ ਨਾਪਾਕ ਇਰਾਦਿਆਂ ਦਾ ਪ੍ਰਗਟਾਵਾ ਕਰਦੇ ਹਨ ਤੇ ਪੂੰਜੀਵਾਦ ਨੂੰ ਠੱਲ ਪਾਉਣਾ ਪੂਰੇ ਵਿਸ਼ਵ ਦੇ ਕਾਮਿਆਂ, ਮਜ਼ਦੂਰਾਂ ਅਤੇ ਮਿਹਨਤਕਸ਼ਾਂ ਲਈ ਜ਼ਰੂਰੀ ਹੈ ਪਰ ਇਸ ਮੰਤਵ ਲਈ ਸਾਨੂੰ ਆਪਣੇ ਅੰਦੋਲਨ ਪੂਰੇ ਵਿਸ਼ਵ ਦੇ ਕਾਮਿਆਂ-ਮਜ਼ਦੂਰਾਂ ਨਾਲ ਜੋੜਨੇ ਪੈਣਗੇ। ਸਿਆਹਫਾਮਾਂ ਦੀਆਂ 'ਸਮੱਸਿਆਵਾਂ, ਨਾਰੀ ਦੇ ਹੋਣ ਵਾਲਾ ਸ਼ੋਸ਼ਣ, ਦਲਿਤਾਂ ਅਤੇ ਕਬੀਲਿਆਂ ਨਾਲ ਸੰਬੰਧਤ ਲੋਕਾਂ 'ਤੇ ਹੋਣ ਵਾਲੀ ਧੱਕੇਸ਼ਾਹੀ, ਬੇਰੁਜ਼ਗਾਰੀ, ਵਿਆਪਕ ਭ੍ਰਿਸ਼ਟਾਚਾਰ, ਆਪਣਾ ਕੰਮ ਕਢਾਉਣ ਦੀ ਨੀਤੀ, ਲੁੱਟ-ਖਸੁੱਟ, ਚਰਿੱਤਰ ਹਨ- ਇਹ ਸਭ ਕਾਮਿਆਂ ਨੂੰ ਪਥ-ਭ੍ਰਿਸ਼ਟ ਕਰਨ ਵਾਲੀਆਂ ਅਲਾਮਤਾਂ ਹਨ, ਅਸੀਂ ਸਭ ਲੋਕ ਜਾਣਦੇ ਵੀ ਹਾਂ ਪਰ ਇਹ ਸਭ ਕਰੀ ਜਾ ਰਹੇ ਹਾਂ। ( We know it but still we are doing, Marx) ਇਹੋ ਜਿਹੀਆਂ ਹੁਸ਼ਿਆਰੀਆਂ ਤੇ ਹੱਥਕੰਡੇ ਇਨਕਲਾਬ ਨੂੰ ਅੱਗੇ ਨਹੀਂ ਵਧਣ ਦਿੰਦੇ। ਆਤਮ-ਵਿਸ਼ਲੇਸ਼ਣ ਕਰ ਕੇ ਇਨਾਂ ਚਤੁਰਾਈਆਂ ਅਤੇ ਵਿਕਾਰਾਂ ਤੋਂ ਬਚਣ ਦੀ ਲੋੜ ਹੈ। ਨਹੀਂ ਤਾਂ ਸਾਰੇ ਇਨਕਲਾਬ ਕੁਰਾਹੇ ਪੈਂਦੇ ਜਾਣਗੇ ਤੇ ਮੁਕਤੀ ਦੀ ਮੰਜ਼ਿਲ ਦਿਨੋ-ਦਿਨ ਦੂਰ ਹੁੰਦੀ ਜਾਵੇਗੀ।

# ਕਿਸਾਨੀ ਅੰਦੋਲਨ ਨੇ ਭਾਜਪਾ ਦੇ ਫ਼ਿਰਕੂ ਏਜੰਡੇ ਨੂੰ ਦਿੱਤੀ ਚੁਣੌਤੀ

## ਪੰਜਾਬ ਦੀ ਜੁਆਨੀ ਨੇ ਸਿੱਖੀ ਸੋਚ ਨੂੰ ਬਣਾਇਆ ਆਦਰਸ਼



- ਬਘੇਲ ਸਿੰਘ ਧਾਲੀਵਾਲ

99142-58142

ਪੰਜਾਬ ਦੇ ਕਿਸਾਨਾਂ ਨੇ ਭਾਰਤੀ ਜਨਤਾ ਪਾਰਟੀ ਦੀ ਨਿਰੇਂਦਰ ਮੋਦੀ ਦੀ ਅਗਵਾਈ ਵਿੱਚ ਬਣੀ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਬਿਲਾਂ ਦੇ ਵਿਰੋਧ ਵਿੱਚ ਜੋ ਸੰਘਰਸ਼ ਸ਼ੁਰੂ ਕੀਤਾ ਸੀ, ਉਹ ਅੱਜ ਸਮੁੱਚੇ ਦੇਸ਼ ਦੇ ਕਿਸਾਨਾਂ ਦਾ ਅੰਦੋਲਨ ਬਣ ਕੇ ਕੇਂਦਰ ਸਰਕਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਕੇਂਦਰ ਸਰਕਾਰ ਹਮੇਸ਼ਾ ਦੀ ਤਰਾਂ ਇਸ ਵਾਰ ਵੀ ਗੋਦ ਮੀਡੀਏ ਰਾਹੀ ਕਿਸਾਨੀ ਘੋਲ ਨੂੰ ਬਦਨਾਮ ਕਰਕੇ ਫੇਲ ਕਰਨਾ ਚਾਹੁੰਦੀ ਸੀ, ਪਰ ਇਸ ਵਾਰ ਦੇਸ਼ ਦੇ ਲੋਕਾਂ ਨੇ ਮੋਦੀ ਸਰਕਾਰ ਦੀਆਂ ਸਕੀਮਾਂ ਬੁਰੀ ਤਰਾਂ ਫੇਲ ਕਰਕੇ ਰੱਖ ਦਿੱਤੀਆਂ। ਇਸ ਅੰਦੋਲਨ ਵਿਚੋਂ ਜਿਹੜੀ ਸਭ ਤੋਂ ਮਹੱਤਵਪੂਰਨ ਤੇ ਚੰਗੀ ਸੋਚ ਉੱਭਰ ਕੇ ਸਾਹਮਣੇ ਆਈ ਹੈ, ਉਹ ਇਹ ਹੈ ਕੀ ਦੇਸ਼ ਦੀ ਫ਼ਿਰਕੂ ਸਿਆਸਤ ਵੱਲੋਂ ਪੰਜਾਬ ਅਤੇ ਹਰਿਆਣੇ ਦੀ ਆਪਸ ਵਿੱਚ ਪੈਦਾ ਕਰਵਾਈ ਦੁਸ਼ਮਣੀ ਖ਼ਤਮ ਹੀ ਨਹੀਂ ਹੋਈ, ਬਲਕਿ ਆਪਸੀ ਸਾਂਝ ਗੂੜੀ ਹੋਈ ਹੈ। ਇੱਥੇ ਹੀ ਬੱਸ ਨਹੀਂ ਜਿਹੜੇ ਪੰਜਾਬੀਆਂ ਨੂੰ ਗੋਦੀ ਮੀਡੀਆ ਅੱਤਵਾਦੀ, ਵੱਖਵਾਦੀ ਜਾਂ ਖਾਲਿਸਤਾਨੀ ਕਹਿ ਕੇ ਭੰਡਦਾ ਨਹੀਂ ਸੀ ਥੱਕਦਾ ਅਤੇ ਮੁਲਕ ਦੇ ਅੰਦਰ ਸਿੱਖਾਂ ਪ੍ਰਤੀ ਨਫ਼ਰਤ ਫੈਲਾਈ ਗਈ ਸੀ, ਅੱਜ ਦੇਸ਼ ਦੇ ਲੋਕਾਂ ਨੇ ਸਿਆਸਤ ਅਤੇ ਮੀਡੀਏ ਦੀ ਫ਼ਿਰਕੂ ਸੋਚ ਨੂੰ ਨਕਾਰ ਕੇ ਉਨਾਂ ਅੱਤਵਾਦੀਆਂ, ਵੱਖਵਾਦੀਆਂ ਅਤੇ ਖਾਲਿਸਤਾਨੀਆਂ ਦੀ ਅਗਵਾਈ ਕਬੂਲ ਕੀਤੀ ਹੈ। ਅਖਿਲ ਭਾਰਤੀ ਸੁਆਮੀ ਨਾਥਨ ਸੰਘਰਸ਼ ਸਮੰਤੀ ਰਾਜਸਥਾਨ ਦੇ ਪ੍ਰਧਾਨ ਵੱਲੋਂ ਮੀਡੀਏ ਨਾਲ ਗੱਲਬਾਤ ਕਰਦਿਆਂ ਸਰਕਾਰ ਦੇ ਪਾਲਤੂ ਮੀਡੀਏ ਅਤੇ ਸਰਕਾਰ ਨੂੰ ਚੈਲਿੰਜ ਕਰਦਿਆਂ ਸਿੱਧੇ ਤੇ ਸਪੱਸ਼ਟ ਰੂਪ ਵਿੱਚ ਕਿਹਾ ਗਿਆ ਹੈ ਕਿ ਜੇਕਰ ਹੱਕ ਮੰਗਣ ਵਾਲੇ ਲੋਕ ਖਾਲਿਸਤਾਨੀ ਹਨ, ਤਾਂ ਫਿਰ ਰਾਜਸਥਾਨ ਤੋ ਲੈ ਕੇ ਨਾਗਲੈਂਡ ਤੱਕ ਅਤੇ ਕੇਰਲ ਤੋ ਲੈ ਕੇ ਜੰਮੂ ਕਸ਼ਮੀਰ ਤੱਕ ਦੇ ਕਿਸਾਨ ਵੀ ਖਾਲਿਸਤਾਨੀ ਹਨ, ਉਨਾਂ ਕਿਹਾ ਕਿ ਮੈਂ ਵੀ ਹਿੱਕ ਠੋਕ ਕੇ ਕਹਿੰਦਾ ਹਾਂ ਕਿ ਮੈਂ ਵੀ ਖਾਲਿਸਤਾਨੀ ਹਾਂ, ਅਸੀਂ ਵੀ ਆਪਣੇ ਪੰਜਾਬੀ ਭਰਾਵਾਂ ਦੇ ਨਾਲ ਹੱਕ ਮੰਗਣ ਲਈ ਆਏ ਹਾਂ। ਉਨਾਂ ਨੇ ਦੇਸ਼ ਦੀ ਕਿਸਾਨੀ ਨੂੰ ਜਗਾਉਣ ਲਈ ਪੰਜਾਬ ਦੇ ਕਿਸਾਨਾਂ ਦਾ ਧੰਨਵਾਦ ਵੀ ਕੀਤਾ। ਦੇਸ਼ ਦੀ ਗੰਦੀ ਰਾਜਨੀਤੀ ਨੇ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਨੂੰ ਅੱਤਵਾਦੀ ਬਣਾ ਦਿੱਤਾ ਸੀ, ਪਰ ਅੱਜ ਦੇ ਜਾਗਰੂਕ ਕਿਸਾਨਾਂ ਸਮੇਤ ਸਮੁੱਚੇ ਵਰਗਾਂ ਨੇ ਪੰਜਾਬ ਦੇ ਕਿਸਾਨਾਂ ਅਤੇ ਸਿੱਖੀ ਨੂੰ ਸਿੱਜਦਾ ਕੀਤਾ ਹੈ। ਦਿੱਲੀ ਦੇ ਅੰਦੋਲਨ ਵਿੱਚ ਜਿਸ ਤਰਾਂ ਪੰਜਾਬੀ ਕਿਸਾਨਾਂ ਨੂੰ ਹਰਿਆਣੇ ਅਤੇ ਦਿੱਲੀ ਦੇ ਲੋਕ ਮਾਣ ਸਤਿਕਾਰ ਦੇ ਰਹੇ ਹਨ, ਉਨਾਂ ਦੀ ਹਰ ਤਰਾਂ ਨਾਲ ਸਹਾਇਤਾ ਕਰ ਰਹੇ ਹਨ, ਉਨਾਂ ਲਈ ਲੰਗਰ ਲਾ ਰਹੇ ਹਨ, ਉਹ ਵਰਤਾਰਾ ਮਨ ਨੂੰ ਭਾਰੀ ਸਕੂਨ ਅਤੇ ਖ਼ੁਸ਼ੀ ਦੇਣ ਵਾਲਾ ਹੈ। ਜਿੱਥੇ ਇਸ ਕਿਸਾਨ ਅੰਦੋਲਨ ਨੇ ਭਾਰਤ ਦੇ ਲੋਕਾਂ ਨੂੰ ਫ਼ਿਰਕੂ ਰਾਜਨੀਤੀ ਨਕਾਰਨ ਦਾ ਸੱਦਾ ਦਿੱਤਾ ਹੈ, ਓਥੇ ਦੇਸ਼ ਦੀ ਸੱਤਾ ਤੇ ਕਾਬਜ਼ ਧਿਰ ਨੂੰ ਅਜਿਹੀਆਂ ਫੁੱਟ ਪਾਊ ਚਾਲਾਂ ਤੋ ਇਕਜੁਟਤਾ ਨਾਲ



ਲਲਕਾਰਿਆ ਵੀ ਹੈ। ਜੇਕਰ ਗੱਲ ਪੰਜਾਬ ਦੀ ਕੀਤੀ ਜਾਵੇ, ਤਾਂ ਇਹ ਕਹਿਣਾ ਕੋਈ ਗ਼ਲਤ ਨਹੀਂ ਹੋਵੇਗਾ ਕਿ ਇਸ ਵਾਰ ਪੰਜਾਬ ਦੀ ਜੁਆਨੀ ਨੇ ਕਿਸਾਨੀ ਅੰਦੋਲਨ ਵਿੱਚ ਵੱਡੀ ਦਿਲਚਸਪੀ ਦਿਖਾਈ ਹੈ। ਇਹ ਦਿਲਚਸਪੀ ਉਸ ਮੌਕੇ ਹੋਰ ਵੀ ਦੂਣ ਸਵਾਈ ਹੋ ਗਈ, ਜਦੋਂ ਕਿਸਾਨ ਜਥੇਬੰਦੀਆਂ ਨੇ ਦਿੱਲੀ ਵੱਲ ਕੂਚ ਦਾ ਹੋਕਾ ਦੇ ਦਿੱਤਾ। ਇਹ ਵੀ ਸੱਚ ਹੈ ਕਿ ਦਿੱਲੀ ਕੂਚ ਮੌਕੇ ਪੰਜਾਬ ਦੀ ਕਿਸਾਨੀ ਅਤੇ ਜੁਆਨੀ ਨੇ ਆਪਣਾ ਅਦਰਸ਼ ਖੱਬੇ ਪੱਖੀ ਸੋਚ ਨੂੰ ਬਲਕਿ ਸਿੱਖ ਸੋਚ ਨੂੰ ਬਣਾਇਆ ਹੋਇਆ ਸੀ। ਉਨਾਂ ਸਾਹਮਣੇ ਰੂਸ, ਚੀਨ ਦਾ ਇਨਕਲਾਬ ਨਹੀ, ਬਲਕਿ ਅਪਣੇ ਉਹ ਪੁਰਖੇ ਸਨ, ਜਿਨਾਂ ਨੇ ਅਠਾਰਵੀਂ ਸਦੀ ਵਿੱਚ ਦਿੱਲੀ ਫਤਿਹ ਕੀਤੀ ਸੀ। ਉਨਾਂ ਦੇ ਜ਼ਿਹਨ ਵਿੱਚ ਚੀਨ ਦਾ ਕਾਮਰੇਡ ਮਾਓ ਜੇ ਤੁੰਗ ਜਾਂ ਰੂਸ ਦਾ ਕਾਮਰੇਡ ਲੈਨਿਨ ਨਹੀਂ ਆਏ, ਸਗੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਜੇ ਨਿਵਾਜੇ ਖ਼ਾਲਸੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਬਘੇਲ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਆਦਿ ਉਹ ਵੱਡੇ ਵਡੇਰੇ ਸਨ, ਜਿਨਾਂ ਨੇ ਦਿੱਲੀ ਦੇ ਲਾਲ ਕਿਲੇ ਤੇ ਖ਼ਾਲਸਾਈ ਝੰਡੇ ਝੁਲਾਏ, ਜਿਨਾਂ ਨੇ ਦਿੱਲੀ ਦਾ ਸ਼ਾਹੀ ਤਖ਼ਤ ਘੜੀਸ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਾ ਦਿੱਤਾ ਸੀ। ਪੰਜਾਬੀ ਕਲਾਕਾਰਾਂ ਵੱਲੋਂ ਹੌਸਲਾ ਵਧਾਊ ਅਤੇ ਜੋਸ਼ ਭਰਪੂਰ ਗਾਏ ਗਏ ਗੀਤਾਂ ਵਿੱਚ ਵੀ ਸਿੱਖ ਇਤਿਹਾਸ ਦਾ ਵਰਣਨ ਕੀਤਾ ਗਿਆ ਹੈ, ਤਾਂ ਕਿ ਪੰਜਾਬ ਦੇ ਗੱਭਰੂਆਂ ਵਿੱਚ ਜੋਸ਼ ਪੈਦਾ ਕੀਤਾ ਜਾ ਸਕੇ। ਰਸਤੇ ਵਿੱਚ ਹਰਿਆਣਾ ਸਰਕਾਰ ਦੀਆਂ ਲਾਈਆਂ ਰੋਕਾਂ ਨੂੰ ਤੋੜਨ ਸਮੇਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗੂੰਜਦੇ ਤੇ ਭਾਰੀ ਰੋਕਾਂ ਪੰਜਾਬੀਆਂ ਦੇ ਸਿਰੜ ਅੱਗੇ ਧੂੜ ਬਣ ਉੱਡ ਜਾਂਦੀਆਂ ਹਨ। ਕਈ ਕਈ ਟਨਾਂ ਦੇ ਭਾਰੇ ਕਨਟੇਨਰ ਜੈਕਾਰਿਆਂ ਦੀ ਗੂੰਜ ਵਿੱਚ ਪਲਾਂ, ਛਿਣਾਂ ਵਿੱਚ ਹੀ ਰਸਤੇ 'ਚੋ ਪਾਸੇ ਧੱਕ ਦਿੱਤੇ ਜਾਂਦੇ। ਅਠਾਰਵੀਂ ਸਦੀ ਦੇ ਸਿੱਖਾਂ ਦੇ ਕਾਰਨਾਮੇ ਤਾਂ ਇਤਿਹਾਸ ਵਿੱਚ ਪੜੇ ਹੀ ਸਨ,ਪਰ ਹੁਣ ਦੁਨੀਆ ਨੇ ਪੰਜਾਬੀਆਂ ਦੇ ਜਜ਼ਬੇ ਨੂੰ ਅੱਖੀਂ ਦੇਖ ਵੀ ਲਿਆ ਹੈ। ਜਿਸ ਤਰਾਂ ਅਠਾਰਵੀਂ ਸਦੀ ਵਿੱਚ ਸਿੰਘਾਂ ਦੇ ਘੋੜਿਆਂ ਦੀਆਂ ਟਾਪਾਂ ਦਿੱਲੀ ਦੇ ਕਾਲਜੇ ਵਿੱਚ ਜ਼ਖ਼ਮ ਕਰਦੀਆਂ ਸਨ, ਉਸੇ ਤਰਾਂ ਹੀ ਇੱਕੀਵੀਂ ਸਦੀ ਦੇ ਇਸ ਕਿਸਾਨੀ ਅੰਦੋਲਨ ਦੇ ਟਰੈਕਟਰਾਂ ਦੀ ਖੜਖੜਾਹਟ ਨੇ ਦਿੱਲੀ ਨੂੰ ਕੰਬਣੀ ਛੇੜ ਦਿੱਤੀ ਹੋਈ ਹੈ। ਦੇਸ਼ ਦਾ ਜ਼ਿੱਦੀ ਹਾਕਮ ਦੁਨੀਆ ਸਾਹਮਣੇ ਬੇਸ਼ੱਕ ਆਪਣੇ ਆਪ ਨੂੰ ਲੱਖ ਤਾਕਤਵਰ ਸਮਝੇ ਤੇ ਦਰਸਾਉਂਦਾ ਰਹੇ ਕਿ ਉਹ ਅਜਿਹੇ ਅੰਦੋਲਨਾਂ ਦੀ ਪ੍ਰਵਾਹ ਨਹੀਂ ਕਰਦਾ, ਪਰ ਅਸਲ ਸਚਾਈ ਇਹ ਹੈ ਕਿ ਹਾਕਮ ਧਿਰ ਨੂੰ ਇਸ ਸਾਂਝੇ ਕਿਸਾਨੀ ਅੰਦੋਲਨ ਨੇ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ ਹੈ। ਇਹਦੇ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਜਦੋਂ ਵੀ ਪੰਜਾਬ ਨੇ ਦਿੱਲੀ ਨਾਲ ਲੋਹਾ ਲਿਆ, ਹਾਕਮ ਨੂੰ ਝੁਕਣ ਲਈ ਮਜਬੂਰ ਕੀਤਾ ਹੈ,ਪਰ ਇਹ ਵੀ ਸਚਾਈ ਤੋ ਮੁਨਕਰ ਨਹੀਂ ਹੋਇਆ ਜਾ ਸਕਦਾ ਹੈ ਕਿ ਹਾਕਮ ਨੇ ਵੀ ਪੰਜਾਬ ਦੀ ਗ਼ੈਰਤ ਨੂੰ ਖ਼ਤਮ ਕਰਨ ਲਈ ਉਸ ਦੇ ਬਦਲੇ ਵਿੱਚ ਜੋ ਜ਼ਖ਼ਮ ਪੰਜਾਬ ਨੂੰ ਦਿੱਤੇ ਹਨ,ਉਹ ਵੀ ਰਹਿੰਦੀ ਦੁਨੀਆ ਤੱਕ ਮਿਟਣ ਵਾਲੇ ਨਹੀਂ ਹਨ। ਯਾਦ ਹੋਵੇਗਾ ਜਦੋਂ 25 ਜੂਨ, 1975 ਨੂੰ ਉਸ ਮੌਕੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਦੇਸ਼ ਤੇ ਐਮਰਜੰਸੀ ਲਾ ਕੇ ਦੇਸ਼ ਵਾਸੀਆਂ ਦੇ ਮੁੱਢਲੇ ਹੱਕ ਹਕੂਕ ਖੋਹ ਲਏ ਸਨ, ਉਸ ਮੌਕੇ ਵੀ ਪੰਜਾਬ ਨੇ ਕੇਂਦਰ ਦੀ ਤਤਕਾਲੀ ਤਾਕਤਵਰ ਪ੍ਰਧਾਨ ਮੰਤਰੀ ਨਾਲ ਲੋਹਾ ਲਿਆ ਤੇ ਦੇਸ਼ ਨੂੰ 23 ਮਾਰਚ, 1977 ਨੂੰ ਐਮਰਜੰਸੀ ਤੋਂ ਮੁਕਤ ਕਰਵਾਇਆ ਸੀ, ਪਰ ਉਹਦੇ ਬਦਲੇ ਵਿੱਚ ਸਿੱਖਾਂ ਨੂੰ ਜੂਨ 1984 ਵਰਗਾ ਕਹਿਰ ਝੱਲਣਾ ਪਿਆ ਸੀ। ਜਿਸ ਨੇ ਲਗਾਤਾਰ ਦੋ ਦਹਾਕਿਆਂ ਤੱਕ ਪੰਜਾਬ ਦੇ ਸਿਵਿਆਂ ਦੀ ਅੱਗ ਠੰਢੀ ਨਹੀਂ ਹੋਣ ਦਿੱਤੀ, ਸੋ ਹੁਣ ਵੀ ਚੇਤਿਆਂ ਵਿਚ ਰੱਖਣਾ ਹੋਵੇਗਾ ਕਿ ਮੌਕੇ ਦੀ ਹਕੂਮਤ ਇੰਦਰਾ ਗਾਂਧੀ ਤੋਂ ਘੱਟ ਕਰੂਰ ਨਹੀਂ ਬਲਕਿ ਜ਼ਿਆਦਾ ਫ਼ਿਰਕੂ ਤੇ ਵਿਤਕਰੇਬਾਜ਼ ਹੈ, ਇਸ ਲਈ ਪੰਜਾਬ ਨੂੰ ਇੱਕ ਵਾਰ ਫਿਰ ਕੇਂਦਰ ਦੀ ਹਕੂਮਤ ਦਾ ਜਬਰ ਝੱਲਣ ਲਈ ਹੁਣੇ ਤੋਂ ਤਿਆਰ ਰਹਿਣਾ ਹੋਵੇਗਾ। ਇਹ ਹਕੂਮਤ ਦੀ ਬੇਈਮਾਨੀ ਹੀ ਸਮਝੀ ਜਾ ਸਕਦੀ ਹੈ ਕਿ ਇੱਕ ਪਾਸੇ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਵਾਰ ਵਾਰ ਸਮਾਂ ਦਿੱਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਭਾਰੀ ਫੋਰਸਾਂ ਲਾ ਕੇ ਕਿਸਾਨਾਂ ਦੀ ਘੇਰਾਬੰਦੀ ਵੀ ਕੀਤੀ ਜਾ ਰਹੀ ਹੈ। ਇਹਦੇ ਵਿੱਚ ਕੋਈ ਦੋ ਰਾਵਾਂ ਵੀ ਨਹੀਂ ਕਿ ਕੇਂਦਰੀ ਏਜੰਸੀਆਂ ਵੱਲੋਂ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਵੀ ਅਪਣੇ ਢੰਗ ਤਰੀਕੇ ਵਰਤੇ ਜਾਣਗੇ। ਜਥੇਬੰਦੀਆਂ ਦੇ ਆਗੂਆਂ ਨੂੰ ਪਾੜਨ ਦੀ ਖ਼ਤਰਨਾਕ ਖੇਡ ਵੀ ਖੇਡੀ ਜਾਣੀ ਬਾਕੀ ਹੈ। ਭਾਵ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਅੰਦੋਲਨ ਨੂੰ ਫੇਲ ਕਰਨ ਲਈ ਹਰ ਹਰਬਾ ਵਰਤ ਕੇ ਦੇਖੇਗੀ। ਅਖੀਰ ਸਖ਼ਤੀ ਵੀ ਕਰ ਸਕਦੀ ਹੈ, ਪਰ ਇੱਥੇ ਸਰਕਾਰ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਇਸ ਵਾਰ ਕਿਸਾਨ ਅੰਦੋਲਨਕਾਰੀਆਂ ਤੇ ਸਰਕਾਰ ਨੇ ਸਖ਼ਤੀ ਕਰਨ ਦੀ ਗੁਸਤਾਖ਼ੀ ਕੀਤੀ, ਤਾਂ ਸਮੁੱਚੇ ਦੇਸ਼ ਅੰਦਰ ਬਗ਼ਾਵਤ ਉੱਠ ਸਕਦੀ ਹੈ, ਜਿਸ ਨੂੰ ਦਬਾਉਣਾ ਕੇਂਦਰ ਸਰਕਾਰ ਦੇ ਵੱਸ ਵਿੱਚ ਨਹੀਂ ਰਹੇਗਾ, ਇਸ ਲਈ ਚੰਗਾ ਹੋਵੇ ਜੇਕਰ ਸਰਕਾਰ ਜ਼ਿੱਦ ਅਤੇ ਹੰਕਾਰੀ ਰਵੱਈਆ ਤਿਆਗ ਕੇ ਕਿਸਾਨ ਵਿਰੋਧੀ ਪਾਸ ਕੀਤੇ ਕਾਨੂੰਨਾਂ ਨੂੰ ਬਿਨਾ ਦੇਰੀ ਕੀਤਿਆਂ ਰੱਦ ਕਰ ਦੇਵੇ ਅਤੇ ਆਪਣੀਆਂ ਉਨਾਂ ਨੀਤੀਆਂ ਵਿੱਚ ਵੀ ਬਦਲਾਅ ਕਰਨ ਵੱਲ ਤੁਰੇ, ਜਿਨਾਂ ਨਾਲ ਸਮੁੱਚੇ ਦੇਸ਼ ਅੰਦਰ ਫ਼ਿਰਕੂ ਤਣਾਅ ਪੈਦਾ ਕਰਕੇ ਰਾਜਸੀ ਲਾਹਾ ਪ੍ਰਾਪਤ ਕਰਦੀ ਰਹੀ ਹੈ, ਕਿਉਂਕਿ ਇਸ ਅੰਦੋਲਨ ਨੇ ਸਮੁੱਚੇ ਦੇਸ਼ ਦੇ ਸਮਾਜਿਕ ਤੇ ਰਾਜਨੀਤਕ ਸਮੀਕਰਨ ਬਦਲ ਕੇ ਰੱਖ ਦਿੱਤੇ ਹਨ। ਇਹ ਅੰਦੋਲਨ ਦੀ ਸਭ ਤੋ ਵੱਡੀ ਪ੍ਰਾਪਤੀ ਸਮਝੀ ਜਾਣੀ ਚਾਹੀਦੀ ਹੈ ਕਿ ਇਸ ਕਿਸਾਨੀ ਅੰਦੋਲਨ ਨੇ ਦੇਸ਼ ਅੰਦਰ ਭਾਈਚਾਰਕ ਸਾਂਝ ਨੂੰ ਮਜ਼ਬੂਤ ਕੀਤਾ ਹੈ ਅਤੇ ਫੁੱਟਪਾਊ ਤਾਕਤਾਂ ਦੇ ਮਨਸੂਬਿਆਂ ਨੂੰ ਨਕਾਰਿਆ ਹੈ।

**ਅਖਿਲ ਭਾਰਤੀ ਸੁਆਮੀ ਨਾਥਨ ਸੰਘਰਸ਼ ਸਮੰਤੀ ਰਾਜਸਥਾਨ ਦੇ ਪ੍ਰਧਾਨ ਨੇ ਗੋਦੀ ਮੀਡੀਏ ਤੇ ਸਰਕਾਰ ਨੂੰ ਚੈਲਿੰਜ ਕੀਤਾ ਕਿ ਜੇਕਰ ਹੱਕ ਮੰਗਣ ਵਾਲੇ ਪੰਜਾਬੀ ਖਾਲਿਸਤਾਨੀ ਹਨ, ਤਾਂ ਫਿਰ ਰਾਜਸਥਾਨ ਤੋਂ ਲੈ ਕੇ ਨਾਗਲੈਂਡ ਤੱਕ ਅਤੇ ਕੇਰਲ ਤੋਂ ਲੈ ਕੇ ਜੰਮੂ ਕਸ਼ਮੀਰ ਤੱਕ ਦੇ ਕਿਸਾਨ ਵੀ ਖਾਲਿਸਤਾਨੀ**

# ਕਿਰਤੀ ਅੰਦੋਲਨ ਬਨਾਮ ਰਾਸ਼ਟਰਵਾਦ

- ਸੰਜੀਵ ਸਿੰਘ ਝੱਜ

੯੮੧੫੧੫੦੫੪੨

ਖੇਤੀ ਆਰਡੀਨੈਂਸ ਦੇ ਵਿਰੋਧ ਵਿੱਚ ਕਿਸਾਨਾਂ ਵੱਲੋਂ ਦਿੱਲੀ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਪ੍ਰਦਰਸ਼ਨ ਵਿੱਚ ਨੌਜਵਾਨੀ ਦੇ ਪੈੜਾਂ ਦੇ ਨਿਸ਼ਾਨਾਂ ਨੂੰ ਭਵਿੱਖ ਵਿੱਚ ਸ਼ਾਇਦ ਇਤਿਹਾਸ ਦੀ ਹਿੱਕ ਤੇ ਸੁਨਹਿਰੇ ਹਰਫ਼ਾਂ 'ਚ ਲਿਖਿਆ ਤੇ ਨਾਪਿਆ ਜਾਵੇਗਾ। ਪਹਿਲਾਂ ਪਹਿਲ ਇਹ ਰੋਸ ਪ੍ਰਦਰਸ਼ਨ ਕੇਵਲ ਪੰਜਾਬ ਵੱਲੋਂ ਜਤਾਇਆ ਜਾਪ ਰਿਹਾ ਸੀ ਪਰ ਜਿਵੇਂ ਜਿਵੇਂ ਮਿੱਟੀ ਦੇ ਜਾਇਆਂ ਨੂੰ ਆਪਣੀ ਹੋਂਦ ਦਾ ਅਹਿਸਾਸ ਹੁੰਦਾ ਗਿਆ ਤੇ ਇਹ ਰੋਸ ਪ੍ਰਦਰਸ਼ਨ ਇੱਕ ਦੇਸ਼ ਵਿਆਪੀ ਅੰਦੋਲਨ ਦਾ ਰੂਪ ਧਾਰ ਗਿਆ। ਬੇਸ਼ੱਕ ਇਸ ਅੰਦੋਲਨ ਦਾ ਸਿਹਰਾ ਪੰਜਾਬ ਦੇ ਸਿਰ ਤੇ ਹੀ ਵੱਝੇਗਾ ਪਰ ਮੋਢੇ ਨਾਲ ਮੋਢਾ ਜੋੜ ਕੇ ਕਤਾਰ ਬੰਨਣ ਦਾ ਕੰਮ ਬਾਕੀ ਰਾਜਾਂ ਦੇ ਕਿਸਾਨ ਭਰਾਵਾਂ ਦੇ ਹਿੱਸੇ ਵੀ ਆਵੇਗਾ। ਪੰਜਾਬੀਆਂ ਨੇ ਖ਼ਾਲਸੇ ਦੇ ਵਾਰਿਸ ਹੋਣ ਦਾ ਜੋ ਸਬੂਤ ਦਿੱਤਾ ਏ ਉਹ ਹਾਕਮਾਂ ਦੀਆਂ ਜੜਾਂ 'ਚ ਤੇਲ ਦੇਣ ਦਾ ਕੰਮ ਕਰ ਰਿਹਾ ਹੈ।

ਇਸ ਅੰਦੋਲਨ ਨੂੰ ਤਾਰੋਪੀਡ ਕਰਨ ਲਈ ਹਕੂਮਤ ਜੋ ਜੋ ਹੱਥਕੰਡੇ ਅਪਣਾ ਰਹੀ ਏ ਸ਼ਾਇਦ ਉਹ ਵੀ ਭਵਿੱਖ ਵਿੱਚ ਖ਼ੂਨ ਦੀ ਸਿਆਹੀ ਨਾਲ ਲਿਖਿਆ ਹੋਇਆ ਪੜਨਾ ਪਵੇਗਾ। ਇਸ ਅੰਦੋਲਨ ਨੂੰ ਤਿੱਤਰ ਬਿਤਰ ਕਰਨ ਲਈ ਤੰਤਰ ਉਹੋ ਕੁਝ ਕਰ ਰਿਹਾ ਹੈ ਜੋ ਜੋ ਸਦੀਆਂ ਦਹਾਕਿਆਂ ਤੋਂ ਕਰਦਾ ਆ ਰਿਹਾ ਹੈ। ਨਿਰੋਲ ਰਾਜਨੀਤੀ ਨੂੰ ਰਾਸ਼ਟਰਵਾਦ ਦਾ ਨਾਮ ਦਿੱਤਾ ਜਾ ਰਿਹਾ ਹੈ ਅਤੇ ਇਹ ਸੋਚਣ ਦਾ ਵਿਸ਼ਾ ਹੈ। ਲੋਕਤੰਤਰ ਹਰ ਨਾਗਰਿਕ ਨੂੰ ਬੋਲਣ ਦੀ ਆਜ਼ਾਦੀ ਤੇ ਵਿਰੋਧ ਜਤਾਉਣ ਦਾ ਹੱਕ ਸੰਵਿਧਾਨਿਕ ਤੌਰ 'ਤੇ ਦਿੰਦਾ ਹੈ ਫਿਰ ਵੀ ਰਾਜਨੀਤੀ ਕੋਝੀਆਂ ਚਾਲਾਂ ਅਧੀਨ ਸ਼ਾਇਦ ਲੋਕਤੰਤਰ ਦਾ ਘਾਣ ਫ਼ਰਜ਼ੀ ਰਾਸ਼ਟਰਵਾਦ ਹੇਠ ਕਰਨ 'ਤੇ ਉਤਾਰੂ ਹੈ। ਦੇਸ਼ ਦਾ ਇਲੈਕਟ੍ਰੌਨਿਕ ਮੀਡੀਆ ਜੋ ਕਿਰਦਾਰ ਨਿਭਾ ਰਿਹਾ ਹੈ ਉਹ ਕਿਸੇ ਕੋਲੋਂ ਲੁਕਿਆ ਛਿਪਿਆ ਨਹੀਂ ਹੈ। ਤਰਾਂ-ਤਰਾਂ ਦੇ ਦੂਸ਼ਣ ਮੀਡੀਆ ਵੱਲੋਂ ਇਸ ਅੰਦੋਲਨ ਤੇ ਲਗਾਏ ਜਾ ਰਹੇ ਹਨ ਜੋ ਸਚਾਈ ਤੋਂ ਕੋਹਾਂ ਦੂਰ ਜਾਪ ਰਹੇ ਹਨ। ਮੀਡੀਆ ਵੱਲੋਂ ਇਸ ਅੰਦੋਲਨ ਵਿੱਚ ਸ਼ਾਮਿਲ ਕਿਸਾਨਾਂ ਨੂੰ ਪਹਿਲੋਂ ਪਹਿਲ ਅਲੱਗ ਦੇਸ਼ ਦੀ ਮੰਗ ਕਰਨ ਵਾਲੇ ਸਮੂਹ ਦਾ ਰੰਗ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜੋ ਹੁਣ ਵੀ ਜਾਰੀ ਹੈ। ਕਿਤੇ ਪੈਰ ਲੱਗਦੇ ਨਾ ਦੇਖ ਕੇ ਹਕੂਮਤ ਨੇ ਦੂਸਰਾ ਪਾਸਾ ਸੁੱਟਿਆ ਤੇ ਆਪਣੇ ਸੋਸ਼ਲ ਮੀਡੀਆ ਦੇ ਸਰਗਰਮ ਸੰਗਠਨਾਂ ਨੂੰ ਆਪਣੀ ਪੈਰਵੀ ਕਰਨ ਲਈ ਖੁੱਲੇ ਛੱਡ ਦਿੱਤਾ। ਇਹ ਸੰਗਠਨ ਇੱਥੋਂ ਤੱਕ ਗ਼ਰਕੇ ਕਿ ਇਸ ਅੰਦੋਲਨ ਨੂੰ ਵਿਰੋਧੀ ਧਿਰ ਬਣਾ ਕੇ ਆਮ ਜਨਤਾ ਦੇ ਰੂਪ ਵਿੱਚ ਆਪ ਟਕਰਾਵ ਦੇਣ ਦੀ ਭਰਪੂਰ ਕੋਸ਼ਿਸ਼ ਕਰ ਰਹੇ ਹਨ। ਕੁਝ ਕੁ ਫ਼ਿਲਮੀ ਸਿਤਾਰੇ ਧਿਆਨ ਭਟਕਾਉਣ ਲਈ ਸਰਗਰਮ ਕੀਤੇ ਗਏ ਅਤੇ ਉਨਾਂ ਸਿਤਾਰਿਆਂ ਦਾ ਕਠਪੁਤਲੀ ਨਾਚ ਹੁਣ ਵੀ ਜਾਰੀ ਹੈ।

ਇਸ ਸਭ ਵਿੱਚ ਇੱਕ ਗੱਲ ਗੌਰਤਲਵ ਹੈ ਕਿ ਇਹ ਸਾਰੇ ਅੰਦੋਲਨ ਵਿਰੋਧੀ ਸੈਲ ਰਾਸ਼ਟਰਵਾਦ ਦੇ ਝੰਡੇ ਅਧੀਨ ਆਪਣੀ ਸਰਗਰਮੀ ਦਿਖਾ ਰਹੇ ਹਨ। ਜੇਕਰ ਆਮ ਜ਼ਮੀਨੀ ਪੱਧਰ 'ਤੇ ਵਿਚਰ ਰਹੇ ਇਨਸਾਨਾਂ ਦੇ ਨਜ਼ਰੀਏ ਤੋਂ ਪਰਖੀਏ ਤਾਂ ਅੰਦੋਲਨ ਦੀ ਨੀਅਤ ਤੇ ਕਿਸੇ ਤਰਾਂ ਦਾ ਵੀ ਸਵਾਲ ਖੜਾ ਕਰਨਾ ਸੰਭਵ ਨਹੀਂ ਜਾਪ ਰਿਹਾ। ਕੁਝ ਵੀ ਅਜਿਹਾ ਨਜ਼ਰ ਨਹੀਂ ਆ ਰਿਹਾ ਜੋ ਦੇਸ਼ ਵਿਰੋਧੀ ਹੋਵੇ। ਬਾਵਜੂਦ ਇਸਦੇ ਵੀ ਸੰਵਿਧਾਨਿਕ ਹੱਕਾਂ ਨੂੰ ਕੁਚਲਨ ਲਈ ਫ਼ਰਜ਼ੀ ਰਾਸ਼ਟਰਵਾਦ ਦਾ ਹਥਿਆਰ ਵਰਤਣ ਦੀ ਕੋਸ਼ਿਸ਼ ਸਰਕਾਰ ਲਗਾਤਾਰ ਕਰ ਰਹੀ ਹੈ।

ਮੌਕੇ ਦੇ ਹਾਕਮ ਅੰਦੋਲਨ ਦਬਾਉਣ ਲਈ ਹਰ ਜਾਇਜ਼ ਨਜਾਇਜ਼ ਹੀਲੇ ਵਰਤਦੇ ਹੀ ਨੇ ਅਤੇ ਇਸ ਜੰਗ ਵਿੱਚ ਜਿੱਤ ਕਿਸ ਦੀ ਹੋਵੇਗੀ ਇਹ ਸਮੇਂ ਦੀ ਬੁੱਕਲ ਵਿੱਚ ਸਮੋਇਆ ਹੋਇਆ ਹੈ। ਪਰ ਇੱਥੇ ਇਕ ਬਹੁਤ ਵੱਡਾ ਤੇ ਅਹਿਮ ਮਸਲਾ ਖੜਾ ਹੋ ਰਿਹਾ ਹੈ ਕਿ ਆਖ਼ਿਰ ਭਵਿੱਖ ਵਿੱਚ ਰਾਸ਼ਟਰਵਾਦ ਦੇ ਕੀ ਅਰਥ ਹੋਣਗੇ ? ਕੀ ਭਵਿੱਖ ਵਿੱਚ ਹਕੂਮਤ ਦੇ ਲਏ ਫ਼ੈਸਲਿਆਂ ਤੇ ਸਵਾਲ ਕਰਨ ਵਾਲੇ ਦੇਸ਼ ਧ੍ਰੋਹੀ ਐਲਾਨੇ ਜਾਣਗੇ ? ਜੋ ਤਸਵੀਰ ਭਾਰਤ ਦੀ ਰਾਜਨੀਤੀ ਤੇ ਮੀਡੀਆ ਦੀ ਸੰਸਾਰ ਪੱਧਰ ਤੇ ਬਣ ਕੇ ਸਾਹਮਣੇ ਆ ਰਹੀ ਹੈ ਕੀ ਉਹ ਉਹੋ ਜਿਹੀ ਹੀ ਹੈ ਜਿਹੋ ਜਿਹੀ ਇਕ ਲੋਕਤੰਤਰ ਨੂੰ ਮੰਨਣ ਵਾਲੇ ਦੇਸ਼ ਦੀ ਹੋਣੀ ਚਾਹੀਦੀ ਹੈ ? ਅੰਤਰ ਰਾਸ਼ਟਰੀ ਮੀਡੀਆ 'ਤੇ ਜਿਸ ਤਰਾਂ ਭਾਰਤ ਦੇਸ਼ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਜਾ ਰਿਹਾ ਹੈ ਉਸਦੀ ਜ਼ਿੰਮੇਵਾਰੀ ਕੌਣ ਲਵੇਗਾ ? ਰਾਸ਼ਟਰਵਾਦ ਤੇ ਦੇਸ਼ ਭਗਤੀ ਦਾ ਅਕਸ ਖ਼ਤਰੇ ਵਿੱਚ ਘਿਰਿਆ ਜਾਪ ਰਿਹਾ ਹੈ ਤੇ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਦੀ ਇਸ ਵਿਸ਼ੇ ਤੇ ਚਿੰਤਾ ਅਤੇ ਸ਼ਿਕਨ ਕਿਤੇ ਵੀ ਨਜ਼ਰ ਨਹੀਂ ਆ ਰਹੀ। ਜੇਕਰ ਇਸ ਮਸਲੇ ਤੇ ਸੋਚ ਵਿਚਾਰ ਨਹੀਂ ਕੀਤੀ ਗਈ ਤਾਂ ਭਵਿੱਖ ਵਿੱਚ ਸਿੱਟੇ ਗੰਭੀਰ ਨਿਕਲਣਗੇ। ਜੇਕਰ ਦੇਸ਼ ਭਗਤੀ ਤੇ ਰਾਸ਼ਟਰਵਾਦ ਦੀ ਆੜ ਵਿੱਚ ਆਪਣੀ ਕੁਰਸੀ ਸਲਾਮਤ ਰੱਖਣ ਦੇ ਯਤਨ ਰਾਜਨੀਤਿਕ ਲੋਕਾਂ ਵੱਲੋਂ ਬੰਦ ਨਾ ਕੀਤੇ ਗਏ ਤਾਂ ਰਾਸ਼ਟਰਵਾਦ ਸ਼ਬਦ ਦਾ ਭਵਿੱਖ ਕਿਹੋ ਜਿਹਾ ਹੋਵੇਗਾ ਇਹ ਕਿਆਸ ਤੁਸੀਂ ਸਹਿਜੇ ਹੀ ਲਗਾ ਸਕਦੇ ਹੋ।

# ਗਲੋਬਲ ਆਰਥਿਕਤਾ ਵਿਚ 4.4 ਪ੍ਰਤੀਸ਼ਤ ਆਵੇਗੀ ਕਮੀ

**✪ ਕੋਵਿਡ-19 ਮਹਾਂਮਾਰੀ ਕਾਰਨ ਲਗਭਗ ਇਕ ਸਾਲ ਅੰਦਰ ਚੀਨ ਵਿਚ 257 ਨਵੇਂ ਸਰਮਾਏਦਾਰ ਖਰਬਪਤੀ ਬਣੇ ✪ ਬਰਤਾਨੀਆ ਅੰਦਰ ਕੋਵਿਡ-19 ਮਹਾਂਮਾਰੀ ਦੌਰਾਨ .ਗਰੀਬ ਮਾਵਾਂ 10 ਪੌਂਡ ਨਾਲ ਹ.ਫਤਾ ਭਰ ਗੁਜ਼ਾਰਾ ਚਲਾਉਣ ਲਈ ਮਜਬੂਰ ✪ ਅਮਰੀਕਾ ਵਰਗੀ ਮਹਾਂਸ਼ਕਤੀ ਵਿਚ 50 ਮਿਲੀਅਨ ਲੋਕ ਬੇਰੁਜ਼ਗਾਰ ਹੋਣ, 23 ਮਿਲੀਅਨ ਭੁੱਖੇ ਰਹਿਣ ਲਈ ਮਜਬੂਰ ✪ ਭਾਰਤ ਅੰਦਰ 10 ਪ੍ਰਤੀਸ਼ਤ ਅਮੀਰ ਲੋਕ 77 ਪ੍ਰਤੀਸ਼ਤ ਰਾਸ਼ਟਰੀ ਜਾਇਦਾਦ 'ਤੇ ਕਾਬਜ਼**

**- ਦਰਬਾਰਾ ਸਿੰਘ**

ਅੰਤਰਰਾਸ਼ਟਰੀ ਮੁਦਰਾ ਕੋਸ਼ ਸੰਸਥਾ ਅਨੁਸਾਰ ਇਸ ਸਾਲ ਆਧੁਨਿਕ ਯੁੱਗ ਦੇ ਇਤਿਹਾਸ ਵਿਚ ਗਲੋਬਲ ਆਰਥਿਕਤਾ ਵਿਚ 4.4 ਪ੍ਰਤੀਸ਼ਤ ਕਮੀ ਆਵੇਗੀ। ਕਰੋੜਾਂ ਲੋਕ ਵੱਖ-ਵੱਖ ਮਹਾਂਦੀਪਾਂ ਦੇ ਦੇਸ਼ਾਂ ਵਿਚ ਗੁਰਬਤ ਵੱਲ ਧੱਕੇ ਜਾਣਗੇ। ਬੇਰੁਜ਼ਗਾਰੀ ਸਿਖਰ ਛੂਹੇਗੀ, ਅਪਰਾਧ ਵੱਧ ਜਾਣਗੇ ਲੇਕਿਨ ਸਰਮਾਏਦਾਰ ਕਾਰਪੋਰੇਟ ਘਰਾਣਿਆਂ ਦੀਆਂ ਜਾਇਦਾਦਾਂ, ਕਾਰੋਬਾਰਾਂ, ਵਪਾਰ ਵਿਚ ਬ੍ਰਾਜ਼ੀਲ ਤੋਂ ਲੈ ਕੇ ਚੀਨ-ਜਾਪਾਨ ਅਤੇ ਅਮਰੀਕਾ ਤੋਂ ਲੈ ਕੇ ਜਰਮਨੀ-ਯੂਕੇ ਤਕ ਵਾਧਾ ਸਿਖਰ ਛੂਹੇਗਾ। ਕੋਵਿਡ-19 ਦੀ ਮਹਾਂਮਾਰੀ ਲਗਾਤਾਰ ਆਰਥਿਕ ਨਾਬਰਾਬਰੀ ਵਿਚ ਵਾਧਾ ਦਰਜ ਕਰਦੀ ਚਲੀ ਜਾਵੇਗੀ।

ਐਮਾਜ਼ੋਨ ਮੁਖੀ ਜੈੱਫ ਬੇਜ਼ੋਸ ਦੀ ਆਮਦਨ ਵਿਚ ਮਾਰਚ ਤੋਂ ਸਤੰਬਰ 2019 ਦਰਮਿਆਨ ਕੁੱਲ ਵਾਧਾ 73 ਬਿਲੀਅਨ ਡਾਲਰ ਅਮਰੀਕੀ ਪ੍ਰਬੁੱਧ ਵਿਚਾਰਸ਼ੀਲ ਨੀਤੀ ਅਧਿਐਨ ਸੰਸਥਾ ਅਨੁਸਾਰ ਦਰਸਾਇਆ ਗਿਆ ਹੈ।

ਇਸ ਸਮੇਂ ਦੌਰਾਨ ਫੇਸਬੁੱਕ ਮੁਖੀ ਮਾਰਕ ਜ਼ੁਕਰਬਰਗ ਅਤੇ ਟੈਸਲਾ ਅਤੇ ਪੁਲਾੜ ਖ਼ੋਜ ਤਕਨੀਕੀ ਕਾਰਪੋਰੇਸ਼ਨ ਦੇ ਮੁਖੀ ਏਲੋਨ ਮੁਸਕ ਦੀ ਕੁੱਲ ਆਮਦਨ ਵਿਚ 45 ਬਿਲੀਅਨ ਵਾਧਾ ਵੇਖਣ ਨੂੰ ਮਿਲਿਆ। ਭਾਰਤੀ ਕਾਰਪੋਰੇਟਰ ਮੁਕੇਸ਼ ਅੰਬਾਨੀ ਦੀ ਆਮਦਨ ਵਿਚ ਕੁੱਲ ਵਾਧਾ 80 ਬਿਲੀਅਨ ਦਰਜ ਕੀਤਾ ਗਿਆ ਅਤੇ ਉਹ ਵਿਸ਼ਵ ਦਾ ਚੌਥਾ ਵੱਡਾ ਕਾਰਪੋਰੇਟ ਸਰਮਾਏਦਾਰ ਬਣ ਗਿਆ ਹੈ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਲੋਂਬਾਰਡ ਓਡੀਅਰ ਗਰੁੱਪ ਜੋ ਵਿਸ਼ਵ ਦੇ 316 ਬਿਲੀਅਨ ਡਾਲਰ ਦੇ ਮਾਲਕ ਖਰਬਪਤੀਆਂ ਦੀ ਜਾਇਦਾਦ ਦੀ ਦੇਖ-ਰੇਖ ਕਰਦਾ ਹੈ, ਇਨਾਂ ਜ਼ਾਲਮ ਲੁਟੇਰੇ ਸਰਮਾਏਦਾਰਾਂ ਨੇ ਆਪਣਾ ਧਨ ਵਿਸ਼ਵ ਦੇ ਉਨਾਂ ਖ਼ਿੱਤਿਆਂ ਵਿਚ ਨਿਵੇਸ਼ ਕੀਤਾ ਜਿੱਥੇ ਕੋਵਿਡ-19 ਮਹਾਂਮਾਰੀ ਦੀ ਮਾਰ ਜ਼ਿਆਦਾ ਪੈ ਰਹੀ ਸੀ। ਇਨਾਂ ਖ਼ਿੱਤਿਆਂ ਵਿਚ ਏਸ਼ੀਅਨ ਵੱਡੇ-ਵੱਡੇ ਸ਼ਹਿਰ ਅਤੇ ਅਮਰੀਕੀ ਵੱਡੇ-ਵੱਡੇ ਹਸਪਤਾਲ ਵੀ ਸ਼ਾਮਲ ਸਨ। ਇਵੇਂ ਹੀ ਸੋਨੇ ਦੇ ਵਪਾਰ ਵਿਚ ਵੱਡਾ ਨਿਵੇਸ਼ ਕਰ ਕੇ ਖ਼ੂਬ ਧਨ ਕਮਾਇਆ ਗਿਆ ਹੈ। ਅਮਰੀਕੀ ਖਰਬਪਤੀਆਂ ਨੇ 3.6 ਟ੍ਰਿਲੀਅਨ ਡਾਲਰ ਧਨ ਕਮਾਇਆ ਜੋ 54 ਅਫ਼ਰੀਕੀ ਦੇਸ਼ਾਂ ਦੀ ਕੁੱਲ ਜਾਇਦਾਦ ਜਿੰਨਾ ਹੈ।

ਕੋਵਿਡ-19 ਮਹਾਂਮਾਰੀ ਕਾਰਨ ਸਮਰੱਥ ਅਤੇ ਸਰਮਾਏਦਾਰ ਰਾਸ਼ਟਰਾਂ ਵੱਲੋਂ ਲਾਕਡਾਊਨ ਦੇ ਡਰ ਕਰਕੇ ਜਿਨਾਂ ਸਰਮਾਏਦਾਰਾਂ ਨੇ ਆਪਣੇ ਅਦਾਰੇ ਬੰਦ ਕਰ ਦਿੱਤੇ ਜਾਂ ਵੇਚ ਦਿੱਤੇ ਜਾਂ ਨਿਵੇਸ਼ ਕਰਨ ਤੋਂ ਹੱਥ ਪਿੱਛੇ ਖਿੱਚ ਲਏ, ਉਹ ਦਹੱਥੜਾਂ ਮਾਰਦੇ ਹੋਏ ਪਛਤਾਵਾ ਕਰ ਰਹੇ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਚੀਨ ਅੰਦਰ ਇਸ ਸਮੇਂ ਵਿਸ਼ਵ ਦੇ ਮਹਾ-ਸਰਮਾਏਦਾਰ ਤੇਜ਼ੀ ਨਾਲ ਵੱਧ-ਫੁੱਲ ਰਹੇ ਹਨ। ਇਸੇ ਕੋਵਿਡ-19 ਮਹਾਂਮਾਰੀ ਕਾਰਨ ਲਗਪਗ ਇਕ ਸਾਲ ਅੰਦਰ ਚੀਨ ਵਿਚ 257 ਨਵੇਂ ਸਰਮਾਏਦਾਰ ਖਰਬਪਤੀ ਬਣੇ ਹਨ। ਜੋ ਕਾਰਪੋਰੇਟਰ ਪਹਿਲਾਂ ਸਥਾਪਤ ਸਨ, ਉਨਾਂ ਦੀ ਆਮਦਨ ਵਿਚ ਅਸੀਮ ਵਾਧਾ ਵੇਖਣ ਨੂੰ ਮਿਲਿਆ ਹੈ।

ਹਰੂਨ ਰਿਪੋਰਟ ਅਨੁਸਾਰ ਅਲੀਬਾਬਾ ਗਰੁੱਪ ਨੇ ਪਿਛਲੇ 10 ਮਹੀਨੇ ਵਿਚ 45 ਪ੍ਰਤੀਸ਼ਤ ਵਾਧਾ ਦਰਜ ਕਰਦਿਆਂ 58.8 ਬਿਲੀਅਨ ਦੀ ਜਾਇਦਾਦ ਉਸਾਰ ਲਈ।

ਅਮਰੀਕਾ ਵਰਗੀ ਮਹਾਸ਼ਕਤੀ ਵਿਚ 50 ਮਿਲੀਅਨ ਲੋਕ ਬੇਰੁਜ਼ਗਾਰ ਹੋਣ, 23 ਮਿਲੀਅਨ ਭੁੱਖੇ ਰਹਿਣ ਲਈ ਮਜਬੂਰ ਹੋ ਗਏ। .ਗਰੀਬ ਪਰਿਵਾਰ 400-500 ਡਾਲਰ ਮਾਸਿਕ ਕਮਾਉਣ ਲਈ ਆਤੁਰ ਹੋ ਗਏ। ਨੱਬੇ ਪ੍ਰਤੀਸ਼ਤ ਲੋਕ ਕਰਜ਼ਾਈ ਹੋ ਗਏ।

ਬਰਤਾਨੀਆ ਅੰਦਰ ਕੋਵਿਡ-19 ਮਹਾਂਮਾਰੀ ਦੌਰਾਨ .ਗਰੀਬ ਮਾਵਾਂ 10 ਪੌਂਡ ਨਾਲ ਹ.ਫਤਾ ਭਰ ਗੁਜ਼ਾਰਾ ਚਲਾਉਣ ਲਈ ਮਜਬੂਰ ਹੋਈਆਂ ਹਨ। ਪਛੜੇ ਅਫ਼ਰੀਕਨ ਦੇਸ਼ਾਂ ਵਿਚ 700 ਪ੍ਰਤੀਸ਼ਤ ਮਹਿੰਗਾਈ ਵਾਧੇ ਨੇ ਲੋਕਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੱਤਾ।

ਸਪੇਨ, ਪੁਰਤਗਾਲ, ਇਟਲੀ, ਯੂਨਾਨ ਵਰਗੇ ਦੇਸ਼ਾਂ ਦੀ ਸਾਲਾਨਾ ਜੀਡੀਪੀ 10 ਪ੍ਰਤੀਸ਼ਤ ਘਟਣ ਦਾ ਅਨੁਮਾਨ ਹੈ। ਬੱਚੇ, ਬੁੱਢੇ, ਔਰਤਾਂ, ਅਪੰਗ, ਪਰਵਾਸੀ ਅਤੇ ਘੱਟ-ਗਿਣਤੀਆਂ ਹਰ ਦੇਸ਼ ਅਤੇ ਖ਼ਿੱਤੇ ਵਿਚ ਬੁਰੀ ਤਰਾਂ ਗੁਰਬੁਤ, ਭੁੱਖਮਰੀ, ਬਿਮਾਰੀ ਅਤੇ ਨਾਬਰਾਬਰੀ ਦਾ ਸ਼ਿਕਾਰ ਹੋ ਰਹੇ ਵੇਖੇ ਜਾ ਸਕਦੇ ਹਨ। ਸੈਂਤੀ ਦੇਸ਼ਾਂ ਦਾ ਸਰਵੇ ਐਸੇ ਅੰਕੜੇ ਦਰਸਾ ਰਿਹਾ ਹੈ।

ਵਿਸ਼ਵ ਵਿਚ ਹਰ ਤੀਜਾ ਮਜ਼ਦੂਰ ਭਾਵ 2 ਬਿਲੀਅਨ ਕਾਮੇ ਬੇਕਾਰ ਹੋ ਗਏ ਹਨ। ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਨੂੰ ਕੋਵਿਡ-19 ਦੀ ਮਾਰ ਤੋਂ ਉਭਰਨ ਲਈ 2.5 ਟ੍ਰਿਲੀਅਨ ਡਾਲਰ ਦਰਕਾਰ ਹਨ ਜਦ ਕਿ ਵਿਸ਼ਵ ਬੈਂਕ, ਆਈਐੱਮਐੱਫ ਅਤੇ ਵਿਕਸਿਤ ਦੇਸ਼ਾਂ ਵੱਲੋਂ ਹੁਣ ਤਕ ਸਿਰਫ਼ 100 ਬਿਲੀਅਨ ਡਾਲਰ ਮਿਲੇ ਹਨ।

ਵਿਸ਼ਵ ਬੈਂਕ ਦੀ ਸੰਨ 2019 ਦੀ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਭਾਵੇਂ ਭਾਰਤ 2.875 ਟ੍ਰਿਲੀਅਨ ਡਾਲਰ ਦੀ ਵਿਸ਼ਵ ਦੀ ਪੰਜਵੀਂ ਵੱਡੀ ਆਰਥਿਕਤਾ ਹੈ ਪਰ ਸੰਨ 2020 ਵਿਚ ਇਸ ਦੀ ਪ੍ਰਤੀ ਜੀਅ ਆਮਦਨ ਬੰਗਲਾਦੇਸ਼ ਦੀ 1888 ਡਾਲਰ ਦੇ ਮੁਕਾਬਲੇ 1877 ਡਾਲਰ ਹੋਣ ਕਰਕੇ ਘੱਟ ਹੋ ਜਾਵੇਗੀ ਜੋ 2019 ਵਿਚ ਬੰਗਲਾਦੇਸ਼ ਦੀ 1856 ਡਾਲਰ ਦੇ ਮੁਕਾਬਲੇ 2104 ਡਾਲਰ ਸੀ। ਇਹੀ ਨਹੀਂ, 189 ਦੇਸ਼ਾਂ ਵਿਚ ਭਾਰਤ ਦਾ ਸਥਾਨ ਉਦੋਂ 142ਵਾਂ ਜਦਕਿ ਬੰਗਲਾਦੇਸ਼ ਦਾ 147ਵਾਂ ਸੀ।

ਰਿਜ਼ਰਵ ਬੈਂਕ ਆਫ ਇੰਡੀਆ ਦੀ ਸੰਨ 2019 ਦੀ ਰਿਪੋਰਟ ਅਨੁਸਾਰ ਭਾਰਤ ਵਿਚ 22 ਪ੍ਰਤੀਸ਼ਤ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ। ਦੂਜੇ ਪਾਸੇ ਮੁਕੇਸ਼ ਅੰਬਾਨੀ 300 ਕਰੋੜ ਰੁਪਿਆ ਕੋਰੋਨਾ ਮਹਾਂਮਾਰੀ ਦੇ ਬਾਵਜੂਦ ਰੋਜ਼ਾਨਾ ਕਮਾ ਰਿਹਾ ਹੈ। ਪਹਿਲੀ ਤਿਮਾਹੀ ਵਿਚ ਭਾਰਤੀ ਜੀਡੀਪੀ -23.9 ਪ੍ਰਤੀਸ਼ਤ ਮੂਧੇ ਮੂੰਹ ਡਿੱਗੀ ਸੀ।

ਨਤੀਜੇ ਵਜੋਂ 2.1 ਕਰੋੜ ਨੌਕਰੀਆਂ ਖ਼ੁੱਸ ਗਈਆਂ। ਆਕਸਫਾਮ ਦੇ ਅਧਿਐਨ ਅਨੁਸਾਰ ਭਾਰਤ ਅੰਦਰ 10 ਪ੍ਰਤੀਸ਼ਤ ਅਮੀਰ ਲੋਕ 77 ਪ੍ਰਤੀਸ਼ਤ ਰਾਸ਼ਟਰੀ ਜਾਇਦਾਦ 'ਤੇ ਕਾਬਜ਼ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਦੇਸ਼ ਅੰਦਰ ਪੈਦਾ ਕੀਤੀ 73 ਪ੍ਰਤੀਸ਼ਤ ਆਰਥਿਕ ਜਾਇਦਾਦ ਸਿਰਫ਼ 1 ਪ੍ਰਤੀਸ਼ਤ ਅਮੀਰਾਂ ਦੀਆਂ ਤਿਜੌਰੀਆਂ ਵਿਚ ਜਾਂਦੀ ਹੈ। ਸਪਸ਼ਟ ਹੈ ਕਿ ਦੇਸ਼ ਦਾ ਪੂਰਾ ਨਿਜ਼ਾਮ ਕੇਂਦਰ ਅਤੇ ਰਾਜ ਸਰਕਾਰਾਂ ਸਰਮਾਏਦਾਰ ਕਾਰਪੋਰੇਟਰਾਂ ਅੱਗੇ ਗੋਡੇ ਟੇਕ ਚੁੱਕਾ ਹੈ। ਦੂਜੇ ਸ਼ਬਦਾਂ ਵਿਚ ਪੂਰੇ ਰਾਜ-ਭਾਗ ਦੀਆਂ ਆਰਥਿਕ, ਸਮਾਜਿਕ, ਰਾਜਨੀਤਕ, ਪ੍ਰਸ਼ਾਸਕੀ ਨੀਤੀਆਂ ਦਾ ਨਿਰਧਾਰਨ ਉਨਾਂ ਦੁਆਰਾ ਕੀਤਾ ਜਾਂਦਾ ਹੈ। ਦੇਸ਼ ਦੇ ਸੰਵਿਧਾਨ ਅਤੇ ਕਾਨੂੰਨ ਦੇ ਰਾਜ ਦਾ ਕੋਈ ਮਹੱਤਵ ਨਹੀਂ ਰਹਿ ਗਿਆ ਲੱਗਦਾ।

ਦੇਸ਼ ਦੀ ਧਰਮ, ਜਾਤ, ਲਿੰਗ ਤੇ ਵਰਗਵਾਦੀ ਵੰਡ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਘੱਟ ਗਿਣਤੀਆਂ ਤੇ ਦਲਿਤਾਂ ਦਾ ਤ੍ਰਿਸਕਾਰ ਜਾਰੀ ਹੈ। ਨਿਆਂਪਾਲਿਕਾ ਦੀ ਆਜ਼ਾਦੀ ਅਤੇ ਖ਼ੁਦਮੁਖ਼ਤਾਰੀ, ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ, ਮੀਡੀਆ ਦੀ ਆਜ਼ਾਦੀ ਮਜ਼ਾਕ ਬਣ ਕੇ ਰਹਿ ਗਈਆਂ ਹਨ।

ਭਾਰਤ ਦੀ ਆਬਾਦੀ ਸੰਨ 2027 ਤੱਕ 147 ਤੇ 2050 ਤਕ 174 ਕਰੋੜ ਹੋ ਜਾਵੇਗੀ। ਇਸ ਨਾਲ ਗੁਰਬਤ, ਬੇਰੁਜ਼ਗਾਰੀ, ਅਪਰਾਧ, ਗੰਦਗੀ ਵਧੇਗੀ। ਸਿੱਖਿਆ ਤੇ ਸਿਹਤ ਖੇਤਰ ਬੁਰੀ ਤਰਾਂ ਪ੍ਰਭਾਵਿਤ ਹੋਣ ਕਾਰਨ ਗੁਣਾਤਮਕ ਮਨੁੱਖੀ ਸੋਮੇ ਖੜੋਤ ਦਾ ਸ਼ਿਕਾਰ ਹੋ ਜਾਣਗੇ। ਐਸੀ ਵਿਵਸਥਾ ਸਮਾਜਿਕ, ਫ਼ਿਰਕੂ, ਵਰਗਵਾਦੀ, ਜਾਤੀਵਾਦੀ ਅਰਾਜਕਤਾ ਪੈਦਾ ਕਰ ਸਕਦੀ ਹੈ। ਸੋ, ਦੇਸ਼ ਦੀ ਰਾਜਨੀਤਕ ਲੀਡਰਸ਼ਿਪ ਨੂੰ ਮੁਲਕ ਦਾ ਨਿਜ਼ਾਮ ਕਾਰਪੋਰੇਟ ਸਰਮਾਏਦਾਰਾਂ ਅਨੁਸਾਰ ਨਹੀਂ, ਲੋਕਤੰਤਰੀ ਸਿਧਾਂਤਾਂ, ਸੰਵਿਧਾਨ ਅਤੇ ਕਾਨੂੰਨ ਦੇ ਰਾਜ ਅਨੁਸਾਰ ਸਭ ਧਰਮਾਂ, ਜਾਤਾਂ, ਵਰਗਾਂ, ਇਲਾਕਿਆਂ ਰਾਜਨੀਤਕ ਦਲਾਂ ਦੇ ਸਹਿਯੋਗ ਨਾਲ ਚਲਾਉਣ ਦੀ ਲੋੜ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਆਉਣ ਵਾਲੀਆਂ ਪੀੜੀਆਂ ਸਾਨੂੰ ਕਦੇ ਮਾ.ਫ ਨਹੀਂ ਕਰਨਗੀਆਂ। ਕੰਧ 'ਤੇ ਲਿਖਿਆ ਪੜ ਲੈਣ ਵਿਚ ਹੀ ਭਲਾਈ ਹੈ। ਕੋਰੋਨਾ ਮਹਾਂਮਾਰੀ ਨੇ ਕਿਸੇ ਮੁਲਕ ਵਿਸ਼ੇਸ਼ ਨੂੰ ਨਹੀਂ ਸਗੋਂ ਪੂਰੀ ਮਨੁੱਖਤਾ ਨੂੰ ਹੀ ਆਪਣੇ ਕਲਾਵੇ ਵਿਚ ਲਿਆ ਹੋਇਆ ਹੈ, ਇਸ ਲਈ ਵਿਸ਼ਵ ਭਾਈਚਾਰੇ ਨੂੰ ਇੱਕਜੁੱਟ ਹੋ ਕੇ ਇਸ ਦਾ ਮੁਕਾਬਲਾ ਕਰਨਾ ਹੋਵੇਗਾ।

# ਆਪਸੀ ਕਾਟੋ-ਕਲੇਸ਼ ਕਾਂਗਰਸ ਲਈ ਚੈਲਿੰਜ

**- ਦੀਪਕ ਜਲੰਧਰੀ**

ਕਪਿਲ ਸਿੱਬਲ ਕਾਂਗਰਸ ਦੇ ਉਨਾਂ ਨੇਤਾਵਾਂ ਵਿਚੋਂ ਹਨ ਜਿਨਾਂ ਨੇ ਇਸ ਨੂੰ ਕਈ ਵਾਰ ਡਿਗਦੇ-ਸੰਭਲਦੇ ਦੇਖਿਆ ਹੈ। ਆਪਣੇ ਰਾਜਨੀਤਿਕ ਜੀਵਨ ਦੇ ਮੁੱਢਲੇ ਸਮੇਂ ਵਿਚ ਉਨਾਂ ਨੇ ਕਦੇ ਵੀ ਚੋਣ ਨਾ ਲੜਨ ਦਾ ਇਰਾਦਾ ਕੀਤਾ ਸੀ। ਰਾਜ ਸਭਾ ਲਈ ਚੁਣੇ ਜਾਂਦੇ ਰਹੇ ਅਤੇ ਉਸ ਦੇ ਦਮ 'ਤੇ ਹੀ ਕਈ ਅਹੁਦਿਆਂ 'ਤੇ ਸਸ਼ੋਭਿਤ ਹੁੰਦੇ ਰਹੇ। ਅਸੀਂ ਜਾਣਦੇ ਹਾਂ ਕਿ ਪ੍ਰੇਮ ਤੇ ਰਾਜਨੀਤੀ ਵਿਚ ਉਮਰ ਦੀ ਕੋਈ ਬੰਦਿਸ਼ ਨਹੀਂ ਹੁੰਦੀ। ਚਾਰਲੀ-ਚੈਪਲਿਨ, ਨੈਲਸਨ ਮੰਡੇਲਾ ਅਤੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਡਾਕਟਰ ਯਸ਼ਵੰਤ ਸਿੰਘ ਪਰਮਾਰ ਨੇ ਬੁਢਾਪੇ ਵਿਚ ਸ਼ਾਦੀ ਕੀਤੀ ਸੀ ਤਾਂ ਕਿਸੇ ਨੇ ਉਨਾਂ ਦੀ ਨਿੱਜੀ ਜ਼ਿੰਦਗੀ 'ਤੇ ਉਂਗਲ ਨਹੀਂ ਚੁੱਕੀ ਸੀ। ਇਸੇ ਤਰਾਂ ਕਈ ਅਜਿਹੇ ਨੇਤਾ ਅੱਜ ਵੀ ਰਾਜਨੀਤੀ ਵਿਚ ਹਨ ਜਿਨਾਂ ਦਾ ਇਕ ਪੈਰ ਜ਼ਮੀਨ ਉੱਤੇ ਅਤੇ ਦੂਜਾ ਕਬਰ ਵਿਚ ਹੈ ਪਰ ਕਿਸੇ ਨੂੰ ਇਸ ਉੱਤੇ ਵੀ ਇਤਰਾਜ਼ ਨਹੀਂ ਹੋ ਸਕਦਾ।

ਸਿੱਬਲ ਵਰਗੇ ਬਜ਼ੁਰਗ ਅਤੇ ਅਨੁਭਵੀ ਨੇਤਾ ਕਾਂਗਰਸ ਵਿਚ ਹੋਰ ਵੀ ਹਨ। ਮੋਤੀ ਲਾਲ ਵੋਹਰਾ, ਗੁਲਾਮ ਨਬੀ ਆਜ਼ਾਦ ਸੈਫੂਓਦੀਨ ਸੋਜ਼ ਆਦਿ। ਕਾਂਗਰਸ ਨੇ ਸੰਨ 2004 ਅਤੇ 2009 ਵਿਚ ਜਿੱਤ ਹਾਸਲ ਕਰ ਕੇ ਦਸ ਸਾਲ ਦੇਸ਼ 'ਤੇ ਸ਼ਾਸਨ ਕੀਤਾ। ਅਸੀਂ ਇੱਥੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਦੀ ਪੁਸਤਕ ਵਿਚ ਕਹੇ ਗਏ ਡਾ. ਮਨਮੋਹਨ ਸਿੰਘ ਬਾਰੇ ਉਨਾਂ ਦੇ ਸ਼ਬਦਾਂ ਦਾ ਸਮਰਥਨ ਨਹੀਂ ਕਰਦੇ ਜਿਸ ਵਿਚ ਉਨਾਂ ਨੇ ਕਿਹਾ ਸੀ ਕਿ ਰਾਜਨੀਤੀ ਨਾਲ ਉਨਾਂ ਦਾ ਕੋਈ ਵਾਸਤਾ ਨਹੀਂ ਹੈ ਜਿਸ ਕਰ ਕੇ ਰਾਹੁਲ ਗਾਂਧੀ ਨੂੰ ਕੋਈ ਹਾਨੀ ਪਹੁੰਚ ਸਕੇ ਲੇਕਿਨ ਜਦੋਂ ਸੰਨ 2014 ਵਿਚ ਕਾਂਗਰਸ ਪਾਰਟੀ ਨੇ ਰਾਹੁਲ ਗਾਂਧੀ ਨੂੰ ਲੀਡਰਸ਼ਿਪ ਲਈ ਪ੍ਰਾਜੈਕਟ ਕੀਤਾ ਤਾਂ ਦਾਅ ਉਲਟਾ ਪੈ ਗਿਆ ਅਤੇ ਸੱਤਾ ਕਾਂਗਰਸ ਦੇ ਹੱਥੋਂ ਨਿਕਲ ਗਈ।

ਕਾਂਗਰਸ ਨੇ ਪਹਿਲਾਂ ਵੀ 1977 ਅਤੇ 1989 ਵਿਚ ਕਈ ਉਤਰਾਅ-ਚੜਾਅ ਦੇਖੇ ਹਨ ਅਤੇ ਰਾਜਨੀਤਕ ਦਲਾਂ ਵਿਚ ਅਜਿਹੇ ਦੌਰ ਆਉਂਦੇ ਵੀ ਰਹਿੰਦੇ ਹਨ 'ਕਦੀ ਬੇੜੀ ਗਧੇ ਉੱਪਰ ਅਤੇ ਕਦੇ ਗਧਾ ਬੇੜੀ ਉੱਪਰ' ਵਾਲਾ ਮਾਮਲਾ ਹੋ ਜਾਂਦਾ ਹੈ। ਸੰਨ 1984 ਵਿਚ ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ ਤਾਂ, ਉਹ ਸਾਲ ਭਾਜਪਾ ਲਈ ਸਭ ਤੋਂ ਕਾਲਾ ਦੌਰ ਸਿੱਧ ਹੋਇਆ ਸੀ।

ਉਨੀਂ ਦਿਨੀਂ ਅਟਲ ਬਿਹਾਰੀ ਵਾਜਪਾਈ ਭਾਜਪਾ ਦੇ ਪ੍ਰਧਾਨ ਸਨ। ਮਰਹੂਮ ਰਾਜੀਵ ਗਾਂਧੀ ਦੇ ਸਮੇਂ ਹੋਈਆਂ ਚੋਣਾਂ ਭਾਜਪਾ ਦਾ ਬੇੜਾ ਹੀ ਡੁੱਬੋ ਗਈਆਂ ਤੇ ਸਿਰਫ਼ ਦੋ ਸੰਸਦ ਮੈਂਬਰ ਹੀ ਚੁਣੇ ਗਏ ਸਨ। ਵਾਜਪਾਈ ਜੀ ਵੀ ਹਾਰ ਗਏ ਸਨ। ਬੋਫੋਰਜ਼ ਤੋਪਾਂ ਵਿਚ ਦਲਾਲੀ ਖਾਣ ਦਾ ਮਸਲਾ ਸਵਰਗਵਾਸੀ ਵੀ. ਪੀ. ਸਿੰਘ ਵੱਲੋਂ ਉਠਾਏ ਜਾਣ 'ਤੇ ਭਾਜਪਾ ਦੇ ਸਰੀਰ ਵਿਚ ਮੁੜ ਜਾਨ ਆ ਗਈ ਅਤੇ ਸੰਨ 1989 ਦੀਆਂ ਚੋਣਾਂ ਵਿਚ ਉਹ 84 ਸੀਟਾਂ ਜਿੱਤ ਗਈ। ਵੀ. ਪੀ. ਸਿੰਘ ਦੀ ਸਰਕਾਰ ਭਾਜਪਾ ਦੇ ਸਮਰਥਨ ਨਾਲ ਹੀ ਬਣੀ ਸੀ। ਸੰਨ 1991 ਵਿਚ ਭਾਜਪਾ 120 ਸੀਟਾਂ ਜਿੱਤ ਗਈ।

ਇਸ ਨਾਲ ਅਡਵਾਨੀ ਦੀਆਂ ਰਥ ਯਾਤਰਾਵਾਂ ਦਾ ਸ੍ਰੀ ਗਣੇਸ਼ ਹੋ ਗਿਆ। ਅਡਵਾਨੀ ਜੀ ਨੂੰ ਲੱਗਿਆ ਕਿ ਦਾਅ ਠੀਕ ਸਿੱਧਾ ਬੈਠ ਰਿਹਾ ਹੈ ਅਤੇ ਕਿਸੇ ਹੱਦ ਤਕ ਇਹ ਅਨੁਭਵ ਸਫਲ ਵੀ ਰਿਹਾ ਕਿਉਂਕਿ ਸੰਨ 1996 ਵਿਚ ਹੋਈਆਂ ਚੋਣਾਂ ਵਿਚ ਭਾਜਪਾ ਨੇ 161 ਸੀਟਾਂ ਜਿੱਤ ਕੇ ਭਾਰਤੀ-ਰਾਜਨੀਤੀ ਵਿਚ ਆਪਣੀ ਇਕ ਪਛਾਣ ਵੀ ਬਣਾ ਲਈ ਸੀ। ਕਾਂਗਰਸ ਦੀ ਵਿਰੋਧੀ ਪਾਰਟੀ ਭਾਜਪਾ ਨੂੰ ਵੱਡਾ ਦਲ ਹੋਣ ਕਰਕੇ ਸਰਕਾਰ ਬਣਾਉਣ ਦਾ ਮੌਕਾ ਮਿਲਿਆ ਪਰ ਸਿਰਫ਼ 13 ਦਿਨ ਹੀ ਇਹ ਸਰਕਾਰ ਠਹਿਰ ਸਕੀ ਅਤੇ ਦੁਬਾਰਾ ਚੋਣਾਂ ਹੋਈਆਂ।

ਇਸ ਵਾਰ ਜਨਤਾ ਵਿਚ ਇਕ ਹਮਦਰਦੀ ਦੀ ਲਹਿਰ ਸੀ ਅਤੇ ਉਸੇ ਦੇ ਬਲਬੂਤੇ ਭਾਜਪਾ 180 ਸੀਟਾਂ ਦੇ ਅੰਕੜੇ ਨੂੰ ਛੂਹ ਗਈ। ਇਹ ਸਰਕਾਰ, ਜੈਲਲਿਤਾ ਦੁਆਰਾ ਸਮਰਥਨ ਵਾਪਸ ਲੈ ਲੈਣ ਕਾਰਨ ਸਿਰਫ਼ 13 ਮਹੀਨੇ ਹੀ ਚੱਲ ਸਕੀ। ਸੰਨ 1999 ਵਿਚ ਫਿਰ ਇਕ ਵਾਰ ਭਾਰਤੀ ਮਤਦਾਤਾਵਾਂ ਨੇ ਭਾਜਪਾ ਦਾ ਸਾਥ ਦਿੱਤਾ ਕਿਉਂਕਿ ਇਸ ਸਮੇਂ ਕਾਰਗਿਲ ਦਾ ਯੁੱਧ ਹੋ ਚੁੱਕਾ ਸੀ।

ਭਾਜਪਾ ਨੇ ਰਿਕਾਰਡ 182 ਸੀਟਾਂ ਜਿੱਤ ਲਈਆਂ ਅਤੇ 23 ਛੋਟੇ ਦਲਾਂ ਨੂੰ ਨਾਲ ਲੈ ਕੇ ਵਾਜਪਾਈ ਜੀ ਦੀ ਅਗਵਾਈ ਵਿਚ ਗੱਠਜੋੜ ਵਾਲੀ ਸਰਕਾਰ ਬਣਾਈ ਅਤੇ ਦੇਸ਼ ਵਿਚ ਗੱਠਜੋੜ ਗਣਤੰਤਰ ਦਾ ਸ੍ਰੀ ਗਣੇਸ਼ ਹੋਇਆ ਜਿਸ ਦਾ ਲਾਭ ਕਾਂਗਰਸ ਨੂੰ ਵੀ ਮਿਲਿਆ। ਕਾਂਗਰਸ ਦੇ 23 ਲੋਕ ਇਸ ਇਤਿਹਾਸ ਤੋਂ ਜਾਣੂ ਹਨ। ਤਦ ਹੀ ਤਾਂ ਉਹ ਕਾਂਗਰਸ ਹਾਈ ਕਮਾਂਡ ਨੂੰ ਆਤਮ ਚਿੰਤਨ ਦੀ ਸਲਾਹ ਦੇ ਰਹੇ ਹਨ। ਇਸ ਦਾ ਹਸ਼ਰ ਇਹ ਹੋਇਆ ਕਿ ਉਹ 23 ਵਿਅਕਤੀ ਹਾਸ਼ੀਏ 'ਤੇ ਆ ਗਏ। ਕਾਂਗਰਸ ਦੇ ਬਿਹਾਰ ਦੀਆਂ ਚੋਣਾਂ ਵਿਚ ਬੁਰੀ ਤਰਾਂ ਅਸਫਲ ਹੋਣ 'ਤੇ ਕਪਿਲ ਸਿੱਬਲ ਨੇ ਤਾਂ ਇਹੀ ਕਿਹਾ ਕਿ ਕਾਂਗਰਸ ਹਾਈ ਕਮਾਂਡ ਨੂੰ ਆਪਣੀਆਂ ਨੀਤੀਆਂ 'ਤੇ ਗੰਭੀਰਤਾ ਨਾਲ ਮੰਥਨ ਕਰਨਾ ਚਾਹੀਦਾ ਹੈ।

ਇਸ 'ਤੇ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਸਿੱਬਲ ਜੀ ਨੂੰ ਜੇ ਪਾਰਟੀ ਦੀਆਂ ਨੀਤੀਆਂ ਚੰਗੀਆਂ ਨਹੀਂ ਲੱਗਦੀਆਂ ਤਾਂ ਉਹ ਪਾਰਟੀ ਛੱਡ ਜਾਣ ਜਾਂ ਨਵੀਂ ਪਾਰਟੀ ਬਣਾ ਲੈਣ। ਇਸ ਨੂੰ ਤੁਸੀਂ ਕੀ ਕਹੋਗੇ? ਕਾਂਤੀ ਚਿਦਾਂਬਰਮ, ਸੰਜੇ ਨਿਰੂਪਮ ਵੀ ਇਸੇ ਤਰਾਂ ਸ਼ਬਦਾਂ ਨੂੰ ਬਦਲ ਕੇ ਉਹੀ ਕਹਿ ਰਹੇ ਹਨ ਜੋ ਕਪਿਲ ਸਿੱਬਲ ਨੇ ਕਿਹਾ ਹੈ। ਇਕ ਵਾਰ ਤਾਂ ਰਾਹੁਲ ਗਾਂਧੀ ਨੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਕਹਿ ਵੀ ਦਿੱਤਾ ਕਿ ਇਹ 23 ਲੋਕ ਭਾਜਪਾ ਦੀ ਬੋਲੀ ਬੋਲਦੇ ਹਨ।

ਇਸ ਰਾਹੁਲ ਗਾਂਧੀ ਬਾਰੇ ਓਬਾਮਾ ਨੇ ਜੋ ਕਿਹਾ, ਅਸੀਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦੇ ਪਰ ਜਿਸ ਪਾਰਟੀ ਵੱਲੋਂ ਰਾਜਦ (ਰਾਸ਼ਟਰੀ ਜਨਤਾ ਦਲ) ਦੇ ਨਾਲ ਮਿਲ ਕੇ ਬਿਹਾਰ ਦਾ ਇਲੈਕਸ਼ਨ ਲੜਿਆ ਗਿਆ, ਉਸ ਦੇ ਸੀਨੀਅਰ ਨੇਤਾ ਸ਼ਿਵਾ ਨੰਦ ਤਿਵਾੜੀ ਤਾਂ ਇੱਥੋਂ ਤਕ ਕਹਿ ਗਏ ਕਿ ਰਾਹੁਲ ਚੋਣਾਂ ਨੂੰ ਲੈ ਕੇ ਸੰਜੀਦਾ ਨਹੀਂ ਹੈ। ਅਸੀਂ ਇੱਥੇ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਕਰਨਾਟਕ ਦੀਆਂ ਚੋਣਾਂ ਸਬੰਧੀ ਕੁਝ ਕਹਿਣਾ ਨਹੀਂ ਚਾਹੁੰਦੇ। ਇਕ ਕਾਂਗਰਸੀ ਲੀਡਰ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ ਰਾਹੁਲ ਗਾਂਧੀ ਨੂੰ ਜਿਸ ਚੋਣ ਵਿੱਚ ਵੀ ਭੇਜੋਗੇ ਉੱਥੇ ਹਾਰ ਯਕੀਨੀ ਹੈ ਕਿਉਂਕਿ ਆਮ ਜਨਤਾ ਉਨਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਪਾਰਟੀ ਦੋ ਗੁੱਟਾਂ ਵਿਚ ਵੰਡੀ ਹੋਈ ਹੈ। ਅਨੁਸ਼ਾਸਨਹੀਣਤਾ ਉੱਪਰ ਤੋਂ ਹੇਠਾਂ ਤਕ ਦਿਖਾਈ ਦੇ ਰਹੀ ਹੈ।

ਰਾਹੁਲ ਜੀ ਆਪਣੀ ਖਿਝ ਨੂੰ ਛੁਪਾਉਣ ਲਈ ਉੱਚੀ ਆਵਾਜ਼ ਵਿਚ ਭਾਸ਼ਣ ਵੀ ਦੇ ਰਹੇ ਹਨ। ਤਣ ਕੇ ਚੱਲ ਵੀ ਰਹੇ ਹਨ। ਫੇਸਬੁੱਕ 'ਤੇ ਆਪਣੇ ਵਿਚਾਰ ਵੀ ਪੇਸ਼ ਕਰ ਰਹੇ ਹਨ, ਦੂਜੇ ਪਾਸੇ ਇਕ ਤਬਕਾ ਅਜਿਹਾ ਹੈ ਜਿਹੜਾ ਉਨਾਂ ਨੂੰ ਦਰਕਿਨਾਰ ਕਰਨ ਦਾ ਯਤਨ ਕਰ ਰਿਹਾ ਹੈ। ਰਾਹੁਲ ਜੀ ਅੰਦਰ ਦੀ ਲੜਾਈ ਤੋਂ ਪਾਰ ਨਹੀਂ ਪਾ ਸਕਣਗੇ।

ਲਾਲਚ ਕਦੇ ਕਿਸੇ ਦਾ ਸਕਾ ਨਹੀਂ ਤੇ ਰਾਜਨੀਤੀ ਵਿਚ ਦਰਾੜਾਂ ਵੀ ਇਹ ਲਾਲਚ ਹੀ ਖਿੱਚ ਦਿੰਦਾ ਹੈ। ਸਰਕਾਰ ਨੂੰ ਚੱਲਦਾ ਕਰਨ ਦੀ ਆਸ 'ਚ ਬੈਠੀ ਜਨਤਾ ਕਾਂਗਰਸ ਵਿਚ ਹੁੰਦਾ ਸ਼ੀਤ ਯੁੱਧ ਦੇਖ ਰਹੀ ਹੈ। ਰਾਹੁਲ ਦਾ ਅਗਲਾ ਕਦਮ ਕੀ ਹੋਵੇਗਾ, ਇਹ ਤਾਂ ਉਹ ਹੀ ਜਾਣਦੇ ਹਨ, ਹੋਰ ਕੋਈ ਨਹੀਂ।


ਵਾਰਿਸ ਪੰਜਾਬ ਦੇ
ਆਓ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਬਾਬਾ ਰੱਖ ਤੇਰੀ ਛਾਹ, ਸਾਨੂੰ ਕੁੱਤਿਆਂ ਤੋਂ ਛੁਡਾ

## ਕਿਰਸਾਨਾਂ ਵਿਰੁੱਧ ਮੋਦੀਵਾਦ ਦਾ ਬ੍ਰਹਮ- ਅਸਤਰ-ਤਰਕ ਤੇ ਕਾਰਪੋਰੇਟ ਦਾ ਜੋਕਤੰਤਰ



**- ਗੁਰਤੇਜ ਸਿੰਘ,**

ਕਿਸਾਨ ਲਹਿਰ ਜਾਰੀ ਹੈ, ਬਲਸ਼ਾਲੀ ਨਾਲ ਜਾਰੀ ਹੈ ਅਤੇ ਤਕਰੀਬਨ ਹਰ ਵਰਗ ਦੀ ਲਹਿਰ ਬਣ ਚੁੱਕੀ ਹੈ। ਏਸ ਦੇ ਹਰਮਨ ਪਿਆਰੇ ਹੋਣ ਦਾ ਰਾਜ ਇੱਕ ਸਾਦਾ ਲੱਗਦੇ ਪਰ ਬੇਹੱਦ ਜ਼ਹੀਨ ਕਿਰਸਾਣ ਨੇ ਖੋਲਿਆ ਜਦੋਂ ਉਸ ਨੇ ਮੱਕੀ ਦੇ ਆਟੇ ਦੇ ਥੈਲੇ ਉੱਤੇ ਲਿਖੀ 149 ਰੁਪਏ ਕੀਮਤ ਵਿਖਾ ਕੇ ਚੰਦ ਸ਼ਬਦ ਆਖੇ: 'ਪਰਸੋਂ ਅਸੀਂ ਇਹ ਮੱਕੀ 7 ਰੁਪਏ ਕਿੱਲੋ ਵੇਚੀ ਸੀ।' ਨਵਜੋਤ ਸਿੰਘ ਸਿੱਧੂ ਨੇ ਵੀ ਦੁਖਦੀ ਰਗ 'ਤੇ ਹੱਥ ਰੱਖਿਆ ਜਦੋਂ ਉਸ ਨੂੰ ਮੰਡੀ ਵਿੱਚ ਬੈਠੇ ਦੁਕਾਨਦਾਰ ਨੇ ਦੱਸਿਆ ਕਿ ਉਹ ਕਿਰਸਾਣ ਤੋਂ ਟਮਾਟਰ ਚਾਰ ਤੋਂ ਪੰਜ ਰੁਪਏ ਕਿੱਲੋ ਖ਼ਰੀਦਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਨੂੰ ਇਹ 50 ਤੋਂ 60 ਰੁਪਏ ਕਿੱਲੋ ਮਿਲਦੇ ਹਨ। ਗੰਢਿਆਂ ਦਾ ਵੀ ਏਹੋ ਹਾਲ ਹੈ। ਪੰਦਰਾਂ ਗੁਣਾਂ ਖ਼ਰੀਦ ਤੋਂ ਵੱਧ ਵੇਚਣ ਵਾਲੇ ਦੋ ਦਲਾਲ, ਹੋਲਸੇਲ ਅਤੇ ਪ੍ਰਚੂਨ ਵਾਲੇ, ਕਿਰਸਾਣ ਦੇ ਟੱਬਰ ਦੀ ਸਾਰੀ ਕਮਾਈ ਰਾਹੇ ਹੜੱਪ ਜਾਂਦੇ ਹਨ। ਜਨਤਾ ਮਹਿੰਗਾਈ ਦੇ ਪੁੜਾਂ ਵਿੱਚ ਪੀਸੀਂਦੀ ਹੈ ਅਤੇ ਕਿਰਸਾਣ ਕਰਜ਼ੇ ਦੇ ਬੋਝ ਹੇਠ। ਪਤਾ ਨਹੀਂ ਏਸ ਲਹੂ-ਪੀਣੀ ਜਮਾਤ ਦਾ ਜ਼ਿਕਰ ਕਿਉਂ ਨਹੀਂ ਚੱਲਦਾ ? ਕੀ ਇਨਾਂ ਦੀ ਜਾਤ ਸੱਤਾ ਦੇ ਦਲਾਲਾਂ ਨਾਲ ਮਿਲਦੀ ਹੈ ? ਦਲਾਲ ਬਠਿੰਡੇ ਦੇ ਕਿਲੇ ਵਾਲੇ ਦਿਉ ਹਨ ਜਿਸ ਦੇ ਬਾਰੇ ਸਿੱਖਾਂ ਨੇ ਦਸਵੇਂ ਪਾਤਸ਼ਾਹ ਨੂੰ ਦੱਸਿਆ ਸੀ 'ਸਾਡੀ ਕਮਾਈ ਵਿੱਚ ਬਰਕਤ ਨਹੀਂ ਪੈਂਦੀ। ਸਾਰੀ ਬਰਕਤ ਇਹ ਦੇਅ ਡੀਕ ਜਾਂਦਾ ਹੈ।' ਦਲਾਲ-ਜੋਕਾਂ ਨੇ ਹੀ ਕਿਰਸਾਣ ਨਾਲ ਹੁੰਦੀ ਬੇਇਨਸਾਫ਼ੀ ਨੂੰ ਤ੍ਰਾਸਦੀ ਦੇ ਰੂਪ ਵਿੱਚ ਪ੍ਰਗਟ ਕਰ ਕੇ ਰੋਸ ਨੂੰ ਹਰ ਵਰਗ ਦੀ ਲਹਿਰ ਬਣਾਇਆ ਹੈ।

ਕੇਵਲ ਤੱਕੜੀ-ਵੱਟੇ ਨਾਲ ਲੈਸ ਵਿਚਾਰੇ ਜਿਹੇ ਲੱਗਦੇ ਇਹ ਦਲਾਲ ਏਸ ਮੁਲਕ ਦਾ ਸਭ ਤੋਂ ਕਰੂਰ ਅਤੇ ਜ਼ਾਲਮ ਜੰਤੂ ਹਨ। ਇਹ ਜਦੋਂ ਚਾਹੁੰਣ ਗੰਢੇ ਇੱਕ ਸੌ ਪੰਜਾਹ ਰੁਪਏ ਕਿੱਲੋ ਕਰ ਕੇ ਲੋਕਾਈ ਦਾ ਸਾਹ ਕੱਢ ਲੈਣ; ਜਦੋਂ ਚਾਹੁੰਣ ਲਾਸ਼ਾਂ ਵਿਛਾ ਦੇਣ। ਜੇ ਹਿਸਾਬ-ਕਿਤਾਬ ਤੋਂ ਕੋਰੇ ਸਾਦਾ-ਦਿਲ ਮੁਸਲਮਾਨ ਇਨਾਂ ਦੇ ਸਤਾਏ ਨਾ ਹੁੰਦੇ ਤਾਂ ਹਿੰਦ ਦੇ ਕਦੇ ਤਿੰਨ ਟੁਕੜੇ ਨਾ ਹੁੰਦੇ। ਇਨਾਂ ਜੋਕਾਂ ਤੋਂ ਬਚਣ ਲਈ ਹੀ ਉਹਨਾਂ ਪਾਕਿਸਤਾਨ ਦੀ ਮੰਗ ਨੂੰ ਹੁਲਾਰਾ ਦਿੱਤਾ ਜਿਸ ਕਾਰਨ ਪੰਜਾਬ ਲਹੂ-ਲੁਹਾਣ ਹੋਇਆ। ਇਹ ਲੋਕਾਂ ਦੀ ਮਿਹਨਤ ਉੱਤੇ ਪਲਣ ਵਾਲੇ ਲੋਕ ਹਨ ਜਿਨਾਂ ਨੂੰ ਗੁਰੂ ਨਾਨਕ ਨੇ 'ਕਿਰਾੜ' ( ਨਾਲ ਕਿਰਾੜਾ ਦੋਸਤੀ.... ) ਆਖਿਆ ਸੀ। ਇਨਾਂ ਦਾ ਪੈਸੇ ਤੋਂ ਬਿਨਾ ਨਾ ਕੋਈ ਧਰਮ ਹੁੰਦਾ ਹੈ ਨਾ ਜਾਤ ਜੇ ਕੇਵਲ ਇਸ ਬਿਮਾਰੀ ਦਾ ਹੀ ਹੱਲ ਲੱਭ ਲਿਆ ਜਾਵੇ ਤਾਂ ਕਿਰਸਾਣ ਨੂੰ ਦੁੱਗਣਾ ਭਾਅ ਸਹਿਜੇ ਹੀ ਮਿਲ ਸਕਦਾ ਹੈ ਅਤੇ ਖ਼ਰੀਦਦਾਰ ਨੂੰ ਵੀ ਅੱਧੇ ਮੁੱਲ ਉੱਤੇ ਜ਼ਰੂਰੀ ਵਸਤਾਂ ਮਿਲ ਸਕਦੀਆਂ ਹਨ। ਜੋਕਤੰਤਰ ਤੋਂ ਮੁਕਤੀ ਦਾ ਇਹ ਸਭ ਤੋਂ ਸੌਖਾ ਰਾਹ ਹੈ। ਜੇ ਜੋਕਾਂ ਦਮੂਹੀਆਂ ਨਾ ਹੁੰਦੀਆਂ ? ਜਿਨਾਂ ਦਾ ਇੱਕ ਮੂੰਹ ਸਿਆਸਤਦਾਨ ਨਾ ਹੁੰਦਾ ? ਤਾਂ ਮਸਲਾ ਹੱਲ ਸੀ।

ਇੱਕ ਹੋਰ 'ਅੜਚਨ', ਜਿਸ ਬਾਰੇ ਅਜੇ ਤੱਕ ਕਿਸਾਨਾਂ ਨੇ ਪੂਰੀ ਚੀਰ-ਫਾੜ ਨਹੀਂ ਕੀਤੀ, ਵੀ ਇਸ ਕਿਰਾੜ ਮਾਨਸਿਕਤਾ ਨਾਲ ਜੁੜੀ ਹੋਈ ਹੈ। ਯੂ.ਐਨ.ਓ. ਦਾ ਕਹਿਣਾ ਹੈ ਕਿ ਅਗਲੇ ਸਾਲ ਇੱਕ ਭਿਆਨਕ ਕਾਲ ਪੈਣ ਵਾਲਾ ਹੈ। ਇੰਨਾ ਭਿਆਨਕ ਕਾਲ ਪਿਛਲੇ ਪੰਜਾਹ ਸਾਲਾਂ ਤੋਂ ਨਹੀਂ ਪਿਆ। 'ਕਿਰਾੜਾਂ' ਨੂੰ ਉਮੀਦ ਹੈ ਕਿ, ਕਿਉਂਕਿ ਹਿੰਦੋਸਤਾਨ ਕੋਲ ਅਗਲੇ ਚਾਰ ਸਾਲਾਂ ਵਾਸਤੇ ਮੁਕੰਮਲ ਅੰਨ ਗੁਦਾਮਾਂ ਵਿੱਚ ਪਿਆ ਹੈ, ਉਹ ਆਪਣੀ ਨਵੀਂ ਖ਼ਰੀਦ ਨੂੰ ਮਨ-ਚਾਹੇ ਭਾਅ ਵੇਚ ਸਕਣਗੇ। ਉਹ ਦੂਜੇ ਮੂੰਹ ਨੂੰ ਵੀ (ਬੁਰਕੀ ਨਹੀਂ) ਬੁਰਕ ਮਾਰਨ ਦਾ ਮੌਕਾ ਦੇ ਸਕਣਗੇ।

ਦੂਜੇ ਪਾਸੇ, ਪੂਰੀ ਬੇਸ਼ਰਮੀ ਨਾਲ ਸਰਕਾਰ ਵੀ ਅਗਲੇ ਚਾਰ ਸਾਲਾਂ ਲਈ ਜਮਾਂ ਅੰਨ-ਭੰਡਾਰ ਨੂੰ ਕਿਰਸਾਨਾਂ ਵਿਰੁੱਧ ਬ੍ਰਹਮ- ਅਸਤਰ-ਤਰਕ ਦੇ ਤੌਰ 'ਤੇ ਵਰਤਣ ਦੀ ਤਿਆਰੀ ਖਿੱਚ ਰਹੀ ਹੈ। ਉਸ ਨੂੰ ਇਹ ਅਹਿਸਾਸ ਹੀ ਨਹੀਂ ਕਿ ਇਹ ਭੰਡਾਰ ਉਸ ਦੀ ਨਾਲਾਇਕੀ ਨੂੰ ਉਜਾਗਰ ਕਰਦਾ ਹੈ। ਵਪਾਰ ਵਿੱਚ ਇੰਨਾ ਭਾਰ ਚੁੱਕ ਕੇ ਬੈਠੇ ਰਹਿਣਾ ਨਾ-ਅਹਿਲੀਅਤ ਹੁੰਦੀ ਹੈ। ਸਰਕਾਰ ਹੁਣ ਸਾਡੇ ਵੱਲੋਂ ਭਰੇ ਭੰਡਾਰਾਂ ਨੂੰ ਹੀ ਸਾਡੇ ਵਿਰੁੱਧ ਵਰਤਣਾ ਚਾਹੁੰਦੀ ਹੈ। ਜੇ ਇਹ ਇੰਨਾ ਵੀ ਇੰਤਜ਼ਾਮ ਨਹੀਂ ਸੀ ਕਰ ਸਕਦੇ ਤਾਂ ਸਾਨੂੰ ਹਿੰਦ-ਪਾਕ ਸਰਹੱਦ ਉੱਤੇ ਵਪਾਰਕ ਖ਼ੁੱਲ ਦਿੰਦੇ। ਅੱਜ ਵੀ ਚੀਨ ਵਿੱਚ ਚੌਲਾਂ ਦੀ ਬਹੁਤ ਘਾਟ ਹੈ। ਕਾਬਲ, ਅੰਮ੍ਰਿਤਸਰ ਤੋਂ ਦਿੱਲੀ ਜਿੰਨੀ ਹੀ ਵਾਟ ਹੈ। ਅਸੀਂ ਆਪਣੀ ਪੈਦਾਵਾਰ ਵੇਚਣ ਲਈ ਨਵੇਂ ਰਾਹ ਲੱਭ ਸਕਦੇ ਹਾਂ। ਭੰਡਾਰ ਦਾ ਤਰਕ ਤੁਹਾਡੀ ਨਾਲਾਇਕੀ ਦਾ ਸੂਚਕ ਹੈ ਅਤੇ ਸਾਡੀ ਸਮਰੱਥਾ ਦਾ।

ਘੱਟੋ-ਘੱਟ ਖ਼ਰੀਦ ਮੁੱਲ ਨੂੰ ਰੱਦ ਕਰਨ ਲੱਗੇ ਤੁਸੀਂ ਆਖਦੇ ਹੋ ਕਿ ਤੁਸੀਂ ਕਿਸੇ ਨੂੰ ਖ਼ਾਸ ਕੀਮਤ ਉੱਤੇ ਖ਼ਰੀਦਣ ਲਈ ਮਜਬੂਰ ਨਹੀਂ ਕਰ ਸਕਦੇ। ਇਹੀ ਤਰਕ ਸਾਨੂੰ ਕੱਪੜੇ, ਡੀਜ਼ਲ, ਖਾਦ, ਕੀੜੇਮਾਰ ਦਵਾਈਆਂ, ਟਰੈਕਟਰ, ਬੈਟਰੀਆਂ ਆਦਿ ਲਾਗਤ ਤੋਂ ਸੌ ਗੁਣਾ ਵੱਧ ਕੀਮਤ ਤੇ ਵੇਚਣ ਵਾਲਿਆਂ ਨੂੰ ਤੁਸੀਂ ਕਿਉਂ ਨਹੀਂ ਦਿੰਦੇ ?

ਦਿੱਲੀ ਵਾਲੇ ਆਖਦੇ ਹਨ ਕਿ ਉਨਾਂ ਨੇ ਬੜੇ ਸੁੱਚੇ ਮਨ ਨਾਲ, ਗੰਗਾ ਵਾਂਗ ਪਾਕ ਕਾਨੂੰਨ ਸਾਡੇ ਭਲੇ ਲਈ ਬਣਾਏ ਹਨ। ਉਹ ਆਖਦੇ ਹਨ ਕਿ ਉਨਾਂ ਦੇ ਮਨਾਂ ਵਿੱਚ ਸਾਡੇ ਲਈ ਪਿਆਰ ਡੁੱਲ-ਡੁੱਲ ਪੈਂਦਾ ਹੈ ਅਤੇ ਉਹ ਦਿੱਲੀ ਵਿੱਚ ਸਭ ਸਹੂਲਤਾਂ ਦੇਣ ਲਈ ਬੜੇ ਉਤਾਵਲੇ ਹਨ। ਇਨਾਂ ਦੀ ਅਜਿਹੇ 'ਨੇਕ' ਇਰਾਦਿਆਂ ਤੋਂ ਤਾਂ ਅਸੀਂ ਸਦੀਆਂ ਤੋਂ ਵਾਕਫ਼ ਹਾਂ। ਬਾਕੀ ਸਾਰੇ ਇਤਿਹਾਸ ਨੂੰ ਪਾਸੇ ਰੱਖ ਕੇ ਪਿਛਲੇ ਕੁਝ ਮਹੀਨਿਆਂ ਦੇ ਤੁਹਾਡੇ ਪਰ-ਉਪਕਾਰਾਂ ਨੂੰ ਭੁੱਲ ਜਾਣ ਲਈ ਸਾਨੂੰ ਸਦੀਆਂ ਲੱਗਣਗੀਆਂ।

ਕਿੰਨੀ ਫਰਾਖ਼ਦਿਲੀ ਨਾਲ ਤੁਸੀਂ ਦੋ-ਤਿੰਨ ਮਹੀਨੇ ਸਾਡੀ ਤਕਲੀਫ਼ ਨਾ ਸੁਣ ਕੇ ਸਾਨੂੰ ਰੇਲ ਦੀਆਂ ਪਟੜੀਆਂ ਵਿੱਚ ਆਰਾਮ ਕਰਨ ਦੀ ਸਹੂਲਤ ਮੁਹੱਈਆ ਕਰਵਾਈ। ਤੁਹਾਡੀ ਸੁਹਿਰਦਤਾ ਏਸ ਵਿੱਚੋਂ ਸਾਫ਼ ਝਲਕਦੀ ਸੀ। ਸਾਨੂੰ ਦਿੱਲੀ ਆਉਂਦਿਆਂ ਨੂੰ ਵੇਖ ਕੇ ਤੁਸੀਂ ਹਰ ਮੋੜ, ਹਰ ਸਰਹੱਦ ਉੱਤੇ ਡਾਂਗਾਂ, ਬੰਦੂਕਾਂ ਨਾਲ ਲੈਸ ਸਿਪਾਹੀ ਸਾਡੇ ਸਵਾਗਤ ਲਈ ਭੇਜੇ। ਤੁਸੀਂ ਤਕਰੀਬਨ ਹਰ ਵੀਹ-ਪੰਜਾਹ ਮੀਲ ਉੱਤੇ ਡੂੰਘੇ ਟੋਏ ਪੁੱਟੇ, ਟਿੱਬੇ ਉਸਾਰੇ, ਮਣਾਂ-ਮੂੰਹੀਂ ਭਾਰੇ ਪੱਥਰ ਰੱਖੇ। ਇਨਾਂ ਵਿੱਚੋਂ ਤੁਹਾਡਾ ਨਿੰਮਾ-ਨਿੰਮਾ ਮੁਸਕੁਰਾਉਣਾ ਸਾਨੂੰ ਸਾਫ਼ ਨਜ਼ਰ ਆਇਆ। ਹੱਦ ਤਾਂ ਉਦੋਂ ਹੋ ਗਈ ਜਦੋਂ ਤੁਸੀਂ ਸਾਡੇ ਇਸ਼ਨਾਨ ਲਈ ਗੰਗਾ ਵਾਂਗ ਹੀ ਗੰਦੇ ਨਾਲਿਆਂ ਦਾ ਪਾਣੀ ਸਾਡੇ ਉੱਤੇ ਪਣ-ਤੋਪਾਂ ਰਾਹੀਂ ਛਿੜਕਿਆ। ਪਿਛਲੇ 70 ਸਾਲਾਂ ਦੇ ਸਭ ਤੋਂ ਠੰਢੇ ਦਿਨਾਂ, ਰਾਤਾਂ ਦੌਰਾਨ ਤੁਸੀਂ ਸਣਕਪੜੇ ਇਸ਼ਨਾਨ ਦੀ ਸਹੂਲਤ ਬੜੀ ਫਰਾਖ਼ਦਿਲੀ ਨਾਲ ਬਖ਼ਸ਼ੀ। ਸਾਡੀ ਦਸਾਂ ਨਹੁੰਆਂ ਦੀ ਕਿਰਤ, ਫ਼ਕੀਰਾਂ ਦੀ ਸੱਚੀ ਗਜ਼ਾਂ ਉੱਤੇ ਤੁਸੀਂ ਉਹੀ ਗੰਦਾ ਪਾਣੀ ਛਿੜਕਿਆ। ਅਸੀਂ ਚਾਹ ਕੇ ਵੀ ਭੁੱਲ ਨਹੀਂ ਸਕਦੇ ਕਿ ਤੁਸੀਂ ਸਾਡੇ ਬਜ਼ੁਰਗਾਂ, ਬੱਚਿਆਂ, ਮਾਵਾਂ, ਭੈਣਾਂ ਉੱਤੇ ਡਾਂਗਾਂ ਵਰਾਈਆਂ। ਜਿਨਾਂ ਨਾਲ ਉਨਾਂ ਦੇ ਨਿਆਣੇ ਅਤੇ ਬੁੱਢੇ ਹੱਡ ਚੰਗੀ ਤਰਾਂ ਸੇਕੇ ਗਏ। ਤੁਹਾਡੀ ਖੁੱਲੀਆਂ ਜੇਲਾਂ ਦੇ ਮਨਸੂਬੇ ਸਿਰੇ ਨਾ ਚੜ ਸਕੇ। ਨਹੀਂ ਤਾਂ ਤੁਸੀਂ ਉੱਥੇ ਸਾਡੀ ਚੰਗੀ ਸੇਵਾ ਕਰਨੀ ਸੀ। ਇਹ ਸਾਰੇ ਸਬੂਤ ਹਨ ਕਿ ਤੁਹਾਡੇ ਕਾਲੇ ਕਾਨੂੰਨ ਵੀ ਠੀਕ ਇਸੇ ਤਰਜ਼ ਉੱਤੇ ਸਾਡੇ ਭਲੇ ਦੇ ਜ਼ਾਮਨ ਹਨ। ਪਰ ਅਸੀਂ ਹਾਕਮਾਂ ਦੀ ਟੈਂ ਮੰਨਣ ਵਾਲਿਆਂ ਵਿੱਚੋਂ ਨਹੀਂ। ਅਸੀਂ ਤ੍ਰਿਸਕਾਰ ਅਤੇ ਸਤਿਕਾਰ ਦਾ ਭੇਦ ਵੀ ਜਾਣਦੇ ਹਾਂ। ਤੁਸੀਂ ਆਪਣੀਆਂ ਡਾਂਗਾਂ, ਅੱਥਰੂ-ਗੈਸ ਬੰਬ, ਸੂਏ, ਗੁੰਡੇ, ਕਾਲੇ ਕਾਨੂੰਨ ਅਤੇ ਮਨੂੰ ਸਿਮ੍ਰਤੀ ਆਦਿ ਸਮੇਟ ਕੇ ਆਪਣੇ ਕੋਲ ਰੱਖੋ। ਅਸੀਂ ਹੁਣ ਇੱਕੋ ਪੁਕਾਰ ਦੇ ਤਲਬਗਾਰ ਹਾਂ: 'ਬਾਬਾ ਰੱਖ ਤੇਰੀ ਛਾਹ, ਸਾਨੂੰ ਕੁੱਤਿਆਂ ਤੋਂ ਛੁਡਾ।'

# ਟਿਕਰੀ ਬਾਰਡਰ 'ਤੇ ਟਰਾਲੀ ਵਿਚ ਬੈਠੀ ਬਿਰਧ ਬੀਬੀ

## ✪ ਬਿਮਾਰੀ ਵਿਚ ਘਿਰੀ 84 ਸਾਲਾ ਬੇਬੇ ਦਿੱਲੀ ਵਿਚ ਮੋਰਚਾ ਗੱਡ ਕੇ ਬੈਠੀ ਬੇਬੇ ਦੋ ਵਾਰ ਹੋਕੇ ਰੋਹਤਕ ਹਸਪਤਾਲ ਦਾਖਲ ਹੋ ਚੁੱਕੀ ਏ।

## ✪ ਕਿਸਾਨ ਆਗੂ ਬੇਬੇ ਨੂੰ ਪਿੰਡ ਮੁੜਨ ਲਈ ਕਹਿੰਦੇ ਨੇ ਪਰ ਉਹ ਆਖਦੀ ਏ ਕਿ ਔਖੇ ਸਮੇਂ ਧਰਮ ਯੁੱਧ ਤੋਂ ਨਹੀਂ ਭੱਜੀਦਾ

## ✪ ਬਹੁਤ ਸਾਰੇ ਪੰਜਾਬ ਦੇ ਬਜ਼ੁਰਗ ਠੰਡੀਆਂ ਰਾਤਾਂ ਦੌਰਾਨ ਸਿਦਕ ਨਾਲ ਡਟੇ ਮੋਰਚੇ ਵਿਚ

**ਚੰਡੀਗੜ/ਏ.ਟੀ.ਨਿਊਜ਼:** ਮਾਨਸਾ ਜ਼ਿਲੇ ਦੇ ਪਿੰਡ ਦੋਦੜਾ ਦੀ ਪੜਦਾਦੀ ਹਮੀਰ ਕੌਰ ਨੇ ਬਿਮਾਰੀ ਅੱਗੇ ਈਨ ਨਹੀਂ ਮੰਨੀ। ਦਿੱਲੀ ਮੋਰਚੇ ਵਿਚ ਜ਼ਿੱਦ ਕਰੀ ਬੈਠੀ ਹੈ ਕਿ ਉਹ ਵਾਪਸ ਨਹੀਂ ਜਾਵੇਗੀ। 84 ਸਾਲ ਦੀ ਇਹ ਬੇਬੇ ਦੋ ਵਾਰ ਬਿਮਾਰ ਹੋ ਚੁੱਕੀ ਹੈ ਅਤੇ ਉਸ ਨੂੰ ਰੋਹਤਕ ਹਸਪਤਾਲ ਭਰਤੀ ਕਰਾਉਣਾ ਪਿਆ। ਜਦੋਂ ਹਸਪਤਾਲੋਂ ਛੁੱਟੀ ਮਿਲਦੀ ਹੈ, ਪਿੰਡ ਦੀ ਬਜਾਏ ਮੁੜ ਦਿੱਲੀ ਮੋਰਚੇ ਵਿਚ ਪਹੁੰਚ ਜਾਂਦੀ ਹੈ। ਕਿਸਾਨ ਆਗੂ ਬੇਬੇ ਨੂੰ ਪਿੰਡ ਮੁੜਨ ਲਈ ਮਨਾਉਂਦੇ ਹਨ ਪਰ ਉਹ ਆਖਦੀ ਹੈ ਕਿ ਔਖੇ ਸਮੇਂ ਧਰਮ ਯੁੱਧ ਤੋਂ ਮੂੰਹ ਨਹੀਂ ਮੋੜੀਦਾ ।





ਬਿਰਧ ਹਮੀਰ ਕੌਰ ਦਾ 80 ਸਾਲ ਦਾ ਭਰਾ ਸੰਗਰੂਰ ਜ਼ਿਲੇ ਦੇ ਪਿੰਡ ਢਡੋਲੀ ਤੋਂ ਦਿੱਲੀ ਮੋਰਚੇ ਵਿਚ ਆਇਆ ਹੈ। ਜਦੋਂ ਵਿਹਲ ਮਿਲਦੀ ਹੈ ਤਾਂ ਇਹ ਬਿਰਧ ਭੈਣ-ਭਰਾ ਮਿਲ ਬੈਠਦੇ ਹਨ। ਸੰਗਰੂਰ ਦੇ ਪਿੰਡ ਆਲੋਰਖ ਦੀ ਮਹਿੰਦਰ ਕੌਰ ਕਿਹੜਾ ਘੱਟ ਹੈ। ਉਹ 70 ਵਰਿਆਂ ਦੀ ਹੈ ਅਤੇ ਦਿੱਲੀ ਮੋਰਚੇ ਦੌਰਾਨ ਉਸ ਦੀ ਲੱਤ ਟੁੱਟ ਗਈ। ਹਸਪਤਾਲ ਭਰਤੀ ਕਰਾਇਆ। ਜਦੋਂ ਲੱਤ 'ਤੇ ਪਲੱਸਤਰ ਕਰਨ ਮਗਰੋਂ ਛੁੱਟੀ ਮਿਲੀ ਤਾਂ ਉਹ ਮੁੜ ਦਿੱਲੀ ਮੋਰਚੇ 'ਚ ਪੁੱਜ ਗਈ। ਉਹ ਆਖਦੀ ਹੈ ਕਿ ਲੱਤ ਟੁੱਟੀ ਹੈ, ਹੌਸਲਾ ਨਹੀਂ। ਦਿੱਲੀ ਮੋਰਚੇ ਵਿਚ ਹੁਣ ਤੱਕ ਅੱਧੀ ਦਰਜਨ ਜਾਨਾਂ ਚਲੀਆਂ ਗਈਆਂ ਹਨ ਜਿਨਾਂ ਵਿਚੋਂ ਮਾਨਸਾ ਦੇ ਕਿਸਾਨ ਧੰਨਾ ਸਿੰਘ ਸ਼ਾਮਲ ਹੈ। ਪਿੰਡ ਬੱਛੋਆਣਾ ਦੇ ਜੰਟਾ ਸਿੰਘ ਨੂੰ ਦਿੱਲੀ ਮੋਰਚੇ ਦੌਰਾਨ ਇਨਫੈਕਸ਼ਨ ਹੋ ਗਈ। ਰੋਹਤਕ ਹਸਪਤਾਲ ਭਰਤੀ ਕਰਾਇਆ ਗਿਆ। ਛੁੱਟੀ ਮਿਲਣ ਮਗਰੋਂ ਜਦੋਂ ਉਸ ਨੂੰ ਪਿੰਡ ਜਾਣ ਲਈ ਆਖਿਆ ਤਾਂ ਉਹ ਐਂਬੂਲੈਂਸ ਵਿੱਚ ਮੁੜ ਦਿੱਲੀ ਵੱਲ ਆਉਣ ਲੱਗਾ। ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਚਾਰ ਦਿਨਾਂ ਤੋਂ ਬਹਾਦਰਗੜ ਦੇ ਸਰਕਾਰੀ ਹਸਪਤਾਲ ਵਿੱਚ ਪਈ ਹੈ। ਪਿੰਡ ਭੈਣੀ ਜੱਸਾ ਦਾ ਭੋਲਾ ਸਿੰਘ ਇਸ ਵੇਲੇ ਜ਼ਖ਼ਮੀ ਹੈ। ਉਸ ਦੇ ਪੈਰ ਉੱਪਰੋਂ ਗੱਡੀ ਲੰਘ ਗਈ ਸੀ। ਭੋਲਾ ਸਿੰਘ ਦਿੱਲੀ ਮੋਰਚੇ ਵਿੱਚ ਮੁੜ ਡਟ ਗਿਆ ਹੈ। ਬਠਿੰਡਾ ਦੇ ਪਿੰਡ ਗਿੱਦੜ ਦੀ ਯੂਨੀਵਰਸਿਟੀ ਪੜਦੀ ਲੜਕੀ ਦਿੱਲੀ ਆ ਰਹੀ ਸੀ, ਰਸਤੇ ਵਿੱਚ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ। ਹੁਣ ਰੋਹਤਕ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਦਿੱਲੀ ਮੋਰਚੇ ਵਿੱਚ ਸੈਂਕੜੇ ਅੰਗਹੀਣ ਵੀ ਡਟੇ ਹੋਏ ਹਨ ਜਿਨਾਂ ਨੂੰ ਆਪਣਾ ਦੁੱਖ ਛੋਟਾ ਲੱਗਦਾ ਹੈ, ਖੇਤੀ ਕਾਨੂੰਨਾਂ ਦਾ ਮਸਲਾ ਵੱਡਾ। ਦਿੱਲੀ ਸਰਹੱਦ 'ਤੇ ਦੋ ਉਹ ਬਜ਼ੁਰਗ ਵੀ ਬੈਠੇ ਹਨ ਜਿਨਾਂ ਦੇ ਹਰਿਆਣਾ ਪੁਲੀਸ ਦੇ ਅੱਥਰੂ ਗੈਸ ਦੇ ਗੋਲੇ ਲੱਗੇ ਹੋਏ ਹਨ। ਇੱਕ ਬਜ਼ੁਰਗ ਤਾਂ ਅੱਖ 'ਤੇ ਪੱਟੀ ਬੰਨ ਕੇ ਬੈਠਾ ਹੈ। ਮਹਿਲਾ ਕਿਸਾਨ ਆਗੂ ਹਰਿੰਦਰ ਕੌਰ ਬਿੰਦੂ ਆਖਦੀ ਹੈ ਕਿ ਸੈਂਕੜੇ ਔਰਤਾਂ ਹਨ ਜੋ ਬਿਮਾਰ ਹੋਣ ਦੇ ਬਾਵਜੂਦ ਦਿੱਲੀ ਮੋਰਚੇ ਵਿਚ ਬੈਠੀਆਂ ਹਨ। ਉਨਾਂ ਕਿਹਾ ਕਿ ਜੋਸ਼ ਤੇ ਜਨੂਨ ਅੱਗੇ ਕੋਈ ਵੀ ਬਿਮਾਰੀ ਟਿਕ ਨਹੀਂ ਰਹੀ। ਪਿੰਡ ਗੰਢੂਆਂ ਦਾ ਕੁੰਦਨ ਸਿੰਘ ਦਿੱਲੀ ਸਰਹੱਦ 'ਤੇ ਬੈਠਾ ਹੈ। ਉਸ ਦੀਆਂ ਦੋਵੇਂ ਬਾਂਹਾਂ ਕੱਟੀਆਂ ਹੋਈਆਂ ਹਨ ਅਤੇ ਇਸੇ ਤਰਾਂ ਪਿੰਡ ਹਸਨ ਦਾ ਨਿਰਮਲ ਸਿੰਘ ਦੋਵੇਂ ਬਾਂਹਾਂ ਤੋਂ ਵਿਹੂਣਾ ਹੈ ਪਰ ਇਹ ਦੋਵੇਂ ਮੋਰਚੇ ਵਿਚ ਡਿਊਟੀ ਵੀ ਨਿਭਾ ਰਹੇ ਹਨ। ਪਿੰਡ ਛਾਜਲੀ ਦਾ ਦਰਬਾਰਾ ਸਿੰਘ ਕਾਲੇ ਪੀਲੀਏ ਦਾ ਮਰੀਜ਼ ਹੈ ਅਤੇ ਉਹ ਬਿਨਾਂ ਬਿਮਾਰੀ ਦੀ ਪ੍ਰਵਾਹ ਕੀਤੇ ਦਿੱਲੀ ਮੋਰਚੇ ਵਿਚ ਅੱਗੇ ਵਧ ਕੇ ਲੜ ਰਿਹਾ ਹੈ। ਉਹ ਆਖਦਾ ਹੈ ਕਿ ਜੇ ਖੇਤ ਹੀ ਮਾਰ ਦਿੱਤੇ ਤਾਂ ਕਾਲੇ ਪੀਲੀਏ ਦਾ ਇਲਾਜ ਵੀ ਕਿਥੋਂ ਕਰਾਊਂਗਾ। ਕੇਂਦਰੀ ਖੇਤੀ ਮੰਤਰੀ ਨਰੇਂਦਰ ਤੋਮਰ ਨੇ ਕਿਸਾਨ ਧਿਰਾਂ ਨੂੰ ਅਪੀਲ ਕੀਤੀ ਸੀ ਕਿ ਦਿੱਲੀ ਮੋਰਚੇ ਵਿਚੋਂ ਬਜ਼ੁਰਗਾਂ ਨੂੰ ਵਾਪਸ ਭੇਜ ਦਿੱਤਾ ਜਾਵੇ। ਇਨਾਂ ਬਜ਼ੁਰਗਾਂ ਦਾ ਪ੍ਰਤੀਕਰਮ ਹੈ ਕਿ ਤੋਮਰ ਮੱਤਾਂ ਦੇਣ ਵਾਲਾ ਕੌਣ ਹੁੰਦਾ ਹੈ। ਬੀਕੇਯੂ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਦਾ ਕਹਿਣਾ ਸੀ ਕਿ ਮਰੀਜ਼ਾਂ ਲਈ ਟਿਕਰੀ ਬਾਰਡਰ 'ਤੇ ਇੱਕ ਕਮੇਟੀ ਬਣਾਈ ਗਈ ਹੈ ਜਿਸ ਵਿਚ ਡਾਕਟਰ ਅਤੇ ਜਥੇਬੰਦੀ ਦੇ ਨੁਮਾਇੰਦੇ ਸ਼ਾਮਲ ਹਨ। ਐਮਰਜੈਂਸੀ ਲੋੜ ਪੈਣ 'ਤੇ ਇਹ ਟੀਮ ਫ਼ੌਰੀ ਮਰੀਜ਼ ਨੂੰ ਹਸਪਤਾਲ ਲੈ ਕੇ ਜਾਂਦੀ ਹੈ। ਉਨਾਂ ਕਿਹਾ ਕਿ ਵੱਡੀ ਗੱਲ ਇਹ ਹੈ ਕਿ ਠੰਢ ਦੇ ਬਾਵਜੂਦ ਬਜ਼ੁਰਗ ਚੜਦੀ ਕਲਾ ਵਿਚ ਹਨ।

# ਉਹ ਜਿਊਂਦਾ ਨਹੀਂ, ਜਿਹੜਾ ਚੁੱਪ ਏ; ਦੇਖੋ ਕਿਹੜਾ ਕਿਹੜਾ ਚੁੱਪ ਏ'

# ਕਿਸਾਨੀ ਅੰਦੋਲਨ ਦੌਰਾਨ ਹੰਸ ਅਤੇ ਸਨੀ ਦਿਉਲ ਦੇ ਨਾਮ ਖੁੱਲਾ ਖ਼ਤ



**- ਆਤਮਜੀਤ**

ਪਿਆਰੇ ਹੰਸ ਜੀ ਅਤੇ ਦਿਉਲ ਜੀ,

ਕਿਸਾਨਾਂ ਦਾ ਰੋਸ ਪ੍ਰਦਰਸ਼ਨ ਸਾਡੇ ਮੁਲਕ ਵਿਚ ਕਈ ਅਰਥਾਂ ਵਿਚ ਮਹੱਤਵਪੂਰਨ ਹੈ। ਕਿਸੇ ਵੀ ਰਾਜਸੀ ਠੁਮਣੇ ਤੋਂ ਬਿਨਾਂ, ਕਿਸੇ ਵੀ ਇਕ ਲੀਡਰ ਦੀ ਅਣਹੋਂਦ ਵਿਚ, ਦਿੱਲੀ ਦੀਆਂ ਨੀਤੀਆਂ ਖ਼ਿਲਾਫ਼ ਦਿੱਲੀ ਤੋਂ ਦੂਰ-ਦੁਰੇਡੇ ਰਹਿਣ ਵਾਲੇ ਕਿਸਾਨਾਂ ਦਾ ਰੋਹ ਹੁਣ ਉਸੇ ਦਿੱਲੀ ਦੀਆਂ ਬਰੂਹਾਂ ਉੱਤੇ ਸ਼ਾਂਤਮਈ ਢੰਗ ਨਾਲ ਆਪ-ਮੁਹਾਰੇ ਫੁੱਟ ਰਿਹਾ ਹੈ। ਪਰਿਵਾਰ ਦੇ ਛੋਟੇ-ਵੱਡੇ ਜੀਆਂ ਨੂੰ ਨਾਲ ਲਿਜਾ ਕੇ, ਰਾਹ ਦੀਆਂ ਵੱਡੀਆਂ ਰੋਕਾਂ ਨੂੰ ਹਟਾ ਕੇ, ਟਰੈਕਟਰਾਂ ਨੂੰ ਘਰ ਬਣਾ ਕੇ, ਆਪਣਾ ਲੰਗਰ ਆਪ ਪਕਾ ਕੇ ਅਤੇ ਉਨਾਂ ਉੱਤੇ ਜਲ ਤੋਪਾਂ ਚਲਾਉਣ ਵਾਲਿਆਂ ਨੂੰ ਵੀ ਛਕਾ ਕੇ ਇਨਾਂ ਕਿਸਾਨਾਂ ਨੇ ਇਕ ਸੱਜਰਾ ਇਤਿਹਾਸ ਸਿਰਜ ਦਿੱਤਾ ਹੈ। ਜਿਹੜਾ ਸੂਬਾ 'ਉੜਤਾ ਪੰਜਾਬ' ਕਿਹਾ ਜਾਣ ਲੱਗ ਪਿਆ ਸੀ ਉਹ ਹੁਣ 'ਜੁੜਤਾ ਪੰਜਾਬ' ਬਣ ਰਿਹਾ ਹੈ। ਅੱਜ ਸਾਰਾ ਪੰਜਾਬ ਇਨਾਂ ਅੰਨਦਾਤਿਆਂ ਦਾ ਸਮਰਥਨ ਕਰ ਰਿਹਾ ਹੈ। ਪਾਰਟੀਆਂ ਦੀਆਂ ਵੰਡਾਂ ਵੀ ਕੁਝ ਫਿੱਕੀਆਂ ਪੈ ਰਹੀਆਂ ਹਨ, ਕਿਉਂਕਿ ਕਿਸਾਨਾਂ ਨੇ ਕਿਸੇ ਨੂੰ ਵੀ ਘਾਹ ਨਹੀਂ ਪਾਇਆ। ਜਿਹੜੇ ਜੱਟ ਨੂੰ ਅਨਜਾਣ ਅਤੇ ਮੂਰਖ ਵੀ ਕਿਹਾ ਜਾਂਦਾ ਸੀ, ਅੱਜ ਉਸਦੀ ਯੋਜਨਾ ਅਤੇ ਸਬਰ ਸਿਰੇ 'ਤੇ ਪਹੁੰਚ ਗਏ ਹਨ। ਅੱਜ ਪੰਜਾਬ ਦਾ ਕਿਸਾਨ ਮੁਲਕ ਭਰ ਦੇ ਕਿਸਾਨਾਂ ਨੂੰ ਸੇਧ ਦੇ ਰਿਹਾ ਹੈ। ਤੁਸੀਂ ਚੰਗੀ ਤਰਾਂ ਜਾਣਦੇ ਹੋ ਕਿ ਹੁਣ ਹੋਰ ਵੀ ਕਿਸਾਨ ਚੌਫ਼ੇਰਿਉਂ ਅਤੇ ਦੂਰ ਦੁਰਾਡੀਆਂ ਥਾਵਾਂ ਤੋਂ ਦਿੱਲੀ ਵੱਲ ਤੁਰ ਚੁੱਕੇ ਹਨ। ਕੋਈ ਇਸ਼ਤਿਹਾਰ ਨਹੀਂ, ਟੀ ਵੀ ਉੱਤੇ ਬਿਆਨਬਾਜ਼ੀ ਨਹੀਂ, ਪਰ ਰਾਜਧਾਨੀ ਦਾ ਜੀਣਾ ਮੁਹਾਲ ਹੋ ਰਿਹਾ ਹੈ। ਪੰਜਾਬ-ਹਰਿਆਣਾ ਨਾਲ ਤਾਂ ਦਿੱਲੀ ਦੇ ਦੋ ਮੁੱਖ ਬਾਰਡਰਾਂ ਦੀ ਹੱਦ ਦੀ ਸਾਂਝ ਹੈ ਪਰ ਹੁਣ ਦਿੱਲੀ ਦੇ ਸਾਰੇ ਬਾਰਡਰਾਂ ਉੱਤੇ ਕਿਸਾਨਾਂ ਦਾ ਰਾਜ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਸਵਾ ਸਾਲ ਪਹਿਲਾਂ ਇਸੇ ਤਰਾਂ ਦਾ ਰੋਸ ਸ਼ਾਹੀਨ ਬਾਗ਼ ਵਿਚ ਵੀ ਕੀਤਾ ਗਿਆ ਸੀ। ਭਾਵੇਂ ਉਸ ਵਿਚ ਮੁੱਖ ਤੌਰ 'ਤੇ ਦਿੱਲੀ-ਵਾਸੀਆਂ ਦੀ ਭੀੜ ਸੀ ਪਰ ਤੁਹਾਡੀ ਭਾਜਪਾ ਸਰਕਾਰ ਉਸ ਵਿਦਰੋਹ ਨੂੰ ਦੇਸ਼-ਵਿਰੋਧੀ ਸਾਬਤ ਕਰਨ ਵਿਚ ਰੁੱਝੀ ਹੋਈ ਸੀ। ਨਾਗਰਿਕਤਾ ਸੋਧ ਬਿੱਲ ਦੇ ਖ਼ਿਲਾਫ਼ ਹੋਣ ਕਾਰਨ ਇਸ ਬਿੱਲ ਨਾਲ ਮੁਸਲਿਮ ਭਾਈਚਾਰਾ ਵਧੇਰੇ ਪ੍ਰਭਾਵਿਤ ਹੋ ਰਿਹਾ ਹੈ, ਇਸ ਲਈ ਉਨਾਂ ਦੀ ਸ਼ਮੂਲੀਅਤ ਵੀ ਜ਼ਿਆਦਾ ਸੀ। ਮੋਮਨ ਔਰਤਾਂ ਅਤੇ ਮਰਦ ਜ਼ਿਆਦਾ ਪਛਾਣਨ ਯੋਗ ਘੱਟ-ਗਿਣਤੀਆਂ ਵਿਚ ਸ਼ਾਮਿਲ ਹਨ, ਇਸ ਲਈ ਤੁਹਾਡੀ ਪਾਰਟੀ ਬੀਜੇਪੀ. ਆਪਣਾ ਜਾਣਿਆ-ਪਛਾਣਿਆ 'ਦੇਸ਼ ਧ੍ਰੋਹ' ਵਾਲਾ ਪੱਤਾ ਖੇਡਣ ਵਿਚ ਕਾਮਯਾਬ ਹੋ ਰਹੀ ਸੀ। ਮੈਨੂੰ ਤਾਂ ਇਹ ਯਾਦ ਕਰਕੇ ਵੀ ਸ਼ਰਮ ਆਉਂਦੀ ਹੈ ਕਿ ਤੁਹਾਡੀ ਸਰਕਾਰ ਦੇ ਇਕ ਮੰਤਰੀ ਨੇ ਸਟੇਜ ਤੋਂ ਇਹ ਨਾਅਰੇ ਲਾਏ ਅਤੇ ਲਵਾਏ ਸਨ ਕਿ 'ਦੇਸ਼ ਕੇ ਗ਼ੱਦਾਰੋਂ ਕੋ, ਗੋਲੀ ਮਾਰੋ ... ।' ਜ਼ਿਆਦਾ ਸ਼ਰਮ ਦੀ ਗੱਲ ਇਹ ਹੈ ਕਿ ਉਹ ਅਜੇ ਵੀ ਮੰਤਰੀ ਪਦ 'ਤੇ ਸੁਸ਼ੋਭਿਤ ਹੈ ਤੇ ਤੁਸੀਂ ਇਹ ਸਭ ਕੁਝ ਹੁੰਦਾ ਬਰਦਾਸ਼ਤ ਕਰ ਰਹੇ ਹੋ। ਹੁਣ ਕਿਸਾਨਾਂ ਦੇ ਮੁਜ਼ਾਹਰਿਆਂ ਦੌਰਾਨ ਤੁਹਾਡੇ ਸਾਥੀਆਂ ਨੇ ਮੁੜ ਕੇ ਉਹੋ ਗੱਲ ਦੁਹਰਾਉਣ ਦੀ ਮਾੜੀ ਹਰਕਤ ਕੀਤੀ ਹੈ। ਹੋਰਾਂ ਦੇ ਨਾਲ-ਨਾਲ ਇਸ ਇਲਜ਼ਾਮ ਨੂੰ ਘੜਨ ਵਾਲਿਆਂ ਵਿਚ ਹਰਿਆਣਾ ਦਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਸ਼ਾਮਿਲ ਹੈ ਜੋ ਕਿਸਾਨਾਂ ਨੂੰ ਖ਼ਾਲਿਸਤਾਨੀ ਕਹਿ ਰਿਹਾ ਹੈ। ਤੁਸੀਂ ਮੇਰੇ ਨਾਲ ਸੌ ਪ੍ਰਤੀਸ਼ਤ ਸਹਿਮਤ ਹੋਵੋਗੇ ਕਿ ਕਿਸਾਨਾਂ ਨੂੰ ਖ਼ਾਲਿਸਤਾਨੀ ਆਖ ਕੇ ਅਤੇ ਦੇਸ਼-ਧ੍ਰੋਹੀ ਦੇ ਰੂਪ ਵਿਚ ਪੇਸ਼ ਕਰਕੇ ਬਾਕੀਆਂ ਦਾ ਸਮਰਥਨ ਲੈਣ ਦੀ ਕੋਸ਼ਿਸ਼ ਰੱਜ ਕੇ ਹੋਛੀ ਰਾਜਨੀਤੀ ਹੈ। ਇਸ ਸੰਬੰਧ ਵਿਚ ਇਕ ਵੀਡੀਉ ਵੀ ਵਾਇਰਲ ਕੀਤਾ ਗਿਆ ਜਿਸ ਵਿਚ ਖ਼ਾਲਿਸਤਾਨ ਪੱਖੀ, ਪਾਕਿਸਤਾਨ-ਪੱਖੀ ਅਤੇ ਮੋਦੀ-ਵਿਰੋਧੀ ਨਾਅਰੇ ਲਾਏ ਜਾ ਰਹੇ ਹਨ। ਇਹ ਸਾਬਤ ਹੋ ਚੁੱਕਾ ਹੈ ਕਿ ਉਹ ਵੀਡੀਓ ਡੇਢ ਸਾਲ ਪੁਰਾਣਾ ਹੈ ਅਤੇ ਇੰਗਲੈਂਡ ਵਿਚ ਖੇਡੇ ਗਏ 2019 ਦੇ ਕ੍ਰਿਕਟ ਵਰਡ ਕੱਪ ਦਾ ਹੈ। ਜੇ ਤੁਸੀਂ ਇਸ ਖ਼ਬਰ ਨੂੰ ਪੜ੍ਹਿਆ ਹੈ ਤਾਂ ਤੁਹਾਡੀ ਕੁਝ ਦਿਨਾਂ ਦੀ ਨੀਂਦ ਜ਼ਰੂਰ ਹਰਾਮ ਹੋਈ ਹੋਣੀ ਚਾਹੀਦੀ ਹੈ ਕਿਉਂਕਿ ਤੁਸੀਂ ਦੋਵੇਂ ਕਲਾਕਾਰ ਹੋਣ ਕਾਰਨ ਸੰਵੇਦਨਸ਼ੀਲ ਵੀ ਹੋ।

ਇਸ ਤੋਂ ਵੀ ਜ਼ਿਆਦਾ ਅਫ਼ਸੋਸ ਇਸ ਗੱਲ ਦਾ ਹੈ ਕਿ ਜਿੱਥੇ ਇਕ ਪਾਸੇ ਪੰਜਾਬ ਦੇ ਨਾਮਵਰ ਗਾਇਕ, ਰੰਗਮੰਚ ਕਲਾਕਾਰ ਅਤੇ ਲੇਖਕ ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਦਾ ਭਰਪੂਰ ਸਮਰਥਨ ਕਰਕੇ ਇਕ ਲੋਕ-ਲਹਿਰ ਸਿਰਜਣ ਵਿਚ ਆਪਣਾ ਯੋਗਦਾਨ ਪਾ ਰਹੇ ਹਨ ਉੱਥੇ ਤੁਸੀਂ ਦੋ ਵੱਡੇ ਕਲਾਕਾਰ ਨੇਤਾ ਉਸ ਵਕਤ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਹੋਏ ਹੋ ਜਦੋਂ ਤੁਹਾਡੇ ਕਿਸਾਨ ਵੱਡੀ ਲੜਾਈ ਲੜ ਰਹੇ ਹਨ। ਹੰਸ ਹੁਰੀਂ ਦੋ ਮਹੀਨੇ ਪਹਿਲਾਂ ਜ਼ਰੂਰ ਬੋਲੇ ਸਨ ਤੇ ਕਿਸਾਨਾਂ ਨੂੰ ਕੇਂਦਰ ਦੀ ਲੀਡਰਸ਼ਿਪ ਨਾਲ ਮਿਲਵਾਉਣ ਦੀਆਂ ਭਾਵੁਕ ਅਪੀਲਾਂ ਕਰਕੇ ਗਏ ਸਨ। ਉਨਾਂ ਮਾਰੂ ਬਿੱਲਾਂ ਅਤੇ ਕਿਸਾਨਾਂ ਦੇ ਇਤਰਾਜ਼ਾਂ ਦੀ ਉਦੋਂ ਵੀ ਕੋਈ ਗੱਲ ਨਹੀਂ ਸੀ ਕੀਤੀ ਪਰ ਅੱਜ ਤਾਂ ਬਿਲਕੁਲ ਹੀ ਚੁੱਪ ਹਨ। ਮਾਨਯੋਗ ਹੰਸ ਜੀ ਅਤੇ ਦਿਉਲ ਜੀ! ਤੁਸੀਂ ਅੱਜ ਕੱਲ ਕਿੱਥੇ ਹੋ? ਲੋਕਾਂ ਨੇ ਤੁਹਾਨੂੰ ਚੁਣ ਕੇ ਇਸ ਲਈ ਭੇਜਿਆ ਸੀ ਕਿ ਤੁਸੀਂ ਭਖਦੇ ਅਤੇ ਵੱਡੇ ਮਸਲਿਆਂ ਉੱਤੇ ਆਪਣੀ ਜ਼ੁਬਾਨ ਖੋਲ ਕੇ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕੱਢੋਗੇ। ਹੰਸ ਜੀ, ਤੁਸੀਂ ਭਾਵੇਂ ਦਿੱਲੀ ਤੋਂ ਪਾਰਲੀਮੈਂਟ ਵਿਚ ਗਏ ਪਰ ਤੁਹਾਨੂੰ ਜਿਹੜਾ ਮਾਣ ਮਿਲਿਆ ਹੈ ਉਹ ਪੰਜਾਬ ਦੇ ਲੋਕਾਂ ਕਰਕੇ ਹੈ ਜਿਨਾਂ ਤੁਹਾਡੀ ਗਾਇਕੀ ਨੂੰ ਵਾਰ-ਵਾਰ ਸੁਣਿਆ ਅਤੇ ਤੁਹਾਨੂੰ ਆਪਣੀਆਂ ਅੱਖਾਂ 'ਤੇ ਬਿਠਾਇਆ। ਤੁਸੀਂ ਇਸ ਗੱਲ ਨੂੰ ਖੁੱਲੇ ਮਨ ਨਾਲ ਸਵੀਕਾਰ ਵੀ ਕਰਦੇ ਹੋ। ਤੁਹਾਡੇ ਗਲੇ ਵਿਚੋਂ ਸਾਰਾ ਪੰਜਾਬ ਬੋਲਦਾ ਹੈ ਪਰ ਅੱਜ ਨਵੰਬਰ-ਦਸੰਬਰ ਦੇ ਪਾਲੇ ਵਿਚ ਲੋਕ ਜਾਣਨਾ ਚਾਹੁੰਦੇ ਹਨ ਕਿ ਤੁਹਾਡਾ ਦਿਲ ਅਤੇ ਦਿਮਾਗ਼ ਕੀ ਬੋਲ ਰਿਹਾ ਹੈ? ਹਨੇਰੇ ਭਵਿੱਖ ਨਾਲ ਲੜ ਰਹੇ ਕਿਸਾਨਾਂ ਦੀ ਆਵਾਜ਼ ਹਜ਼ਾਰਾਂ ਮੀਲ ਦੂਰ ਬੈਠੇ ਕੈਨੇਡੀਅਨ, ਅਮਰੀਕਨ ਅਤੇ ਬ੍ਰਿਟਿਸ਼ ਪੰਜਾਬੀ ਰਾਜ ਨੇਤਾਵਾਂ ਨੂੰ ਤਾਂ ਸੁਣ ਰਹੀ ਹੈ ਪਰ ਤੁਹਾਨੂੰ ਦਿੱਲੀ ਵਿਚ ਨਹੀਂ ਸੁਣ ਰਹੀ। ਦਿਉਲ ਸਾਹਿਬ! ਤੁਸੀਂ ਤਾਂ ਗੁਰਦਾਸਪੁਰ ਹਲਕੇ ਦੇ ਲੋਕਾਂ ਦੀਆਂ ਵੋਟਾਂ ਨਾਲ ਪਾਰਲੀਮੈਂਟ ਵਿਚ ਪਹੁੰਚੇ ਹੋ! ਕੀ ਤੁਸੀਂ ਸਮਝਦੇ ਹੋ ਕਿ ਤੁਹਾਡਾ ਕੋਈ ਕਿਸਾਨ ਵੋਟਰ ਨਹੀਂ ਹੈ? ਕਿਹੜਾ ਮੂੰਹ ਲੈ ਕੇ ਦੁਬਾਰਾ ਆਪਣੇ ਹਲਕੇ ਵਿਚ ਜਾਵੋਗੇ? ਪੰਜਾਬ ਦੇ ਲੋਕਾਂ ਨੇ ਪ੍ਰਸਿੱਧ ਗਾਇਕ ਤੇ ਕਾਂਗਰਸੀ ਐੱਮ.ਐਲ.ਏ. ਮੁਹੰਮਦ ਸਦੀਕ ਦਾ ਸਵਾਲਾਂ ਦੀ ਬੌਛਾੜ ਵਿਚ ਜੋ ਹਸ਼ਰ ਕੀਤਾ ਉਸ ਨੂੰ ਦੇਖੋ, ਤੁਹਾਨੂੰ ਲੋਕਾਂ ਦੇ ਗ਼ੁੱਸੇ ਦਾ ਅਹਿਸਾਸ ਹੋ ਜਾਵੇਗਾ। ਹੋ ਸਕਦਾ ਹੈ ਤੁਸੀਂ ਅਗਲੀ ਵੇਰ ਚੋਣ ਨਾ ਲੜਨ ਦਾ ਫ਼ੈਸਲਾ ਕਰ ਲਵੋ ਅਤੇ ਇਸ ਸਾਰੀ ਜ਼ਿੱਲਤ ਤੋਂ ਬਚ ਜਾਵੋ। ਪਰ ਜੇ ਸਿਆਸਤ ਨੂੰ ਭੁੱਲ ਵੀ ਜਾਈਏ ਤਾਂ ਏਨਾ ਹੀ ਦੱਸ ਦਿਓ ਕਿ ਤੁਹਾਡੀਆਂ ਸੰਵੇਦਨਾਵਾਂ ਨੂੰ ਕੀ ਹੋ ਗਿਆ ਹੈ? ਤੁਸੀਂ ਕਲਾਕਾਰ ਹੋ ਤੁਸੀਂ ਕਲਾ ਦੇ ਖੇਤਰ ਵਿਚ ਨਾਂ ਵੀ ਕਮਾਇਆ ਹੈ ਅਤੇ ਨਾਵਾਂ ਵੀ, ਕੀ ਤੁਹਾਡੀ ਆਤਮਾ ਵਿੱਚੋਂ ਹੁਣ ਕੋਈ ਆਵਾਜ਼ ਨਹੀਂ ਆਉਂਦੀ? ਭੁਲੇਖਾ ਨਾ ਖਾ ਜਾਣਾ, ਮੈਂ ਤੁਹਾਨੂੰ ਕਿਸਾਨਾਂ ਦੇ ਹੱਕ ਵਿਚ ਬੋਲਣ ਲਈ ਬਿਲਕੁਲ ਨਹੀਂ ਕਹਿ ਰਿਹਾ। ਤੁਹਾਡਾ ਅਧਿਕਾਰ ਹੈ ਤੁਸੀਂ ਆਪਣੀ ਸੋਚ ਮੁਤਾਬਿਕ ਗੱਲ ਕਰੋ। ਜੇ ਤੁਹਾਨੂੰ ਸੱਚਮੁੱਚ ਲੱਗਦਾ ਹੈ ਕਿ ਕੇਂਦਰ ਸਰਕਾਰ ਦੇ ਇਹ ਤਿੰਨ ਬਿੱਲ ਕਿਸਾਨਾਂ ਦੇ ਭਲੇ ਵਾਸਤੇ ਹਨ ਤਾਂ ਆ ਕੇ ਲੋਕਾਂ ਨੂੰ ਸਮਝਾਓ। ਪਰ ਕਿਰਪਾ ਕਰਕੇ ਦਲੇਰ ਮਹਿੰਦੀ ਅਤੇ ਮੀਕਾ ਸਿੰਘ ਵਾਂਗ ਸਰਕਾਰ ਦੀ ਤਰਕਹੀਣ ਚਮਚੀ ਨਾ ਮਾਰਨਾ। ਉਹ ਤਾਂ 'ਮੋਦੀ ਸਾਹਿਬ ਉੱਤੇ ਵਿਸ਼ਵਾਸ ਕਰਨ' ਅਤੇ 'ਅਪੋਜ਼ੀਸ਼ਨ ਦੇ ਗੁਮਰਾਹਕੁਨ ਪ੍ਰਚਾਰ ਤੋਂ ਬਚਣ' ਦੀ ਰਾਜਸੀ ਸਲਾਹ ਹੀ ਦੇਂਦੇ ਹਨ। ਉਨਾਂ ਨੂੰ ਕੋਈ ਫ਼ਿਕਰ ਨਹੀਂ ਕਿ ਲੋਕ ਬਾਅਦ ਵਿਚ ਐੱਮ.ਐੱਸ.ਪੀ. ਨੂੰ ਕਾਨੂੰਨ ਵਾਂਗ ਕਿਵੇਂ ਲਾਗੂ ਕਰਵਾਉਣਗੇ! ਗਾਇਕ ਭਰਾ ਵੱਡੇ ਕਲਾਕਾਰ ਹਨ ਅਤੇ ਇਸ ਬਿਆਨ ਨਾਲ ਸਿਰਫ਼ 'ਕਲਾਕਾਰੀ' ਦਿਖਾ ਰਹੇ ਹਨ। ਹੋ ਸਕਦਾ ਹੈ ਉਹ ਆਪਣੀ ਰਿਸ਼ਤੇਦਾਰੀ ਨੂੰ ਨਿਭਾ ਰਹੇ ਹੋਣ। ਪਰ ਤੁਸੀਂ ਦੋਵੇਂ ਅਜਿਹੇ ਕਲਾਕਾਰ ਹੋ ਜਿਨਾਂ ਵਾਸਤੇ ਇਹ ਰਾਜਨੀਤੀ ਦਾ ਧਰਮ ਨਿਭਾਉਣ ਦਾ ਵੇਲਾ ਵੀ ਹੈ। ਜੇ ਤੁਸੀਂ ਸਰਕਾਰ ਦੇ ਕਦਮ ਦਾ ਸਮਰਥਨ ਕਰਦੇ ਹੋ ਤਾਂ ਇਹਨਾਂ ਨਵੇਂ ਤਿੰਨਾਂ ਬਿੱਲਾਂ ਦਾ ਤਰਕ ਨਾਲ ਖ਼ੁਲਾਸਾ ਕਰੋ ਅਤੇ ਕਿਸਾਨਾਂ ਨੂੰ ਸਮਝਾਓ ਕਿ ਇਹ ਕਿੱਦਾਂ ਉਨਾਂ ਦੇ ਹੱਕ ਵਿਚ ਹਨ। ਜੇ ਲੋਕ ਤੁਹਾਡੇ ਸਮਝਾਉਣ ਨਾਲ ਘਰੋ-ਘਰੀਂ ਚਲੇ ਜਾਣ ਤਾਂ ਇਹ ਦੋਹਰਾ ਪੁੰਨ ਕਮਾਉਣ ਵਾਲੀ ਗੱਲ ਹੋਵੇਗੀ। ਤੁਸੀਂ ਮੋਦੀ ਸਾਹਿਬ ਦੀਆਂ ਨਜ਼ਰਾਂ ਵਿਚ ਵੀ ਕੀਮਤੀ ਹੋ ਜਾਵੋਗੇ! ਜਿਹੜੀ ਗੱਲ ਮੋਦੀ ਆਪ ਨਹੀਂ ਸਮਝਾ ਸਕੇ, ਤੁਸੀਂ ਸਮਝਾ ਦਿੱਤੀ। ਅਸੀਂ ਜਾਣਦੇ ਹਾਂ ਕਿ ਤੁਸੀਂ ਦੋਵੇਂ ਖੱਟਰ ਦੀ ਖ਼ਾਲਿਸਤਾਨ ਵਾਲੀ ਖ਼ੁਰਾਫ਼ਾਤ ਉੱਤੇ ਉਸ ਤਰਾਂ ਪੋਚਾ ਨਹੀਂ ਫੇਰ ਸਕਦੇ ਜਿਵੇਂ ਕੈਪਟਨ ਅਮਰਿੰਦਰ ਸਿੰਘ ਨੇ ਫੇਰਿਆ ਹੈ। ਇਹ ਵੱਡੀ ਤਵੱਕੋ ਹੈ। ਪਰ ਅਸੀਂ ਇਹ ਜ਼ਰੂਰ ਜਾਣਨਾ ਚਾਹੁੰਦੇ ਹਾਂ ਕਿ ਸਨੀ ਦਿਉਲ ਹੋਰੀਂ ਕਿਸਾਨਾਂ ਦੇ ਕਿੰਨੇ ਕੁ ਹਿਤੈਸ਼ੀ ਹਨ ਜਿਹੜੇ ਏਨੀ ਸਰਦੀ ਵਿਚ ਸੰਘਰਸ਼ ਕਰਨ ਲਈ ਘਰੋਂ ਬੇਘਰ ਹੋਏ ਹਨ। ਸਾਨੂੰ ਇਹ ਵੀ ਪਤਾ ਲੱਗਣਾ ਚਾਹੀਦਾ ਹੈ ਕਿ ਹੰਸ ਹੁਰਾਂ ਨੂੰ ਦਿੱਲੀ ਦੇ ਲੋਕਾਂ ਦੀ ਆਵਾਜਾਈ ਦੀਆਂ ਰੁਕਾਵਟਾਂ ਦੀ ਕਿੰਨੀ ਕੁ ਚਿੰਤਾ ਹੈ। ਅੱਜ ਸੂਫ਼ੀ ਫ਼ਕੀਰ ਹੰਸ ਨੂੰ ਲੋਕਾਂ ਵਿਚ ਜਾਣ ਦੀ ਲੋੜ ਹੈ। ਉਹ ਕਿਸਾਨਾਂ ਨੂੰ ਸਿਆਸਤ ਤੋਂ ਬਚਣ ਦੀ ਰਾਇ ਦੇਂਦੇ ਹਨ। ਦੁਨੀਆ ਦੇਖ ਚੁੱਕੀ ਹੈ ਕਿ ਕਿਸਾਨਾਂ ਨੇ ਕੋਈ ਸਿਆਸਤ ਨਹੀਂ ਕੀਤੀ। ਹੁਣ ਤੁਹਾਡੀ ਵਾਰੀ ਹੈ ਆਪਣੀ ਸਰਕਾਰ ਨੂੰ ਕੋਈ ਚੰਗੀ ਰਾਇ ਦੇਣ ਦੀ। ਪਰ ਤੁਸੀਂ ਚੁੱਪ ਹੋ। ਗੋਲ-ਮੋਲ ਬਿਆਨ ਦੇ ਦੇਣਾ ਅਤੇ ਫੇਰ ਚੁੱਪ ਕਰ ਜਾਣਾ ਵੀ ਉਹ ਸਿਆਸਤ ਹੈ ਜਿਸ ਦੀ ਹੰਸ ਜੀ ਤੁਸੀਂ ਮੁਖ਼ਾਲਫ਼ਤ ਕਰਦੇ ਹੋ। ਹੋਰ ਨਹੀਂ ਤਾਂ ਕਿਸਾਨਾਂ ਕੋਲ ਬਾਰਡਰ 'ਤੇ ਜਾ ਕੇ ਉਨਾਂ ਨਾਲ ਹਮਦਰਦੀ ਹੀ ਪ੍ਰਗਟਾ ਆਵੋ। ਜੇ ਤੁਹਾਡੀ ਥਾਵੇਂ ਮੈਂ ਹੁੰਦਾ ਅਤੇ ਏਨਾ ਹੀ ਬੇਵੱਸ ਹੁੰਦਾ ਜਿੰਨੇ ਤੁਸੀਂ ਦਿਸ ਰਹੇ ਹੋ ਤਾਂ ਮੇਰੇ ਕੋਲ ਇਕ ਹੋਰ ਰਾਹ ਵੀ ਸੀ-ਅਸਤੀਫ਼ਾ। ਮੇਰੀ ਬਦਕਿਸਮਤੀ ਹੈ ਕਿ ਮੈਂ ਤੁਹਾਨੂੰ ਇਹ ਸਲਾਹ ਵੀ ਨਹੀਂ ਦੇ ਸਕਦਾ ਕਿਉਂਕਿ ਲੋਕਾਂ ਨੇ ਤੁਹਾਨੂੰ ਚੁਣਿਆ ਹੈ, ਉਹ ਹੀ ਅਗਲਾ ਫ਼ੈਸਲਾ ਕਰਨਗੇ। ਪਰ ਇਕ ਸੁਝਾਅ ਜ਼ਰੂਰ ਹੈ ਕਿ ਵਿਹਲ ਵਿਚ ਨੌਜਵਾਨ ਪਾਕਿਸਤਾਨੀ ਸ਼ਾਇਰ ਸਾਬਰ ਅਲੀ ਸਾਬਰ ਦੇ ਇਸ ਸ਼ੇਅਰ ਉੱਤੇ ਗ਼ੌਰ ਫ਼ਰਮਾਓ: 'ਉਹ ਜਿਊਂਦਾ ਨਹੀਂ, ਜਿਹੜਾ ਚੁੱਪ ਏ; ਦੇਖੋ ਕਿਹੜਾ ਕਿਹੜਾ ਚੁੱਪ ਏ।' ਗੁਜ਼ਾਰਿਸ਼ ਹੈ ਕਿ ਸੂਫ਼ੀ ਗਾਇਕ ਹੰਸ ਹੋਰੀਂ ਕਦੇ ਇਸ ਗ਼ਜ਼ਲ ਨੂੰ ਮਨ ਨਾਲ ਗਾਉਣ ਤੇ ਸਨੀ ਕਿਸੇ ਫ਼ਿਲਮ ਵਿਚ ਇਸ ਨੂੰ ਸ਼ਾਮਿਲ ਕਰ ਲੈਣ। ਮੇਰੀ ਅਰਦਾਸ ਹੈ ਕਿ ਰੱਬ ਤੁਹਾਨੂੰ ਸੱਚਮੁੱਚ ਕੁਝ ਕਰਨ ਦਾ ਬਲ ਬਖ਼ਸ਼ੇ!



**ਤੁਹਾਡਾ ਹਿਤੈਸ਼ੀ,**
**ਆਤਮਜੀਤ**

# ਅੱਖਰਕਾਰੀ : ਇੱਕ ਕਦਮ ਨਿਪੁੰਨਤਾ ਵੱਲ

**- ਮਾਸਟਰ ਸੰਜੀਵ ਧਰਮਾਣੀ**
**੯੪੭੮੫੬੧੩੫੬.**

ਸਿੱਖਣ ਕਲਾ ਜਨਮ ਤੋਂ ਲੈ ਕੇ ਮ੍ਰਿਤੂ ਤੱਕ ਚੱਲਦੀ ਰਹਿੰਦੀ ਹੈ। ਇਸ ਵਿੱਚ ਕਦੇ ਖੜੋਤ ਨਹੀਂ ਆਉਂਦੀ। ਅੱਜ ਭਾਵੇਂ ਕੰਪਿਊਟਰ ਦਾ ਯੁੱਗ ਹੈ ਅਤੇ ਲਿਖਣ ਦੀਆਂ ਵੱਖ-ਵੱਖ ਤਕਨੀਕਾਂ ਦਾ ਈਜਾਦ ਹੋ ਚੁੱਕਾ ਹੈ, ਪ੍ਰੰਤੂ ਸੁੰਦਰ ਹੱਥ-ਲਿਖਤ ਦੀ ਆਪਣੀ ਵੱਖਰੀ ਅਹਿਮੀਅਤ, ਵਿਸ਼ੇਸ਼ਤਾ, ਪਹਿਚਾਣ, ਪ੍ਰਭਾਵ ਅਤੇ ਆਪਣੀ ਹੀ ਇੱਕ ਦੁਨੀਆ ਹੈ। ਇਸ ਤੋਂ ਇਲਾਵਾ ਸੁੰਦਰ ਹੱਥ ਲਿਖਤ ਸਾਡੀ ਸ਼ਖ਼ਸੀਅਤ ਦਾ ਵੀ ਆਈਨਾ ਹੁੰਦੀ ਹੈ। ਸੁੰਦਰ ਹੱਥ ਲਿਖਤ ਨੂੰ ਸਹੀ ਦਿਸ਼ਾ ਤੇ ਦਸ਼ਾ ਦੇਣ ਲਈ ਪ੍ਰਾਇਮਰੀ ਪੱਧਰ ਦੀ ਸਕੂਲੀ ਪੜਾਈ ਦੀ ਬਹੁਤ ਮਹੱਤਤਾ ਹੈ। ਇਸ ਪੱਧਰ 'ਤੇ ਹੀ ਵਿਦਿਆਰਥੀ ਦੀ ਪੜਾਈ ਅਤੇ ਲਿਖਾਈ ਦੀ ਨੀਂਹ ਮਜ਼ਬੂਤੀ ਨਾਲ ਰੱਖੀ ਜਾ ਸਕਦੀ ਹੈ। ਅੱਜ ਭਾਵੇਂ ਫੱਟੀਆਂ, ਕਲਮ ਤੇ ਦਵਾਤਾਂ ਦੇ ਸਮੇਂ ਲੱਦ ਗਏ ਹਨ, ਪਰ ਫਿਰ ਵੀ ਜੈੱਲ ਪੈੱਨ, ਪੈੱਨਸਿਲਾਂ ਅਤੇ ਨਿੱਬ ਵਾਲੇ ਸਿਆਹੀ ਦੇ ਪੈੱਨਾਂ ਦੇ ਨਾਲ ਸੁੰਦਰ ਲਿਖਾਈ ਬਣਾਉਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਇਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ 'ਅੱਖਰਕਾਰੀ' ਮੁਹਿੰਮ ਤਹਿਤ ਸੁੰਦਰ ਲਿਖਾਈ ਸਬੰਧੀ ਅਧਿਆਪਕਾਂ ਦੇ ਆਨਲਾਈਨ ਸੈਮੀਨਾਰ ਲਗਾਏ ਜਾ ਰਹੇ ਹਨ, ਜੋ ਕਿ ਇਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਵਿੱਚ ਵੱਖ-ਵੱਖ ਨਿਪੁੰਨ ਅਧਿਆਪਕ ਅਤੇ ਮਾਹਿਰ ਲਿਖਾਈ ਸਬੰਧੀ ਨਵੀਆਂ ਤਕਨੀਕਾਂ ਤੋਂ ਅਧਿਆਪਕਾਂ ਨੂੰ ਜਾਣੂੰ ਕਰਵਾਉਂਦੇ ਹਨ ਅਤੇ ਰਿਸੋਰਸਪਰਸਨ ਵੀ ਇਨਾਂ ਸੈਮੀਨਾਰਾਂ ਵਿਚ ਯੋਗ ਅਗਵਾਈ ਪ੍ਰਦਾਨ ਕਰਦੇ ਹਨ। ਇਸ ਨਾਲ ਜਿੱਥੇ ਸਕੂਲ ਅਧਿਆਪਕਾਂ ਦੀ ਲਿਖਾਈ ਸੁੰਦਰ ਤੇ ਵਿਲੱਖਣ ਦਿੱਖ ਵਾਲੀ ਬਣੇਗੀ , ਉੱਥੇ ਹੀ ਇਸ ਦਾ ਸਿੱਧੇ ਅਤੇ ਅਸਿੱਧੇ ਤੌਰ 'ਤੇ ਪ੍ਰਭਾਵ ਵਿਦਿਆਰਥੀਆਂ ਦੀ ਸੁੰਦਰ ਲਿਖਾਈ, ਉਨਾਂ ਦੀ ਪੜਾਈ ਅਤੇ ਉਨਾਂ ਦੀ ਸ਼ਖ਼ਸੀਅਤ 'ਤੇ ਵੀ ਪਵੇਗਾ। ਸਿੱਟੇ ਵਜੋਂ ਵਿਦਿਆਰਥੀਆਂ ਵਿਚ ਪੜਾਈ-ਲਿਖਾਈ ਸਬੰਧੀ ਇੱਕ ਨਵੀਂ ਉਮੰਗ-ਤਰੰਗ, ਸਵੈ-ਵਿਸ਼ਵਾਸ ਅਤੇ ਉਤਸ਼ਾਹ ਪੈਦਾ ਹੋਵੇਗਾ। ਸੱਚਮੁੱਚ ਸਕੂਲ ਸਿੱਖਿਆ ਵਿਭਾਗ ਪੰਜਾਬ ਦਾ ਇਹ ਉਪਰਾਲਾ ਸਮੁੱਚੇ ਅਧਿਆਪਕ ਅਤੇ ਵਿਦਿਆਰਥੀ ਵਰਗ ਲਈ ਇੱਕ ਵਰਦਾਨ ਸਾਬਿਤ ਹੋਵੇਗਾ ਅਤੇ ਉਚੇਰੀਆਂ ਵਿੱਦਿਅਕ ਪ੍ਰਾਪਤੀਆਂ ਵਿੱਚ ਅਹਿਮ ਭੂਮਿਕਾ ਨਿਭਾਵੇਗਾ।



jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# 'ਦਾਗੈ ਹੋਹਿ ਸੁ ਰਨ ਮਹਿ ਜੂਝਹਿ ॥'

## ਕਿਸਾਨ ਅੰਦੋਲਨ ਦਾ ਮਹਾਂਯੋਧਾ ਨਾਇਕ ਗੁਰਨਾਮ ਸਿੰਘ ਚੜੂਨੀ

**- ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਗੁਰਸਿੱਖੀ ਨੂੰ ਪਰਨਾਇਆ ਭਾਰਤੀ ਕਿਸਾਨ ਯੂਨੀਅਨ ਦੀ ਹਰਿਆਣਾ ਇਕਾਈ ਦੇ ਸੂਬਾ ਪ੍ਰਧਾਨ 60 ਸਾਲਾ ਗੁਰਨਾਮ ਸਿੰਘ ਚੜੂਨੀ ਅੱਜ ਹਰਿਆਣਾ ਵਿੱਚ ਹੀ ਨਹੀਂ, ਪੂਰੇ ਭਾਰਤ ਵਿਚ ਕਿਸਾਨ ਅੰਦੋਲਨ ਦਾ ਚਿਹਰਾ ਹਨ। ਆਪਣੇ ਇਤਿਹਾਸਕ ਕਾਰਨਾਮੇ ਕਾਰਨ ਵਿਸ਼ਵ ਵਿਚ ਪਰਵਾਸੀ ਖ਼ਾਲਸਾ ਜੀ ਤੇ ਪੰਜਾਬੀ ਭਾਈਚਾਰੇ ਦੀਆਂ ਅੱਖਾਂ ਦਾ ਤਾਰਾ ਹਨ। ਬੇਰੀਕੇਡ ਤੋੜਨ ਦਾ ਇਤਿਹਾਸ ਗੁਰਨਾਮ ਸਿੰਘ ਨੇ ਸਿਰਜਿਆ ਹੈ। ਇਹ ਕੋਈ ਸੌਖਾ ਨਹੀਂ ਸੀ। ਖੱਬੇ ਪੱਖੀ ਆਗੂ ਬੈਰੀਅਰ ਤੋੜਨਾ ਨਹੀਂ ਚਾਹੁੰਦੇ ਸਨ। ਪਰ ਗੁਰਨਾਮ ਸਿੰਘ ਸਾਰੀ ਕਿਸਾਨ ਲਹਿਰ ਨੂੰ ਦਿੱਲੀ ਦੀ ਹਿੱਕ ਉੱਪਰ ਖੜਾ ਕਰਨਾ ਚਾਹੁੰਦਾ ਸੀ। ਇਸ ਦੇ ਅਰਥ ਸਨ ਕਿ ਕਿਸਾਨੀ ਮੁੱਦਾ ਲੋਕ ਮੁੱਦਾ ਬਣ ਸਕੇ ਤੇ ਪੂਰੇ ਭਾਰਤ ਦੇ ਲੋਕ ਇਸ ਅੰਦੋਲਨ ਨਾਲ ਖੜ ਸਕਣ। ਖੱਬੇ ਪੱਖੀਆਂ ਦੀ ਪਹੁੰਚ ਇਨੀਂ ਡੂੰਘੀ ਨਹੀਂ ਸੀ ਕਿ ਇਸ ਅੰਦੋਲਨ ਨੂੰ ਇੱਥੇ ਲਿਆਕੇ ਖੜਾ ਕਰਦੇ । ਗੁਰਨਾਮ ਸਿੰਘ ਸਿਰਫ਼ ਇਕੱਲਾ ਸੀ ਜਾਂ ਗੁਰੂ ਉਸਦੇ ਅੰਗ ਸੰਗ ਸੀ। ਇਕੱਲਾ ਹੀ ਅੰਦੋਲਨ ਨੂੰ ਉੱਥੇ ਲਿਆਕੇ ਖੜਾ ਕਰ ਦਿੱਤਾ ਜਿੱਥੇ ਕਦੇ ਕਿਸਾਨ ਅੰਦੋਲਨ ਅੱਜ ਤਕ ਇਸ ਪੱਧਰ ਉੱਪਰ ਨਹੀਂ ਪਹੁੰਚਿਆ। ਇਹ ਅਜੋਕੇ ਅੰਦੋਲਨ ਵਿਚ ਸਿੱਖ ਇਤਿਹਾਸ ਦੀ ਸਿਰਜਣਾ ਕਰਨ ਵਾਲੇ ਉਹ ਯੋਧੇ ਹਨ ਜਿਹਨਾਂ ਕਿਸਾਨੀ ਅਵਾਮ ਦੀ ਅਗਵਾਈ ਕਰਦਿਆਂ ਖੱਟੜ ਸਰਕਾਰ ਦੀਆਂ ਪਹਾੜ ਜਿੱਡੀਆਂ ਕਿੱਲੇਨੁਮਾ ਖੜੀਆਂ ਰੁਕਾਵਟਾਂ ਪੱਥਰਾਂ, ਪਾਣੀ ਦੇ ਟੈਂਕਰਾਂ ਦੀਆਂ ਬੁਛਾਰਾਂ, ਖੱਡਾਂ, ਬੈਰੀਅਰਾਂ ਨਾਲ ਮੱਥਾ ਲਗਾ ਕੇ ਕਿਸਾਨੀ ਲਹਿਰ ਨੂੰ ਭਵਸਾਗਰ ਪਾਰ ਕਰਾਇਆ। ਕਿਸਾਨਾਂ ਦੇ 'ਦਿੱਲੀ ਚਲੋ' ਅੰਦੋਲਨ ਦੇ ਚਲਦਿਆਂ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਇਸ ਦੇ ਬਾਵਜੂਦ ਆਪ ਦੀ ਸੁਚੱਜੀ ਅਗਵਾਈ ਵਿਚ ਕਿਸਾਨ ਬੈਰੀਅਰ ਤੋੜਦੇ ਦਿੱਲੀ ਪਹੁੰਚਣ ਵਿਚ ਸਫਲ ਰਹੇ। ਪੰਜਾਬ ਦੇ ਖੱਬੇ ਪੱਖੀ ਕਿਸਾਨ ਮੋਰਚੇ ਦੇ ਆਗੂ ਤਾਂ ਇਹ ਸੋਚ ਕੇ ਬੈਠੇ ਸਨ ਕਿ ਜਿੱਥੇ ਹਰਿਆਣਾ ਸਰਕਾਰ, ਪੁਲਿਸ ਰੋਕੇਗੀ ਰੁਕ ਜਾਵਾਂਗੇ। ਪਰ ਗੁਰਨਾਮ ਸਿੰਘ ਸਿਰੜ ਤੇ ਸਿਦਕ ਅੱਗੇ ਕੌਣ ਠਹਿਰ ਸਕਦਾ ਸੀ। ਇਸ ਤੋਂ ਬਾਅਦ ਹੁਣ ਹਰਿਆਣਾ ਪੁਲਿਸ ਨੇ ਆਪ ਸਮੇਤ ਇਨਾਂ ਦੇ ਕਈ ਜੁਝਾਰੂ ਸਾਥੀ ਕਿਸਾਨਾਂ ਖ਼ਿਲਾਫ਼ ਕਈ ਝੂਠੇ ਪਰਚੇ ਦਰਜ ਕਰ ਦਿੱਤੇ ਹਨ।

ਸੋਨੀਪਤ ਵਿਚ ਪੁਲਿਸ ਨੇ ਕਿਸਾਨਾਂ ਖ਼ਿਲਾਫ਼ ਸਰਕਾਰੀ ਕੰਮਾਂ ਵਿਚ ਰੁਕਾਵਟ ਪੈਦਾ ਕਰਨ ਸਮੇਤ ਕਈ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਹਨ। ਉੱਥੇ ਹੀ ਰੋਹਤਕ ਵਿਚ ਪੁਲਿਸ ਵੱਲੋਂ 900 ਕਿਸਾਨਾਂ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਇਸ ਦੇ ਨਾਲ ਹੀ ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਮੁਖੀ ਗੁਰਨਾਮ ਸਿੰਘ ਚੜੂਨੀ ਅਤੇ 17 ਹੋਰ ਭਾਕਿਯੂ ਨੇਤਾਵਾਂ 'ਤੇ 25 ਅਕਤੂਬਰ ਨੂੰ ਐਫਆਈਆਰ ਵਿਚ ਦੰਗੇ ਭੜਕਾਉਣ ਤੇ ਵਾਹਨ ਚੜਾ ਕੇ ਪੁਲਿਸ ਕਰਮੀਆਂ ਦੀ ਹੱਤਿਆ ਕਰਨ ਦੀ ਕੋਸ਼ਿਸ਼ ਅਤੇ ਕੋਰੋਨਾ ਵਾਇਰਸ ਦਾ ਖ਼ਤਰਾ ਫੈਲਾਉਣ ਦੀਆਂ ਧਾਰਾਵਾਂ ਲਗਾਈਆਂ ਗਈਆਂ ਹਨ। ਟਿੱਕਰੀ ਬਾਰਡਰ 'ਤੇ ਬੈਰੀਕੇਡ



ਤੋੜਨ ਦੇ ਮਾਮਲੇ ਵਿੱਚ ਪੰਜਾਬ ਦੇ ਕਿਸਾਨਾਂ 'ਤੇ ਪਿਹੋਵਾ ਦੇ ਨਾਲ -ਨਾਲ ਸ਼ਾਹਾਬਾਦ ਵਿੱਚ ਵੀ ਆਪਦਾ ਪ੍ਰਬੰਧਨ ਐਕਟ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਜੇਕਰ ਸਟੇਟ ਬੁਰਜੂਆ, ਕਾਰਪੋਰੇਟ ਦੀ ਗ਼ੁਲਾਮ ਹੈ ਤਾਂ ਕਿਸਾਨੀ, ਜਨਤਕ ਹਿਤ ਨੂੰ ਬਚਾਉਣ ਲਈ ਹਰ ਬੇਰੀਕੇਡ ਤੋੜ ਦੇਣਗੇ।' ਗੁਰਨਾਮ ਸਿੰਘ ਨੇ ਕਿਹਾ ਕਿ 'ਇਹ ਯੁੱਧ ਹੈ, ਅਸੀਂ ਯੁੱਧ ਲੜ ਰਹੇ ਹਾਂ, ਸਾਨੂੰ ਨਹੀਂ ਪਤਾ ਕਿ ਅੱਗੋਂ ਕੀ ਵਾਪਰੇਗਾ, ਪਰ ਸਾਡਾ ਇਰਾਦਾ ਇਹ ਹੈ ਕਿ ਅਸੀਂ ਹਰ ਰੁਕਾਵਟ ਨੂੰ ਤੋੜ ਦੇਵਾਂਗੇ.. ਪਿੱਠ ਨਹੀਂ ਦਿਖਾਵਾਂਗੇ..ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਅਸੀਂ ਆਪਣੀ ਜਾਨ ਵਾਰਨ ਲਈ ਵੀ ਤਿਆਰ ਹਾਂ। ਜਦੋਂ ਅਸੀਂ ਮਰਨ ਲਈ ਤਿਆਰ ਹੁੰਦੇ ਹਾਂ, ਫਿਰ ਇਸ ਗੱਲ ਦਾ ਕੋਈ ਪ੍ਰਸ਼ਨ ਨਹੀਂ ਹੁੰਦਾ ਕਿ ਅੱਗੋਂ ਕੀ ਵਾਪਰੇਗਾ। ਪਰ ਅਸੀਂ ਜਿੱਤਣ ਲਈ ਤੁਰੇ ਹਾਂ। ਦੇਖੋ ਗੁਰੂ ਗੋਬਿੰਦ ਸਿੰਘ ਜੀ ਦੀ ਵੀ ਲੜਾਈ ਹੋਈ ਸੀ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਉਨਾਂ ਨੇ ਕਮਰਕੱਸੇ ਨੂੰ ਤਿੰਨ ਮਹੀਨਿਆਂ ਤਕ ਨਿਰੰਤਰ ਰੱਖਿਆ। ਪਹਿਲੀ ਗੱਲ ਇਹ ਸਮਝਣ ਦੀ ਹੈ ਕਿ ਸਰਕਾਰ ਕਿਸਾਨਾਂ ਤੋਂ ਕਿਉਂ ਡਰਦੀ ਹੈ। ਕੀ ਦੇਸ਼ ਸਿਰਫ਼ ਸਰਮਾਏਦਾਰਾਂ ਲਈ ਹੈ। ਕੀ ਕਿਸਾਨ ਨੂੰ ਆਪਣੀ ਰਾਜਧਾਨੀ ਜਾਣ ਦਾ ਅਧਿਕਾਰ ਨਹੀਂ ਹੈ? ਜੇ ਸਰਕਾਰ ਬੁਰਜੂਆਵਾਦੀਆਂ ਤੇ ਕਾਰਪੋਰੇਟਾਂ ਦੀ ਗ਼ੁਲਾਮ ਹੈ, ਤਾਂ ਕਿਸਾਨ ਆਪਣੇ ਦੇਸ਼ ਦੇ ਲੋਕਾਂ ਨੂੰ ਬਚਾਉਣ ਲਈ ਆਪਣੇ ਦੇਸ਼ ਦੀ ਰਾਜਧਾਨੀ ਵਿਚ ਅੰਦੋਲਨ ਖੜਾ ਕਿਉਂ ਨਹੀਂ ਕਰ ਸਕਦਾ।

ਦੱਸਣਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਧਰਨੇ ਲਈ ਨਿਰਧਾਰਿਤ ਬੁਰਾੜੀ ਸਥਿਤ ਸੰਤ ਨਿਰੰਕਾਰੀ ਮੈਦਾਨ ਵਿਚ ਪਹੁੰਚਣ ਦੀ ਅਪੀਲ ਕੀਤੀ ਸੀ। ਉਨਾਂ ਨੇ ਕਿਹਾ ਸੀ ਕਿ ਨਿਰਧਾਰਿਤ ਜਗਾ 'ਤੇ ਪਹੁੰਚ ਕੇ ਅਗਲੇ ਹੀ ਦਿਨ ਗੱਲ ਹੋਵੇਗੀ, ਉੱਥੇ ਹੀ ਕਿਸਾਨ ਆਗੂਆਂ ਨੇ ਗੁਰਨਾਮ ਸਿੰਘ ਦੀ ਸਲਾਹ ਮੰਨਕੇ ਅਮਿਤ ਸ਼ਾਹ ਦੀ ਇਸ ਸ਼ਰਤ ਨੂੰ ਠੁਕਰਾ ਦਿੱਤਾ ਸੀ। ਬੁਰਾੜੀ ਮੈਦਾਨ ਬਾਰੇ ਗੁਰਨਾਮ ਸਿੰਘ ਦੀ ਸਮਝ ਸੀ ਕਿ ਇੱਥੇ ਸਰਕਾਰ ਕਿਸਾਨਾਂ ਨੂੰ ਕੈਦ ਕਰਕੇ ਓਪਨ ਜੇਲ ਬਣਾਉਣਾ ਚਾਹੁੰਦੀ ਹੈ। ਗੁਰਨਾਮ ਸਿੰਘ ਨੇ ਸਰਕਾਰੀ ਸੁਝਾਅ ਮੰਨਣ ਦੀ ਥਾਂ ਦਿੱਲੀ ਦੀ ਨਾਕਾਬੰਦੀ ਕਰਨ ਬਾਰੇ ਰਣਨੀਤੀ ਘੜੀ। ਇਹ ਨੀਤੀ ਹੁਣ ਕਾਮਯਾਬ ਹੈ। ਦਿਲਚਸਪ ਗੱਲ ਇਹ ਹੈ ਕਿ ਯੂ.ਪੀ. ਦੇ ਕਿਸਾਨਾਂ ਨੇ ਵੀ ਗੁਰਨਾਮ ਸਿੰਘ ਵਾਲੀ ਪਹੁੰਚ ਅਪਣਾ ਕੇ ਦਿੱਲੀ ਪੁਲਿਸ ਦੁਆਰਾ ਲਾਏ ਗਏ ਬੈਰੀਕੇਡ ਤੋੜ ਦਿੱਤੇ।

ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਅੰਦੋਲਨ ਚੱਲ ਰਿਹਾ ਹੈ। ਗੁਰਨਾਮ ਨੇ ਮੰਗ ਕੀਤੀ ਹੈ ਕਿ ਕਿਸਾਨ ਵਿਰੋਧੀ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ। ਬਿਜਲੀ ਬਿੱਲ, ਐੱਮਐੱਸਪੀ ਗਾਰੰਟੀ ਕਾਨੂੰਨ ਵਾਪਸ ਲਿਆਂਦਾ ਜਾਵੇ। ਇੱਥੇ ਜ਼ਿਕਰਯੋਗ ਹੈ ਕਿ ਉਨਾਂ ਨੇ ਸਾਲ 2019 ਵਿੱਚ ਚੋਣਾਂ ਦੌਰਾਨ ਦਿੱਤੇ ਹਲਫ਼ੀਆ ਬਿਆਨ ਵਿੱਚ ਖ਼ੁਦ ਨੂੰ ਇੱਕ ਕਿਸਾਨ ਅਤੇ ਕਮਿਸ਼ਨ ਏਜੰਟ ਦੱਸਿਆ ਸੀ। ਉਹ ਕੁਰੂਕਸ਼ੇਤਰ ਜ਼ਿਲੇ ਦੀ ਤਹਿਸੀਲ ਸ਼ਾਹਬਾਦ ਵਿੱਚ ਪੈਂਦੇ ਪਿੰਡ ਚੜੂਨੀ ਜੱਟਾਂ ਤੋਂ ਹਨ। ਆਪ ਆਪਣੇ ਨਾਂ ਪਿੱਛੇ ਆਪਣੇ ਸਰਨੇਮ ਦੀ ਥਾਂ ਜਾਤ ਦੀ ਬਜਾਏ ਪਿੰਡ ਦਾ ਨਾਮ ਲਾਉਣਾ ਪਸੰਦ ਕਰਦੇ ਹਨ।

ਭਾਵੇਂ ਕਿ ਸੂਬੇ ਹਰਿਆਣੇ ਵਿੱਚ ਬੀਕੇਯੂ ਦੇ ਇੱਕ ਦਰਜਨ ਤੋਂ ਵੱਧ ਧੜੇ ਹਨ, ਗੁਰਨਾਮ ਸਿੰਘ ਤਕਰੀਬਨ ਦੋ ਦਹਾਕਿਆਂ ਤੋਂ ਸਰਗਰਮ ਹਨ। ਉਹ ਜੀ.ਟੀ. ਰੋਡ 'ਤੇ ਪੈਂਦੇ ਉੱਤਰੀ ਜ਼ਿਲਿਆਂ ਕੁਰੂਕਸ਼ੇਤਰ, ਯਮੁਨਾਨਗਰ, ਕੈਥਲ ਅਤੇ ਅੰਬਾਲਾ, ਜਿਨਾਂ ਨੂੰ ਸੂਬੇ ਦੀ ਝੋਨਾ ਬੈਲਟ ਵਜੋਂ ਜਾਣਿਆ ਜਾਂਦਾ ਹੈ, ਵਿੱਚ ਕਾਫ਼ੀ ਸਰਗਰਮ ਹਨ।

ਹੋਰ ਕਿਸਾਨ ਜਥੇਬੰਦੀਆਂ ਨਾਲ ਸਬੰਧਤ ਉਨਾਂ ਦੇ ਸਹਿਕਰਮੀ ਤੇ ਕਿਸਾਨ ਅਵਾਮ ਉਨਾਂ ਨੂੰ ਕਿਸਾਨ ਅੰਦੋਲਨ ਲਈ ਸ਼ਿੱਦਤ ਨਾਲ ਦਿਲੋਂ ਸਮਰਪਿਤ ਤੇ ਯੋਧਾ ਦੱਸਦੇ ਹਨ। ਹਾਲ ਹੀ ਵਿੱਚ 10 ਸਤੰਬਰ ਨੂੰ ਹੋਈ ਪਿੱਪਲੀ ਰੈਲੀ ਵਿੱਚ ਤਿੰਨ ਕਿਸਾਨ ਬਿੱਲਾਂ ਦਾ ਵਿਰੋਧ ਕਰਨ ਤੋਂ ਬਾਅਦ ਉਹ ਖ਼ਬਰਾਂ ਵਿੱਚ ਆਏ। ਇਸ ਰੈਲੀ ਵਿੱਚ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ ਅਤੇ ਇਸ ਨੇ ਲੋਕਾਂ ਦਾ ਧਿਆਨ ਖਿੱਚਿਆ। ਉਨਾਂ ਨੇ ਫਿਰ ਤੋਂ 20 ਸਤੰਬਰ ਨੂੰ ਸੂਬਾ ਬੰਦ ਕਰਨ ਦਾ ਸੱਦਾ ਦਿੱਤਾ ਜੋ ਕਿ ਬਹੁਤ ਕਾਮਯਾਬ ਰਿਹਾ ਤੇ ਬੀਕੇਯੂ ਦੇ ਧੜਿਆਂ ਨੇ ਉਨਾਂ ਦੇ ਸੱਦੇ ਨੂੰ ਸਮਰਥਨ ਦਾ ਐਲਾਨ ਕੀਤਾ। ਉਨਾਂ ਵਿਰੁੱਧ ਉਸ ਸਮੇਂ ਹਰਿਆਣਾ ਪੁਲਿਸ ਵੱਲੋਂ ਇੱਕ ਮਾਮਲਾ ਵੀ ਦਰਜ ਕੀਤਾ ਗਿਆ ਸੀ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੰਕਾਰੀ ਰਾਵਣ ਦੱਸਦਿਆਂ ਦੁਸਹਿਰੇ ਮੌਕੇ ਉਨਾਂ ਦਾ ਪੁਤਲਾ ਫੂਕਣ ਦਾ ਸੋਸ਼ਲ ਮੀਡੀਆ 'ਤੇ ਸੱਦਾ ਦੇਣ ਕਾਰਣ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਉੱਪਰ ਸ਼ਿਕਾਇਤ ਤੋਂ ਬਾਅਦ ਸ਼ਾਹਬਾਦ ਪੁਲਿਸ ਨੇ ਕੇਸ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਾਜਰੀ ਮੁਹੱਲਾ ਨਿਵਾਸੀ ਸਾਹਿਲ ਗੁਲਿਆਣੀ ਨੇ ਕਿਹਾ ਕਿ ਗੁਰਨਾਮ ਸਿੰਘ ਕਿਸਾਨਾਂ ਨੂੰ ਸੱਦਾ ਦੇ ਰਹੇ ਹਨ ਕਿ ਸਾਰੇ ਕਿਸਾਨ ਆਪੋ ਆਪਣੇ ਬਲਾਕਾਂ ਵਿੱਚ ਦੁਸਹਿਰੇ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਫੂਕਣ, ਕਿਉਂਕਿ ਮੋਦੀ ਇਕ ਹੰਕਾਰੀ ਸ਼ਾਸਕ ਹਨ। ਲਾਡਵਾ ਦੇ ਸਾਬਕਾ ਵਿਧਾਇਕ ਡਾ. ਪਵਨ ਸੈਣੀ ਨੇ ਵੀ ਉਨਾਂ ਖਿਲਾਫ਼ ਫ਼ੌਜਦਾਰੀ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ।

ਹਰ ਪਾਸਿਉਂ ਅਤੇ ਧੜਿਆਂ ਤੋਂ ਸਮਰਥਨ ਮਿਲਣ ਤੋਂ ਬਾਅਦ, ਗੁਰਨਾਮ ਸਿੰਘ ਨੇ ਸਾਰਿਆਂ ਨੂੰ ਬਰਾਬਰ ਨੁਮਾਇੰਦਗੀ ਦੇਣ ਅਤੇ ਕਿਸਾਨ ਬਿੱਲਾਂ ਵਿਰੁੱਧ ਤਾਕਤ ਨੂੰ ਇਕੱਠਿਆਂ ਕਰਨ ਲਈ ਇੱਕ 'ਸਾਂਝਾ ਕਿਸਾਨ ਮੋਰਚਾ' ਗਠਿਤ ਕੀਤਾ। ਗੁਰਨਾਮ ਨੇ ਸਾਲ 2019 ਵਿੱਚ ਕੁਰੂਕਸ਼ੇਤਰ ਦੇ ਵਿਧਾਨ ਸਭਾ ਹਲਕੇ ਲਾਡਵਾ ਤੋਂ ਵਿਧਾਨ ਸਭਾ ਚੋਣ ਲੜੀ ਪਰ ਸਾਧਨਾਂ ਦੀ ਘਾਟ ਕਾਰਣ ਜਿੱਤ ਨਾ ਸਕੇ। ਇਸ ਮਹਾਨ ਕਿਸਾਨ ਯੋਧੇ ਉੱਪਰ ਸਿੱਖ ਪੰਥ ਤੇ ਭਾਰਤ ਦੇ ਕਿਰਤੀ ਵਰਗ, ਵੰਚਿਤ ਭਾਈਚਾਰੇ, ਆਮ ਲੋਕਾਂ ਨੂੰ ਮਾਣ ਹੈ।

# ਹੱਕਾਂ ਲਈ ਲੜ ਰਹੇ ਦਲੇਰ ਕਿਸਾਨਾਂ ਦੇ ਨਾਲ ਖੜੀ ਹੈ 'ਯੂਨਾਈਟਿਡ ਸਿੱਖਜ਼' ਸਮਾਜ ਸੇਵੀ ਸੰਸਥਾ

**ਨਿਊਯਾਰਕ/ਏ.ਟੀ.ਨਿਊਜ:** ਤੁਹਾਡੇ ਵਿੱਚੋਂ ਬਹੁਤਿਆਂ ਨੇ ਹੁਣ ਤੱਕ ਭਾਰਤ ਦੇ ਉੱਤਰ ਪੱਛਮੀ ਰਾਜਾਂ ਖ਼ਾਸ ਕਰਕੇ ਪੰਜਾਬ ਵਿੱਚ ਕਿਸਾਨਾਂ ਦੀਆਂ ਖ਼ਬਰਾਂ ਵੇਖੀਆਂ ਹੋਣਗੀਆਂ ਜੋ ਦੇਸ਼ ਦੇ ਅੰਨਦਾਤਾ ਵਜੋਂ ਜਾਣੇ ਜਾਂਦੇ ਹਨ। ਕਿਸਾਨਾਂ ਦੀ ਜ਼ਮੀਨ ਅਤੇ ਕਿਸਾਨੀ ਦੇ ਅਧਿਕਾਰਾਂ ਦੀ ਰਾਖੀ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰਨਾ ਬਹੁਤ ਮਹੱਤਵਪੂਰਨ ਹੈ। ਇਹ ਕਿਸਾਨ ਆਪਣੇ ਹੱਕ ਲੈਣ ਲਈ ਸ਼ਾਂਤਮਈ ਸੰਘਰਸ਼ ਕਰਦੇ ਹੋਏ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ 'ਤੇ ਡੇਰੇ ਲਾ ਕੇ ਬੈਠੇ ਹਨ। ਕੇਂਦਰ ਸਰਕਾਰ ਦੁਆਰਾ ਬਣਾਏ ਗਏ ਤਿੰਨ ਤਾਜ਼ਾ ਖੇਤੀਬਾੜੀ ਕਾਲੇ ਕਾਨੂੰਨਾਂ ਦੇ ਨੁਕਸਾਨ ਤੋਂ ਬਚਣ ਲਈ ਕਿਸਾਨ ਵੱਡੇ ਪੱਧਰ 'ਤੇ ਪ੍ਰਦਰਸ਼ਨ ਕਰ ਰਹੇ ਹਨ। ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਪ੍ਰਣਾਲੀ ਨੂੰ ਖ਼ਤਮ ਕਰਨ ਨਾਲ ਵੱਡੇ ਕਾਰਪੋਰੇਟ ਘਰਾਣੇ ਆਪਣੀਆਂ ਸ਼ਰਤਾਂ 'ਤੇ ਫ਼ਸਲ ਖ਼ਰੀਦਣਗੇ ਅਤੇ ਕਿਸਾਨਾਂ ਨੂੰ ਉਨਾਂ ਦੀਆਂ ਫ਼ਸਲਾਂ ਦਾ ਘੱਟ ਮੁੱਲ ਪ੍ਰਾਪਤ ਹੋਵੇਗਾ। ਮੰਡੀ ਪ੍ਰਣਾਲੀ ਦੇ ਭੰਗ ਹੋਣ ਕਾਰਨ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦਾ ਨਿਸ਼ਚਤ ਮੁੱਲ ਨਹੀਂ ਮਿਲੇਗਾ। ਇਹ ਕਾਨੂੰਨ ਉਨਾਂ ਆੜਤੀਆਂ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ ਜੋ ਕਿਸਾਨ ਦੇ ਜੀਵਨ ਦਾ ਅਹਿਮ ਅੰਗ ਹਨ। ਆੜਤੀਆ ਕਿਸਾਨ ਦੀਆਂ ਸਾਰੀਆਂ ਹੀ ਵਿੱਤੀ ਲੋੜਾਂ ਪੂਰੀਆਂ ਕਰਦਾ ਹੈ। ਇਹ ਵਿਰੋਧ ਪ੍ਰਦਰਸ਼ਨ ਅਜੇ ਵੀ ਸ਼ਾਂਤਮਈ ਚੱਲ ਰਹੇ ਹਨ ਪਰ ਕਈ ਵਾਰ ਪੁਲਿਸ ਬਲਾਂ ਨੇ ਉਨਾਂ ਦੇ ਬੁਨਿਆਦੀ ਲੋਕਤੰਤਰੀ ਅਧਿਕਾਰਾਂ ਦੇ ਵਿਰੁੱਧ ਹਿੰਸਾ ਦੀ ਵਰਤੋਂ ਕੀਤੀ ਹੈ। ਪੁਲਿਸ ਦੀ ਹਿੰਸਾ ਕਾਰਨ ਸੈਂਕੜੇ ਕਿਸਾਨ ਜ਼ਖ਼ਮੀ ਵੀ ਹੋਏ ਹਨ ਪਰ ਫਿਰ ਵੀ ਉਹ ਸ਼ਾਂਤਮਈ ਰਹਿ ਕੇ ਉਨਾਂ ਹੀ ਪੁਲਿਸ ਵਾਲਿਆਂ ਨੂੰ ਵੀ ਲੰਗਰ ਛਕਾ ਰਹੇ ਹਨ ਜੋ ਉਨਾਂ ਉੱਪਰ ਜ਼ੁਲਮ ਕਰਦੇ ਹਨ। ਯੂਨਾਈਟਿਡ ਸਿੱਖਜ਼ ਦੇ ਕਾਰਜਕਾਰੀ ਡਾਇਰੈਕਟਰ ਸ. ਜਗਦੀਪ ਸਿੰਘ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੇ ਪ੍ਰਸਾਰ ਦੇ ਕਾਰਨ ਕਿਸਾਨਾਂ ਅਤੇ ਉਨਾਂ ਦੇ ਪਰਿਵਾਰਾਂ ਲਈ ਇੱਕ ਅਣਸੁਖਾਵਾਂ ਡਰ ਸਾਹਮਣੇ ਖੜਾ ਹੈ। ਉਨਾਂ ਦੀਆਂ ਚਿੰਤਾਵਾਂ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ ਅਤੇ ਸਰਕਾਰ ਨੂੰ ਆਪਣੇ ਨਾਗਰਿਕਾਂ ਦੀ ਦੇਖਭਾਲ ਦੀ ਇਹ ਜ਼ਿੰਮੇਵਾਰੀ ਕਬੂਲ ਕਰਨੀ ਚਾਹੀਦੀ ਹੈ। ਐਮਰਜੈਂਸੀ ਦੇ ਇਸ ਸਮੇਂ ਵਿਚ ਯੂਨਾਈਟਿਡ ਸਿੱਖਜ਼ ਦੀਆਂ ਟੀਮਾਂ ਇਨਾਂ ਦਲੇਰ ਕਿਸਾਨਾਂ ਅਤੇ ਉਨਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਸਹਾਇਤਾ ਦੀ ਪੇਸ਼ਕਸ਼ ਕਰ ਰਹੀਆਂ ਹਨ। ਯੂਨਾਈਟਿਡ ਸਿੱਖਜ਼ ਚੌਵੀ ਘੰਟੇ ਐਮਰਜੈਂਸੀ ਅਤੇ ਮੈਡੀਕਲ ਸੇਵਾਵਾਂ ਪ੍ਰਦਾਨ ਕਰ ਰਹੀ ਹੈ। ਅਸੀਂ ਇਸ ਚੁਣੌਤੀ ਭਰਪੂਰ ਸਮੇਂ ਦੌਰਾਨ ਲੰਗਰ (ਭੋਜਨ, ਪਾਣੀ), ਮੈਡੀਕਲ ਸੇਵਾਵਾਂ (ਅਰਜੈਂਟ ਕੇਅਰ, ਐਂਬੂਲਟਰੀ ਸਹਾਇਤਾ, ਦਵਾਈਆਂ) ਅਤੇ ਪੀ.ਪੀ.ਈ. ਜ਼ਰੂਰਤ ਦਾ ਸਮਾਨ (ਮਾਸਕ, ਸੈਨੀਟਾਈਜਰ) ਪ੍ਰਦਾਨ ਕਰ ਰਹੇ ਹਾਂ। ਇਸ ਮਾਰਚ ਦੌਰਾਨ ਪੇਸ਼ੇਵਰਾਂ ਅਤੇ ਡਾਕਟਰਾਂ ਦੀਆਂ ਵਾਲੰਟੀਅਰ ਟੀਮਾਂ ਪੰਜਾਬ ਅਤੇ ਦਿੱਲੀ ਤੋਂ ਉਪਲਬਧ ਹਨ। ਸਾਡੀਆਂ ਕਾਨੂੰਨੀ ਟੀਮਾਂ ਆਉਣ ਵਾਲੇ ਦਿਨਾਂ ਵਿੱਚ ਕਿਸੇ ਵੀ ਅਨੁਮਾਨਿਤ ਜ਼ਰੂਰਤ ਦੇ ਨਾਲ ਸੇਵਾ ਕਰਨ ਲਈ ਵੀ ਤਿਆਰ ਹਨ। ਯੂਨਾਈਟਿਡ ਸਿੱਖਜ਼ ਦੇ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਹਰ ਰੋਜ਼ ਐਂਬੂਲੈਂਸਾਂ ਅਤੇ ਮੈਡੀਕਲ ਕੈਂਪ ਰੋਜ਼ਾਨਾ 1,000 ਤੋਂ ਵੱਧ ਕਿਸਾਨਾਂ ਦੀ ਸੇਵਾ ਕਰਦੇ ਹਨ। ਕਈ ਟੈਂਕਰ ਰੋਜ਼ਾਨਾ 10,000 ਤੋਂ ਵੱਧ ਕਿਸਾਨਾਂ ਨੂੰ 100,000 ਲੀਟਰ ਤਾਜ਼ਾ ਪਾਣੀ ਪ੍ਰਦਾਨ ਕਰਦੇ ਹਨ। ਉਨਾਂ ਕਿਹਾ ਕਿ ਅਸੀਂ ਸਭ ਤੋਂ ਪਹਿਲਾਂ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ ਅਤੇ ਪੰਜਾਬ ਦੇ ਨਾਲ-ਨਾਲ ਦਿੱਲੀ ਆਏ। ਜਦੋਂ ਕਿਸਾਨਾਂ ਦਾ ਪਹਿਲਾ ਜਥਾ ਦਿੱਲੀ ਪਹੁੰਚਿਆ ਤਾਂ ਅਸੀਂ ਬੁਰਾੜੀ ਕੈਂਪ ਵਿਚ ਪਹਿਲਾਂ ਹੀ ਪਹੁੰਚ ਚੁੱਕੇ ਸੀ । ਅਸੀਂ ਪੰਜਾਬ ਵਿਚ ਕਿਸਾਨੀ ਸੰਘਰਸ਼ ਦੇ ਸ਼ੁਰੂ ਹੋਣ ਤੋਂ ਹੀ ਸੇਵਾ ਕਾਰਜ ਸ਼ੁਰੂ ਕਰ ਦਿੱਤੇ ਸਨ ਅਤੇ ਹੁਣ ਅਸੀਂ ਗੱਦੇ, ਕੰਬਲ, ਲੰਗਰ ਪ੍ਰਦਾਨ ਕਰ ਰਹੇ ਹਾਂ। ਠੰਡ ਦਾ ਮੁਕਾਬਲਾ ਕਰਨ ਲਈ ਅਸੀਂ ਮਰਦ ਅਤੇ ਔਰਤਾਂ ਦੋਵਾਂ ਲਈ ਥਰਮਲ ਸ਼ਾਮਲ ਕੀਤੇ ਹਨ। ਇਹਨਾਂ ਵਿਚ ਦਵਾਈ, ਮੈਡੀਕਲ ਅਤੇ ਐਂਬੂਲੇਟਰੀ ਦੇਖਭਾਲ ਤੋਂ ਇਲਾਵਾ ਟੈਂਕਰਾਂ ਰਾਹੀਂ ਤਾਜ਼ਾ ਪਾਣੀ ਦੇਣਾ ਸ਼ਾਮਲ ਹੈ। ਉਨਾਂ ਦੱਸਿਆ ਕਿ ਪੰਜਾਬ ਦੇ ਸੁਨਾਮ ਤੋਂ ਜਸਪ੍ਰੀਤ ਅਤੇ ਗੁਰਪ੍ਰੀਤ ਸਿੰਘ, ਦਿੱਲੀ ਜਾ ਰਹੇ ਹਾਦਸਾਗ੍ਰਸਤ ਹੋ ਗਏ। ਸਾਡੀ ਟੀਮ ਉਨਾਂ ਨੂੰ ਤੁਰੰਤ ਨਜ਼ਦੀਕੀ ਸਰਕਾਰੀ ਹਸਪਤਾਲ ਲੈ ਗਈ। ਉਨਾਂ ਨੂੰ ਐਮਰਜੈਂਸੀ ਇਲਾਜ ਦਿੱਤਾ ਗਿਆ ਸੀ ਅਤੇ ਉਹ ਖ਼ਤਰੇ ਤੋਂ ਬਾਹਰ ਹਨ ਪਰ ਅਜੇ ਵੀ ਇਲਾਜ ਅਧੀਨ ਹਨ। ਤੁਹਾਡਾ ਸਮਰਥਨ ਇਸ ਸੰਘਰਸ਼ ਦੀ ਸਫਲਤਾ ਵਿਚ ਯੋਗਦਾਨ ਹੋਵੇਗਾ। ਨਿਰਭਉ ਬਣੋ, ਨਿਡਰ ਬਣੋ ਅਤੇ ਸਾਡੀ ਮੁਹਿੰਮ ਦਾ ਸਮਰਥਨ ਕਰੋ ਜਿਵੇਂ ਕਿ ਅਸੀਂ ਹਜ਼ਾਰਾਂ ਕਿਸਾਨਾਂ ਦੇ ਨਿਰਭੈ ਕਾਰਜਾਂ ਵਿੱਚ ਸਹਾਇਤਾ ਕਰਦੇ ਹਾਂ ਅਤੇ ਸੇਵਾ ਦੀ ਪ੍ਰੇਰਨਾ ਲੈਂਦੇ ਹਾਂ।

# ਸ਼੍ਰੋਮਣੀ ਕਮੇਟੀ ਅਤੇ ਪੰਥਕ ਚੁਣੌਤੀਆਂ

**- ਤਲਵਿੰਦਰ ਸਿੰਘ ਬੁਟਰ**

ਪੰਥਕ ਮਸਲਾ

ਸਿੱਖ ਪਾਰਲੀਮੈਂਟ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਿਚ ਇਸ ਵਾਰ ਪ੍ਰਧਾਨ ਸਮੇਤ ਨਵੀਂ ਬਣੀ ਸਮੁੱਚੀ ਕਾਰਜਕਾਰਨੀ ਕਮੇਟੀ ਅੱਗੇ ਵੱਡੀਆਂ ਪੰਥਕ ਚੁਣੌਤੀਆਂ ਦਰਕਾਰ ਰਹਿਣਗੀਆਂ। ਸ਼੍ਰੋਮਣੀ ਕਮੇਟੀ ਦੇ 43ਵੇਂ ਪ੍ਰਧਾਨ ਬਣੇ ਬੀਬੀ ਜਗੀਰ ਕੌਰ ਅੱਗੇ ਧਾਰਮਿਕ ਖੇਤਰ ਵਿਚ ਆਪਣੀ ਕਾਬਲੀਅਤ, ਪ੍ਰਬੰਧਕੀ ਸੂਝ-ਬੂਝ, ਪੰਥ ਪ੍ਰਤੀ ਸਮਰਪਣ ਭਾਵਨਾ, ਮੌਜੂਦਾ ਸਮੇਂ ਪੰਥ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕਰਵਾਉਣ ਅਤੇ ਪੰਥਕ ਏਕਤਾ ਦਾ ਬਾਨਣੂ ਬੰਨਣ ਦੀ ਯੋਗਤਾ ਦਿਖਾਉਣ ਦੀਆਂ ਸੰਭਾਵਨਾਵਾਂ ਹੋਣਗੀਆਂ।

ਵਿਸ਼ਵ-ਵਿਆਪੀ ਸਿੱਖ ਕੌਮ ਸਾਹਮਣੇ ਇਸ ਵੇਲੇ ਬਹੁਤ ਸਾਰੀਆਂ ਬਾਹਰੀ ਤੇ ਅੰਦਰੂਨੀ ਚੁਣੌਤੀਆਂ ਹਨ, ਜਿਨਾਂ ਵਿਚ ਵਿਦੇਸ਼ਾਂ ਅੰਦਰ ਸਿੱਖਾਂ ਦੀ ਵੱਖਰੀ ਹੋਂਦ ਅਤੇ ਪਛਾਣ ਨੂੰ ਸਥਾਪਤ ਕਰਨਾ ਅਤੇ ਸਿੱਖ ਪੰਥ ਵਿਚ ਵਧ ਰਿਹਾ ਸੰਪਰਦਾਇਕ ਟਕਰਾਅ ਤੇ ਵਾਦ-ਵਿਵਾਦ ਚਿੰਤਾਜਨਕ ਮੁੱਦੇ ਹਨ। ਸਿੱਖ ਸਮਾਜ ਨੂੰ ਜਾਤ-ਪਾਤ, ਡੇਰਾਵਾਦ, ਧਰਮ ਪਰਿਵਰਤਨ, ਕਰਮ-ਕਾਂਡਾਂ, ਪਤਿਤਪੁਣਾ, ਨਸ਼ਾਖੋਰੀ ਆਦਿ ਅਲਾਮਤਾਂ ਤੋਂ ਬਚਾਅ ਕੇ ਗੁਰਮਤਿ ਨਾਲ ਜੋੜਨ ਲਈ ਸੁਚੱਜੀ ਵਿਉਂਤਬੰਦੀ ਕਰਨੀ ਵੀ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਬੀਬੀ ਜਗੀਰ ਕੌਰ ਦੀ ਧਾਰਮਿਕ ਯੋਗਤਾ ਲਈ ਪਰਖ ਹੋਵੇਗੀ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਸ਼ਾਖਾ ਲਈ ਇਹ ਵੀ ਅੱਜ ਇਕ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ ਕਿ ਸਿੱਖ ਸਮਾਜ ਅੰਦਰ ਸਿਧਾਂਤ ਅਤੇ ਜੀਵਨ ਅਮਲ ਵਿਚ ਇਸ ਵੱਡੇ ਪਾੜੇ ਦੇ ਮੂਲ ਕਾਰਨਾਂ ਨੂੰ ਲੱਭ ਕੇ ਇਸ ਦੇ ਹੱਲ ਵੱਲ ਕਿਵੇਂ ਤੁਰਿਆ ਜਾਵੇ? ਸਮਾਜਿਕ ਜੀਵਨ ਅੰਦਰ ਦਿਖਾਵਾ, ਫ਼ਜ਼ੂਲ-ਖ਼ਰਚੀ, ਦਾਜ-ਦਹੇਜ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਸਿੱਖ ਆਦਰਸ਼ ਅਤੇ ਜੀਵਨ ਅਮਲ ਦੇ ਪਾੜੇ ਨੂੰ ਦੂਰ ਕਰਨਾ ਵੀ ਸ਼੍ਰੋਮਣੀ ਕਮੇਟੀ ਦੇ ਨਵੇਂ ਪ੍ਰਧਾਨ ਦੇ ਸਿਦਕੀ ਯਤਨਾਂ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ। ਗੁਰੂ ਸਾਹਿਬਾਨ ਨੇ ਜਿਸ ਹਵਾ ਨੂੰ 'ਗੁਰੂ', ਪਾਣੀ ਨੂੰ 'ਪਿਤਾ' ਅਤੇ ਧਰਤੀ ਨੂੰ 'ਮਾਤਾ' ਦਾ ਰੁਤਬਾ ਦਿੰਦਿਆਂ ਵਾਤਾਵਰਨ ਪ੍ਰਤੀ ਮਨੁੱਖ ਨੂੰ ਏਨੀ ਉੱਚੀ ਚੇਤਨਾ ਦਿੱਤੀ ਹੋਵੇ, ਉਸ ਮਹਾਨ ਫ਼ਲਸਫ਼ੇ ਦੇ ਵਾਰਸਾਂ ਦੀ ਧਰਤੀ 'ਤੇ ਵਾਤਾਵਰਨ ਏਨੀ ਵੱਡੀ ਪੱਧਰ 'ਤੇ ਵਿਗੜ ਰਿਹਾ ਹੋਵੇ ਕਿ ਹਵਾ ਮਨੁੱਖ ਦੇ ਸਾਹ ਲੈਣ ਯੋਗ, ਪਾਣੀ ਪੀਣ ਯੋਗ ਅਤੇ ਧਰਤੀ ਰਹਿਣ ਯੋਗ ਨਾ ਰਹੇ, ਇਹ ਬੇਹੱਦ ਚਿੰਤਾਜਨਕ ਹੈ। ਸ਼੍ਰੋਮਣੀ ਕਮੇਟੀ ਨੂੰ ਵਾਤਾਵਰਨ ਪ੍ਰਤੀ ਜਾਗਰੂਕਤਾ ਦੀ ਸਰਗਰਮ ਤੇ ਸਿੱਟਾ-ਮੁਖੀ ਮੁਹਿੰਮ ਚਲਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਦੇ ਪੰਜਾਬ ਵਿਚ ਕਈ ਵੱਡੇ ਤੇ ਅਤਿ-ਆਧੁਨਿਕ ਹਸਪਤਾਲ ਹਨ, ਪਰ ਲੋੜ ਹੈ ਇਨਾਂ ਹਸਪਤਾਲਾਂ ਦੇ ਬੂਹੇ ਲੋੜਵੰਦ ਅਤੇ ਗ਼ਰੀਬ ਲੋਕਾਂ ਲਈ ਖੋਲਣ ਦੀ। ਜੇਕਰ ਡੇਰੇਦਾਰ ਸੰਸਥਾਵਾਂ ਲੋਕਾਂ ਨੂੰ ਆਪਣੇ ਪੈਰੋਕਾਰ ਬਣਾਉਣ ਲਈ ਵੱਡੀ ਪੱਧਰ 'ਤੇ ਗ਼ਰੀਬਾਂ ਨੂੰ ਆਧੁਨਿਕ ਹਸਪਤਾਲਾਂ ਵਿਚ ਸਸਤਾ ਤੇ ਮਿਆਰੀ ਇਲਾਜ ਦੇ ਸਕਦੀਆਂ ਹਨ ਤਾਂ ਲਗਭਗ ਦਸ ਅਰਬ ਸਾਲਾਨਾ ਬਜਟ ਵਾਲੀ ਸ਼੍ਰੋਮਣੀ ਕਮੇਟੀ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਇਸ ਤੋਂ ਬਿਹਤਰੀਨ ਕਾਰਜ ਕਿਉਂ ਨਹੀਂ ਕਰ ਸਕਦੀ?



ਪੰਜਾਬ ਵਿਚ ਮਿਆਰੀ ਸਿੱਖਿਆ ਦੀ ਅਣਹੋਂਦ ਕਾਰਨ ਵੱਡੀ ਗਿਣਤੀ ਵਿਚ ਬੱਚੇ ਤੇ ਨੌਜਵਾਨ ਪੜਨ ਦੇ ਬਹਾਨੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਪੰਜਾਬ ਦੇ ਪੇਂਡੂ ਖੇਤਰਾਂ 'ਚ ਸਿੱਖਿਆ ਦਾ ਪੱਧਰ ਬਹੁਤ ਨੀਵਾਂ ਚੱਲਿਆ ਗਿਆ ਹੈ। ਇਕ ਸਰਵੇਖਣ ਅਨੁਸਾਰ ਪੰਜਾਬ ਦੇ 60 ਫ਼ੀਸਦੀ ਸਿੱਖ ਨੌਜਵਾਨ ਦਸਵੀਂ ਪੱਧਰ ਦੀ ਪੜਾਈ ਤੋਂ ਅੱਗੇ ਨਹੀਂ ਵਧ ਰਹੇ। ਉਚੇਰੀ ਸਿੱਖਿਆ ਵਿਚ ਸਿੱਖ ਨੌਜਵਾਨਾਂ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ। ਵਿਗਿਆਨ, ਗਣਿਤ ਤੇ ਅੰਗਰੇਜ਼ੀ ਵਰਗੇ ਵਿਸ਼ਿਆਂ ਵਿਚ ਸਿੱਖ ਪਨੀਰੀ ਦਾ ਪੱਧਰ ਬਹੁਤ ਨੀਵਾਂ ਹੈ। ਦੁਨੀਆ ਦੀਆਂ ਦੂਜੀਆਂ ਕੌਮਾਂ ਤੇ ਧਰਮਾਂ ਦੇ ਮੁਕਾਬਲੇ ਕੌਮਾਂਤਰੀ ਪੱਧਰ 'ਤੇ ਵੀ ਸਿੱਖਾਂ ਦੀ ਸਿੱਖਿਆ ਕਾਰਗੁਜ਼ਾਰੀ ਬਹੁਤੀ ਤਸੱਲੀਬਖ਼ਸ਼ ਨਹੀਂ ਹੈ। ਪੰਜਾਬ ਵਿਚ ਪੜੇ-ਲਿਖੇ ਨੌਜਵਾਨਾਂ ਦਾ ਕੌਮਾਂਤਰੀ ਸਿੱਖਿਆ ਸੰਸਥਾਵਾਂ 'ਚ ਦਾਖ਼ਲਾ ਨਾ-ਮਾਤਰ ਹੈ। ਇਸ ਲਈ ਪੰਜਾਬ ਵਿਚ ਵਿਸ਼ਵ ਪੱਧਰੀ ਸਿੱਖਿਆ ਮੁਹੱਈਆ ਕਰਵਾਉਣ ਤੇ ਪੇਂਡੂ ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਵੀ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੀ ਸੁਚੱਜੀ ਵਿਉਂਤਬੰਦੀ ਕਰਨੀ ਵੀ ਸ਼੍ਰੋਮਣੀ ਕਮੇਟੀ ਲਈ ਚੁਣੌਤੀ ਤੋਂ ਘੱਟ ਨਹੀਂ ਹੈ।

ਸ਼੍ਰੋਮਣੀ ਕਮੇਟੀ ਦੀ ਨਵੀਂ ਕਾਰਜਕਾਰਨੀ ਅੱਗੇ ਇਸ ਸੰਸਥਾ ਦੀ ਪ੍ਰਭੂਸੱਤਾ, ਵੱਕਾਰ ਤੇ ਭਰੋਸੇਯੋਗਤਾ ਨੂੰ ਕਾਇਮ ਕਰਨਾ ਵੀ ਇਕ ਵੱਡੀ ਚੁਣੌਤੀ ਹੈ। ਪਿਛਲੇ ਸਮੇਂ ਤੋਂ ਸ਼੍ਰੋਮਣੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਜਾਂ ਇਕ ਪਰਿਵਾਰ ਦੇ ਏਕਾਧਿਕਾਰ ਦੇ ਬਣੇ ਪ੍ਰਭਾਵ ਨੇ ਇਸ ਸਮਰੱਥ ਸੰਸਥਾ ਦੀ ਭਰੋਸੇਯੋਗਤਾ ਤੇ ਸਾਖ ਨੂੰ ਵੱਡੀ ਢਾਹ ਵੀ ਲਾਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਹਿਤਾਂ ਨਾਲ ਇਕਸੁਰਤਾ ਰੱਖਦਿਆਂ ਵੀ ਸ਼੍ਰੋਮਣੀ ਕਮੇਟੀ 'ਤੇ ਸਿਰਫ਼ ਇਕ ਸਿਆਸੀ ਪਰਿਵਾਰ ਦਾ ਏਕਾਧਿਕਾਰ ਹੋਣ ਦੇ ਪ੍ਰਭਾਵ ਨੂੰ ਤੋੜਨਾ ਪਵੇਗਾ। ਸਿੱਖ ਪੰਥ ਵਿਚ ਸ਼੍ਰੋਮਣੀ ਕਮੇਟੀ ਦੇ ਗੁਆਚੇ ਵਿਸ਼ਵਾਸ ਨੂੰ ਬਹਾਲ ਕਰਨਾ ਤੇ ਸਮੁੱਚੀ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਦੀ ਯੋਗਤਾ ਦਿਖਾਉਣ ਦੀ ਇਕ ਅਹਿਮ ਚੁਣੌਤੀ ਹੋਵੇਗੀ, ਕਿਉਂਕਿ ਪਿਛਲੇ ਸਮਿਆਂ ਦੌਰਾਨ ਡੇਰਾ ਸਿਰਸਾ ਮੁਖੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਾਫ਼ੀ ਦੇਣ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੇ 326 ਲਾਪਤਾ ਸਰੂਪਾਂ ਦੇ ਮਾਮਲੇ 'ਤੇ ਪੰਥ ਅੰਦਰ ਸ਼੍ਰੋਮਣੀ ਕਮੇਟੀ ਪ੍ਰਤੀ ਵਿਸ਼ਵਾਸ ਯੋਗਤਾ ਨੂੰ ਵੱਡੀ ਢਾਹ ਲੱਗੀ ਹੈ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਵਿਚ ਵਿਰੋਧੀ ਧਿਰ ਦੇ ਵਿਰੋਧ ਨੂੰ ਸਾਕਾਰਾਤਮਕ ਤਰੀਕੇ ਨਾਲ ਖ਼ਤਮ ਕਰਨ ਲਈ ਸਿਹਤਮੰਦ 'ਵਿਚਾਰ ਪ੍ਰਬੰਧ' ਉਲੀਕਣਾ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚ ਪਾਰਦਰਸ਼ਤਾ, ਨਿਰਪੱਖਤਾ ਤੇ ਧਰਮ ਪ੍ਰਚਾਰ ਨੂੰ ਸਿੱਟਾ ਮੁਖੀ ਲੀਹਾਂ 'ਤੇ ਤੋਰਨ ਦੀ ਯੋਗਤਾ ਵੀ ਦਿਖਾਉਣੀ ਪਵੇਗੀ।

ਇਸ ਦੇ ਨਾਲ-ਨਾਲ ਬੀਬੀ ਜਗੀਰ ਕੌਰ ਨੂੰ ਅਜਿਹੇ ਵਾਦ-ਵਿਵਾਦਾਂ ਤੋਂ ਵੀ ਦੂਰ ਰਹਿਣਾ ਪਵੇਗਾ, ਜੋ ਉਨਾਂ ਦੇ ਪਿਛਲੇ ਕਾਰਜ ਕਾਲਾਂ ਦੌਰਾਨ ਪੈਦਾ ਹੁੰਦੇ ਰਹੇ ਹਨ। ਇਸ ਵਾਰ ਬੇਲੋੜੇ ਵਿਵਾਦਾਂ ਤੋਂ ਬਚਣਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ ਅੰਦਰ ਹੇਠਲੇ ਪੱਧਰ ਤੱਕ ਮੁਲਾਜ਼ਮਾਂ 'ਤੇ ਨਜ਼ਰ ਰੱਖਣੀ ਵੀ, ਸਫਲ ਪ੍ਰਬੰਧਕ ਸਾਬਤ ਹੋਣ ਲਈ ਉਨਾਂ ਅੱਗੇ ਵੱਡੀ ਜ਼ਿੰਮੇਵਾਰੀ ਰਹੇਗੀ। ਇਕ ਹੋਰ ਅਹਿਮ ਮਸਲਾ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਦੇ ਢੰਗ-ਤਰੀਕੇ ਤੈਅ ਕਰਨ ਦਾ ਵੀ ਵਾਰ-ਵਾਰ ਉੱਠਦਾ ਰਿਹਾ ਹੈ। ਬੀਬੀ ਜਗੀਰ ਕੌਰ ਦੇ ਪ੍ਰਧਾਨਗੀ ਕਾਲ ਦੌਰਾਨ ਹੀ 29 ਮਾਰਚ, 2000 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਸ ਸਬੰਧੀ ਜਾਰੀ ਹੋਏ ਇਕ ਆਦੇਸ਼ ਵਿਚ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕਰਕੇ, 'ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ ਦੇ ਸੇਵਾ ਨਿਯਮ, ਨਿਯੁਕਤੀ ਲਈ ਯੋਗਤਾਵਾਂ, ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ, ਜ਼ਿੰਮੇਵਾਰੀਆਂ ਅਤੇ ਸੇਵਾਮੁਕਤੀ ਦੇ ਨਿਯਮ ਨਿਰਧਾਰਿਤ ਕਰਨ' ਲਈ ਕਿਹਾ ਗਿਆ ਸੀ।

---

# ਭਾਰਤ ਹੀ ਨਹੀਂ ਪੰਜਾਬ ਵਿਚ ਵੀ ਏਡਜ਼ ਪੀੜਤਾਂ ਦੀ ਗਿਣਤੀ ਹਜ਼ਾਰਾਂ 'ਚ

## ਅਮਰੀਕਾ ਤੋਂ ਫੈਲਦਾ ਹੋਇਆ ਏਡਜ਼ ਵਿਸ਼ਵ ਦੇ ਹੋਰਨਾਂ ਹਿੱਸਿਆਂ ਵਿਚ ਵੀ ਜਾ ਪਹੁੰਚਿਆ

**- ਅਮਨਦੀਪ ਸਿੰਘ ਟੱਲੇਵਾਲੀਆ**

ਏਡਜ਼ ਰੋਗ ਐੱਚਆਈਵੀ ਵਾਇਰਸ ਰਾਹੀਂ ਹੁੰਦਾ ਹੈ। ਇਹ ਰੋਗ ਪਹਿਲੀ ਵਾਰ ਅਮਰੀਕਾ ਵਿਚ ਮਿਲਿਆ ਸੀ। ਹੌਲੀ-ਹੌਲੀ ਅਮਰੀਕਾ ਤੋਂ ਫੈਲਦਾ ਹੋਇਆ ਇਹ ਵਿਸ਼ਵ ਦੇ ਹੋਰਨਾਂ ਹਿੱਸਿਆਂ ਵਿਚ ਵੀ ਜਾ ਪਹੁੰਚਿਆ। ਹੁਣ ਭਾਰਤ ਵਿਚ ਹੀ ਨਹੀਂ, ਪੰਜਾਬ ਵਿਚ ਵੀ ਏਡਜ਼ ਦੇ ਰੋਗੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ।

ਸਰਕਾਰੀ ਅੰਕੜਿਆਂ ਦੇ ਮੁਕਾਬਲੇ ਏਡਜ਼ ਰੋਗ ਦੇ ਮਰੀਜ਼ਾਂ ਦੀ ਗਿਣਤੀ ਕਿਤੇ ਵਧੇਰੇ ਹੈ। ਅਜਿਹਾ ਇਸ ਲਈ ਕਿਉਂਕਿ ਏਡਜ਼ ਦੀ ਬਿਮਾਰੀ ਤੋਂ ਪੀੜਤ ਰੋਗੀ ਅਤੇ ਉਸ ਦੇ ਵਾਰਿਸ ਸ਼ਰਮ ਦੇ ਮਾਰੇ ਹੀ ਇਸ ਰੋਗ ਬਾਰੇ ਦੱਸਣ ਤੋਂ ਚੁੱਪ ਵੱਟੀਂ ਰੱਖਦੇ ਹਨ ਅਤੇ ਬਹੁਤ ਸਾਰੇ ਅਜਿਹੇ ਮਰੀਜ਼ ਜਿਨਾਂ ਦੀ ਮੌਤ ਹੋ ਚੁੱਕੀ ਹੈ।

'ਏਡਜ਼' ਜਿੱਥੇ ਇਕ ਜਾਨਲੇਵਾ ਬਿਮਾਰੀ ਹੈ, ਉੱਥੇ ਹੀ ਇਹ ਇਕ ਸਮਾਜਿਕ ਸਮੱਸਿਆ ਵੀ ਹੈ। ਇਸ ਦੇ ਕਾਰਨਾਂ ਤੋਂ ਲੋਕ ਹੁਣ ਭਲੀਭਾਂਤ ਜਾਣੂ ਹਨ। ਇਸੇ ਕਰਕੇ 'ਏਡਜ਼' ਦਾ ਨਾਂ ਸੁਣ ਕੇ ਜਿੱਥੇ ਪੀੜਤ ਘਬਰਾ ਜਾਂਦਾ ਹੈ ਉੱਥੇ ਹੀ ਉਸ ਦੇ ਪਰਿਵਾਰ ਵਾਲਿਆਂ ਦੀ ਰੋਟੀ ਵੀ ਛੁੱਟ ਜਾਂਦੀ ਹੈ ਤੇ ਡਾਕਟਰਾਂ ਦੇ ਕਹਿਣ 'ਤੇ ਜਦੋਂ ਪੀੜਤ ਦੇ ਬੱਚਿਆਂ ਜਾਂ ਉਸ ਦੇ ਪਤੀ/ਪਤਨੀ ਦਾ ਖ਼ੂਨ ਟੈਸਟ ਕਰਵਾਉਣ ਦੀ ਗੱਲ ਕਹੀ ਜਾਂਦੀ ਹੈ ਤਾਂ ਇਹ ਇਕ ਬੜੀ ਵੱਡੀ ਸਮੱਸਿਆ ਬਣ ਜਾਂਦੀ ਹੈ। ਏਡਜ਼ ਦਾ ਵਾਇਰਸ ਇਕ ਮਨੁੱਖ ਤੋਂ ਦੂਜੇ ਮਨੁੱਖ ਤਕ ਖ਼ੂਨ ਰਾਹੀਂ ਜਾਂ ਸੈਕਸ ਸਬੰਧਾਂ ਰਾਹੀਂ ਫੈਲਦਾ ਹੈ। ਬਿਨਾਂ ਜਾਂਚ ਕੀਤੇ ਖ਼ੂਨ ਚੜਾਏ ਜਾਣਾ, ਅਨਡਿਸਪੋਜ਼ੇਬਲ ਸੂਈਆਂ ਦੀ ਵਰਤੋਂ ਕਰਨਾ, ਨਸ਼ੇੜੀਆਂ ਵੱਲੋਂ ਜੋ ਇਕ-ਦੂਜੇ ਦੀਆਂ ਸਰਿੰਜਾਂ ਬਿਨਾਂ ਸਾਫ਼ ਕੀਤੇ ਵਰਤ ਲੈਣਾ, ਟੈਟੂ ਖੁਣਵਾਉਣ ਨਾਲ, ਬੱਸ ਅੱਡਿਆਂ ਜਾਂ ਰੇਲਵੇ ਸਟੇਸ਼ਨਾਂ 'ਤੇ ਬੈਠੇ ਅਨਾੜੀਆਂ ਕੋਲੋਂ ਕੰਨ ਸਾਫ਼ ਕਰਵਾਉਣ, ਸਮਲਿੰਗੀਆਂ ਵਿਚ ਜਾਂ ਇਕ ਤੋਂ ਵੱਧ ਵਿਅਕਤੀਆਂ ਨਾਲ ਸੈਕਸ ਸਬੰਧ ਬਣਾਉਣਾ ਸ਼ਾਮਲ ਹਨ।

ਜਦੋਂ ਇਕ ਵਾਰ ਇਹ ਵਾਇਰਸ ਸਰੀਰ ਅੰਦਰ ਦਾਖ਼ਲ ਹੋ ਗਿਆ ਤਾਂ ਸਮਝੋ ਕਿ ਮਾਮਲਾ ਗੜਬੜ ਹੈ। ਜਿਵੇਂ ਏਡਜ਼ ਨਾਂ ਤੋਂ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹ ਵਾਇਰਸ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਖ਼ਤਮ ਕਰ ਦਿੰਦਾ ਹੈ, ਸਰੀਰ ਵਿਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਇਸ ਦੇ ਸ਼ੁਰੂਆਤੀ ਲੱਛਣ ਬੁਖ਼ਾਰ ਜਾਂ ਪੇਟ ਦੀ ਖ਼ਰਾਬੀ ਹੁੰਦੇ ਹਨ। ਇਸ ਤੋਂ ਬਿਨਾਂ ਇਸ ਰੋਗ ਦੀਆਂ ਹੋਰ ਅਲਾਮਤਾਂ ਹਨ-ਵਾਰ-ਵਾਰ ਛਾਤੀ ਦਾ ਜਾਮ ਹੋਣਾ, ਭੁੱਖ ਘਟਣੀ, ਸਰੀਰ ਦਾ ਵਜ਼ਨ ਘਟਣਾ ਆਦਿ। ਰੋਗੀ ਸੁੱਕ ਕੇ ਤੀਲਾ ਹੋ ਜਾਂਦਾ ਹੈ।

ਜਿੱਥੇ ਏਡਜ਼ ਵਿਚ ਭੁੱਖ ਘੱਟ ਲੱਗਣ ਕਰਕੇ ਸਰੀਰ ਦੀ ਤਾਕਤ ਘੱਟ ਜਾਂਦੀ ਹੈ ਉੱਥੇ ਹੀ ਜਿਸ ਮਰੀਜ਼ ਨੂੰ ਪਤਾ ਹੁੰਦਾ ਹੈ ਕਿ ਉਸ ਨੂੰ ਏਡਜ਼ ਨੇ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ ਤਾਂ ਉਹ ਰੋਗੀ ਮਾਨਸਿਕ ਤੌਰ 'ਤੇ ਵੀ ਦਿਨੋ-ਦਿਨ ਕਮਜ਼ੋਰ ਹੁੰਦਾ ਜਾਂਦਾ ਹੈ ਕਿਉਂਕਿ ਉਹਦੇ ਮਨ ਅੰਦਰ ਡਰ ਪੈਦਾ ਹੋ ਜਾਂਦਾ ਹੈ ਕਿ ਇਸ ਬਿਮਾਰੀ ਦਾ ਤਾਂ ਹੱਲ ਹੈ ਹੀ ਨਹੀਂ। ਇਸ ਕਰਕੇ ਏਡਜ਼ ਦੇ ਰੋਗੀ ਨੂੰ ਮਨੋਬਲ ਦੀ ਵਧੇਰੇ ਜ਼ਰੂਰਤ ਹੁੰਦੀ ਹੈ। ਵਿਗਿਆਨੀਆਂ ਨੇ ਏਡਜ਼ ਉੱਪਰ ਵੀ ਕਾਬੂ ਪਾਉਣ ਦਾ ਯਤਨ ਕੀਤਾ ਹੈ। ਬੇਸ਼ੱਕ ਏਡਜ਼ ਦੇ ਵਾਇਰਸ ਨੂੰ ਖ਼ੂਨ ਵਿਚੋਂ ਨੈਗੇਟਿਵ ਕਰਨ ਵਾਲੀ ਦਵਾਈ ਬਾਰੇ ਤਾਂ ਹਾਲੇ ਅਟਕਲਾਂ ਹੀ ਹਨ ਪਰ ਏਡਜ਼ ਕਰਕੇ ਸਰੀਰ ਵਿਚ ਪੈਦਾ ਹੋਣ ਵਾਲੀਆਂ 'ਸੈਕੰਡਰੀ ਇਨਫੈਕਸ਼ਨਜ਼' ਨੂੰ ਦਵਾਈਆਂ ਦੀ ਵਰਤੋਂ ਨਾਲ ਰੋਕਿਆ ਜਾ ਸਕਦਾ ਹੈ। ਕਈ ਕੇਸਾਂ ਵਿਚ ਏਡਜ਼ ਦਾ ਵਾਇਰਸ ਸਾਈਲੈਂਟ ਰਹਿੰਦਾ ਹੈ। ਇਹ ਰੋਗ ਕਿਸ ਨੂੰ ਕਿੰਨਾ ਜਲਦੀ ਢਹਿ-ਢੇਰੀ ਕਰੇਗਾ, ਇਹ ਸਾਰੀ ਸਥਿਤੀ ਉਸ ਵਿਅਕਤੀ ਦੇ ਸਰੀਰ ਦੀ ਰੋਗ ਰੋਕੂ ਸ਼ਕਤੀ 'ਤੇ ਨਿਰਭਰ ਕਰਦੀ ਹੈ। ਕਈਆਂ ਦੀ ਰੱਖਿਆ ਪ੍ਰਣਾਲੀ ਜ਼ਿਆਦਾ ਮਜ਼ਬੂਤ ਹੁੰਦੀ ਹੈ, ਉਨਾਂ 'ਤੇ ਇਸ ਦਾ ਅਸਰ ਛੇਤੀ ਕੀਤਿਆਂ ਨਹੀਂ ਹੁੰਦਾ।

ਭਾਵੇਂ ਏਡਜ਼ ਦਾ ਪਹਿਲਾ ਰੋਗੀ ਅਮਰੀਕਾ ਵਿਚ 1980 ਵਿਚ ਮਿਲਿਆ ਸੀ ਅਤੇ ਉਸ ਤੋਂ ਪਿੱਛੋਂ ਏਡਜ਼ ਦੇ ਕਾਰਨਾਂ ਦੀ ਜਾਂਚ ਸ਼ੁਰੂ ਹੋਈ ਪਰ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਅੱਜ ਤੋਂ ਕਈ ਸੌ ਸਾਲ ਪਹਿਲਾਂ ਆਪਣੀ ਪਵਿੱਤਰ ਬਾਣੀ ਰਾਹੀਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ ਦੀ ਸਿੱਖਿਆ ਦਿੱਤੀ ਹੈ। ਏਡਜ਼ ਦੇ ਭਾਵੇਂ ਹੋਰ ਬਹੁਤ ਸਾਰੇ ਕਾਰਨ ਹਨ ਪਰ ਕਾਮ ਹੀ ਇਸ ਦਾ ਸਭ ਤੋਂ ਵੱਡਾ ਕਾਰਨ ਹੋ ਨਿੱਬੜਦਾ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਸਮਝਾਉਂਦੇ ਹੋਏ ਲਿਖਿਆ ਹੈ ਕਿ ਹੇ ਮਨੁੱਖ, ਜਿਸ ਤਰਾਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ, ਉਸੇ ਤਰਾਂ ਕਾਮ ਅਤੇ ਕ੍ਰੋਧ ਇਹ ਸਾਡੇ ਸਰੀਰ ਨੂੰ ਗਾਲ ਦਿੰਦੇ ਹਨ।

**'ਕਾਮੁ ਕ੍ਰੋਧੁ ਕਾਇਆ ਕਉ ਗਾਲੈ, ਜਿਉ ਕੰਚਨ ਸੋਹਾਗਾ ਢਾਲੈ।।'**

ਭਗਤ ਨਾਮਦੇਵ ਜੀ ਨੇ ਵੀ ਬੜੇ ਸੁੰਦਰ ਸ਼ਬਦਾਂ ਵਿਚ ਇਨਸਾਨ ਨੂੰ ਪਰ-ਇਸਤਰੀ ਦੇ ਸੰਗ ਤੋਂ ਵਰਜਦਿਆਂ ਉਸ ਮਨੁੱਖ ਦੀ ਤੁਲਨਾ ਉਸ ਤੋਤੇ ਨਾਲ ਕੀਤੀ ਹੈ ਜੋ ਸਿੰਬਲ ਦੇ ਰੁੱਖ ਨੂੰ ਦੇਖ ਕੇ ਬੜਾ ਖ਼ੁਸ਼ ਹੁੰਦਾ ਹੈ ਪਰ ਤੋਤੇ ਨੂੰ ਸਿੰਬਲ ਰੁੱਖ ਤੋਂ ਹਾਸਲ ਕੁਝ ਵੀ ਨਹੀਂ ਹੁੰਦਾ। ਇਸੇ ਤਰਾਂ ਕਾਮੀ ਮਨੁੱਖ ਘਰ ਦੀ ਨਾਰ ਨੂੰ ਤਿਆਗ ਕੇ ਜਦੋਂ ਪਰਾਈ ਇਸਤਰੀ ਦਾ ਸੰਗ ਕਰਦਾ ਹੈ ਤਾਂ ਏਡਜ਼ ਵਰਗੀਆਂ ਬਿਮਾਰੀਆਂ ਜਨਮ ਲੈਂਦੀਆਂ ਹਨ।

**'ਘਰ ਕੀ ਨਾਰਿ ਤਿਆਗੈ ਅੰਧਾ, ਪਰ ਨਾਰੀ ਸਿਉ ਘਾਲੈ ਧੰਧਾ।।**

**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ, ਅੰਤ ਕੀ ਬਾਰ ਮੂਆ ਲਿਪਟਾਨਾ।।'**

ਸਵਾਲ ਇਹ ਹੈ ਕਿ ਏਡਜ਼ ਹੋਣ 'ਤੇ ਕੀਤਾ ਕੀ ਜਾਵੇ? ਜਦੋਂ ਕਿਸੇ ਔਰਤ/ਆਦਮੀ ਨੂੰ ਆਪਣੇ-ਆਪ ਨੂੰ ਏਡਜ਼ ਹੋਣ ਦਾ ਪਤਾ ਲੱਗਦਾ ਹੈ ਤਾਂ ਉਸ ਨੂੰ ਘਬਰਾਉਣਾ ਨਹੀਂ ਚਾਹੀਦਾ, ਸਗੋਂ ਚੰਗੇ ਡਾਕਟਰ ਦੀ ਸਲਾਹ ਨਾਲ ਉਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਵੇਖਣ ਵਿਚ ਆਇਆ ਹੈ ਕਿ ਅਣਗਹਿਲੀ ਨਾਲ ਏਡਜ਼ ਦਾ ਸ਼ਿਕਾਰ ਹੋਏ ਮਰੀਜ਼ ਜਾਣਬੁੱਝ ਕੇ ਖ਼ਰੀਦੀ ਗਈ ਏਡਜ਼ ਦੇ ਮੁਕਾਬਲੇ ਜ਼ਿਆਦਾ ਵਧੀਆ ਜ਼ਿੰਦਗੀ ਬਤੀਤ ਕਰਦੇ ਹਨ। ਵੱਖ-ਵੱਖ ਇਲਾਜ ਪੱਧਤੀਆਂ ਵਿਚ ਬਹੁਤ ਸਾਰੀਆਂ ਦਵਾਈਆਂ ਅਜਿਹੀਆਂ ਹਨ ਜਿਹੜੀਆਂ ਮਨੁੱਖੀ ਮਨ ਨੂੰ ਤਕੜਾ ਕਰਕੇ ਬਿਮਾਰੀ ਨਾਲ ਲੜਨ ਦੇ ਸਮਰੱਥ ਬਣਾਉਂਦੀਆਂ ਹਨ ਤੇ ਏਡਜ਼ ਦੇ ਰੋਗੀ ਨੂੰ ਕੁਝ ਆਸ ਦੀ ਕਿਰਨ ਦਿਖਾਉਂਦੀਆਂ ਹਨ। ਏਡਜ਼ ਰੋਗ ਬਾਰੇ ਲੋਕਾਂ ਨੂੰ ਆਮ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਏਡਜ਼ ਦਾ ਰੋਗੀ ਇਕ ਤਾਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਹੁੰਦਾ ਹੈ, ਦੂਸਰਾ ਆਮ ਜਾਣਕਾਰੀ ਦੀ ਘਾਟ ਕਾਰਨ ਘਰਵਾਲੇ, ਰਿਸ਼ਤੇਦਾਰ, ਦੋਸਤ-ਮਿੱਤਰ ਉਸ ਨਾਲ ਘਿਰਣਾ ਕਰਨ ਲੱਗ ਜਾਂਦੇ ਹਨ। ਇਸ ਤਰਾਂ ਦੇ ਸਲੂਕ ਕਾਰਨ ਏਡਜ਼ ਦਾ ਰੋਗੀ ਛੇਤੀ ਮੌਤ ਦੇ ਮੂੰਹ ਜਾ ਪੈਂਦਾ ਹੈ। ਲੋਕ ਮਨਾਂ ਵਿਚ ਘਰ ਕਰ ਚੁੱਕੀਆਂ ਗੱਲਾਂ ਨੂੰ ਮਨ ਵਿਚੋਂ ਕੱਢਣਾ ਜ਼ਰੂਰੀ ਹੈ ਜਿਵੇਂ ਕਿ ਏਡਜ਼ ਦਾ ਰੋਗ ਨਾ ਤਾਂ ਕਿਸੇ ਨੂੰ ਹੱਥ ਲਾਉਣ ਨਾਲ ਫੈਲਦਾ ਹੈ ਅਤੇ ਨਾ ਹੀ ਸਾਹ ਦੁਆਰਾ ਜਾਂ ਕਿਸੇ ਏਡਜ਼ ਰੋਗੀ ਦੇ ਕੱਪੜੇ ਬਦਲਣ ਨਾਲ। ਇੱਥੋਂ ਤਕ ਕਿ ਜੇਕਰ ਏਡਜ਼ ਰੋਗੀ ਦੇ ਨਾਲ ਬਹਿ ਕੇ ਖਾਣਾ ਵੀ ਖਾ ਲਿਆ ਜਾਵੇ ਤਾਂ ਵੀ ਇਹ ਰੋਗ ਨਹੀਂ ਹੁੰਦਾ।

# ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ

## (ਅਪ੍ਰੈਲ 1686-ਦਸੰਬਰ 1705)



- ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ ਤਖਤ 'ਤੇ ਬੈਠਾ। ਉਸ ਨੇ ਜ਼ਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਹੇਠ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਨਾਂ ਹਥਿਆਰਬੰਦ ਹੋ ਕੇ ਸੰਤ ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਤ ਫੌਜ ਵਜੋਂ ਜਥੇਬੰਦ ਕੀਤਾ। ਜੰਗਾਂ ਲੜੀਆਂ ਅਤੇ ਜਿੱਤੀਆਂ ਵੀ।

ਮਾਰਚ 30, 1664 ਨੂੰ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸ ਨੇ ਗੁਰੂ ਤੇਗ ਬਹਾਦਰ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਜ਼ੁਲਮ ਦਾ ਭਿਆਨਕ ਸਮਾਂ ਆਉਂਦੇ ਵੇਖ ਕੇ ਉਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਸ਼ਸਤਰ ਅਤੇ ਸ਼ਾਸਤਰ ਅਭਿਆਸ ਵਿਚ ਤਿਆਰ ਕੀਤਾ। ਅਜਿਹੀ ਸਿੱਖਿਆ ਦਿੱਤੀ ਕਿ ਗੋਬਿੰਦ ਰਾਏ ਜੀ ਨੇ ਆਪਣੇ ਪਿਤਾ ਜੀ ਨੂੰ ਧਰਮ ਯੁੱਧ ਲਈ ਕੁਰਬਾਨ ਹੋਣ ਲਈ ਭੇਜਿਆ। ਗੁਰੂ ਤੇਗ ਬਹਾਦਰ ਜੀ ਨੂੰ ਤਸੱਲੀ ਹੋਈ ਕਿ ਉਨਾਂ ਦਾ ਸਾਹਿਬਜਾਦਾ ਕੌਮ ਦੇ ਦੁੱਖ ਦਰਦ ਦੂਰ ਕਰਨ ਦੇ ਸਮਰੱਥ ਹੋਵੇਗਾ। ਗੁਰੂ ਜੀ ਨੇ ਨਵੰਬਰ 11, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦੀ ਦਿੱਤੀ। ਇਸ ਸ਼ਹੀਦੀ ਤੇ ਸਮਾਜ ਦੀਆਂ ਜੜਾਂ ਹਿੱਲ ਗਈਆਂ। ਹੁਣ ਸਵੈ ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ਼ ਡਟਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬੈਠੇ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਗੁਰਬਾਣੀ ਅਤੇ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਬਾਬਰਬਾਣੀ ਤੋਂ ਬਾਬਰ ਦੇ ਜ਼ੁਲਮਾਂ ਨੂੰ ਘੋਖਿਆ। ਮੁਗਲ ਹਾਕਮਾਂ ਨੇ ਇਸਲਾਮ ਫੈਲਾਉਣ ਲਈ ਜ਼ੁਲਮ ਦੀ ਅਤਿ ਕੀਤੀ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦੇ ਜ਼ੁਲਮਾਂ ਤੋਂ ਜਾਣੂ ਹੋਵੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਤ ਸਿਪਾਹੀ ਬਣ ਕੇ ਬਕਾਇਦਾ ਹਥਿਆਰਬੰਦ ਫੌਜ ਰੱਖੀ। ਹੁਣ ਦੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਸਹੀ ਸਮੇਂ ਦੀ ਚੋਣ ਕਰਨੀ ਸੀ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖ਼ਾਲਸਾ ਫੌਜੀ ਬਣਾਉਣਾ ਸੀ। ਵਿਊਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ, ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਉਨਾਂ ਨੂੰ ਜਗਾ ਦਿੱਤੀ। ਉਨਾਂ ਪਾਉਂਟਾ ਕਿਲਾ ਉਸਾਰ ਲਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜੰਗੀ ਜੀਵਨ : (ਖ਼ਾਲਸਾ ਸਾਜਨਾ ਤੋਂ ਪਹਿਲਾਂ)

1. ਭੰਗਾਣੀ ਦਾ ਯੁੱਧ : ਗੁਰੂ ਜੀ ਦੇ ਸਿੱਖੀ ਪ੍ਰਚਾਰ ਅਤੇ ਵਧਦੀ ਫੌਜੀ ਤਾਕਤ ਵੇਖ ਕੇ ਸ਼ਿਵਾਲਿਕ ਦੇ ਪਹਾੜੀ ਰਾਜੇ ਔਖੇ ਸਨ। ਬਿਲਾਸਪੁਰ ਦੇ ਰਾਜਾ ਭੀਮ ਚੰਦ ਕਾਹਲੂਰੀਆ ਅਤੇ ਸ਼ਿਵਾਲਿਕ ਦੇ ਹਿੰਦੂ ਰਾਜਿਆਂ ਨੇ ਈਰਖਾ ਵਿਚ ਆ ਕੇ ਪਾਉਂਟਾ ਸਾਹਿਬ ਤੋਂ 6 ਮੀਲ ਦੂਰ ਭੰਗਾਣੀ ਦੇ ਛੋਟੇ ਜਿਹੇ ਮੈਦਾਨ ਵਿਚ ਅਪ੍ਰੈਲ 1686 ਨੂੰ ਜੰਗ ਸਹੇੜ ਦਿੱਤੀ। ਇਹ ਗੁਰੂ ਜੀ ਦੇ ਜੰਗੀ ਜੀਵਨ ਦੀ ਪਹਿਲੀ ਜੰਗ ਸੀ। ਗੁਰੂ ਜੀ ਉਸ ਵੇਲੇ 20 ਕੁ ਸਾਲਾਂ ਦੇ ਸਨ। ਗੁਰੂ ਜੀ ਦੀ ਅਗਵਾਈ ਹੇਠ ਗੁਰੂ ਜੀ ਦੇ ਨਾਲ ਸਨ, ਭੂਆ ਬੀਬੀ ਵੀਰੋ ਜੀ ਦੇ ਪੁੱਤਰ ਸੰਗੋ ਸ਼ਾਹ, ਜੀਤ ਮੱਲ, ਗੋਪਾਲ ਚੰਦ, ਗੰਗਾ ਰਾਮ ਅਤੇ ਮੋਹਰੀ ਚੰਦ ਸਨ। ਮਾਮਾ ਕ੍ਰਿਪਾਲ ਜੀ, ਦੀਵਾਨ ਨੰਦ ਚੰਦ, ਸਾਹਿਬ ਚੰਦ, ਪ੍ਰੋਹਿਤ ਦਇਆ ਰਾਮ ਅਤੇ ਹੋਰ ਸਿੱਖ ਜਥੇ ਸਨ। ਸਿੱਖ ਫੌਜ 5000 ਸੀ। ਦੁਸ਼ਮਣ ਦੀ ਫੌਜ ਵਧੇਰੀ ਸੀ। ਸਿੰਘ ਬੜੀ ਬਹਾਦਰੀ ਨਾਲ ਲੜੇ। ਮਹੰਤ ਕ੍ਰਿਪਾਲ ਦਾਸ ਨੇ ਸੋਟੇ ਨਾਲ ਪਠਾਣ ਹਯਾਤ ਖਾਂ ਦਾ ਸਿਰ ਫ਼ੇਹ ਦਿੱਤਾ। ਲਾਲ ਚੰਦ ਹਲਵਾਈ ਨੇ ਵੈਰੀਆਂ ਦੇ ਬੜੇ ਆਹੂ ਲਾਹੇ। ਉਹ ਸ਼ਹੀਦੀ ਪ੍ਰਾਪਤ ਕਰ ਗਿਆ। ਗੁਰੂ ਜੀ ਨੇ ਰਾਜਾ ਹਰੀ ਚੰਦ ਨੂੰ ਤੀਰਾਂ ਨਾਲ ਵਿੰਨ ਕੇ ਸੁੱਟ ਦਿੱਤਾ। ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਪਾਉਂਟਾ ਤੋਂ ਆਨੰਦਪੁਰ ਸਾਹਿਬ ਮੁੜ ਗਏ। ਉਥੇ ਉਨਾਂ ਫੌਜੀ ਸਮਾਨ ਦੇ ਨਾਲ ਚਾਰ ਕਿਲੇ ਅਨੰਦਗੜ, ਲੋਹਗੜ, ਕੇਸਗੜ ਅਤੇ ਫਤਿਹਗੜ ਉਸਾਰੇ।

2. ਨਦੌਣ ਦੀ ਜੰਗ : ਰਾਜਾ ਭੀਮ ਚੰਦ ਦੀ ਅਗਵਾਈ ਹੇਠ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਾਲਾਨਾ ਕਰ ਦੇਣਾ ਬੰਦ ਕਰ ਦਿੱਤਾ। ਜੰਮੂ ਦੇ ਮੁਗਲ ਸੂਬੇਦਾਰ ਨੇ ਮੀਆਂ ਖਾਂ ਨੂੰ 20 ਮਾਰਚ, 1691 ਨੂੰ ਆਲਿਫ਼ ਖਾਂ ਦੀ ਅਗਵਾਈ ਹੇਠ ਕਾਂਗੜਾ ਤੋਂ 32 ਕਿਲੋਮੀਟਰ ਬਿਆਸ ਦਰਿਆ ਦੇ ਕੰਢੇ ਨਾਦੌਣ ਵਿਖੇ ਜੰਗ ਛੇੜੀ। ਕਾਂਗੜਾ ਦੇ ਰਾਜੇ ਕ੍ਰਿਪਾਲ ਚੰਦ ਅਤੇ ਬਿਰਾਜਵਾਲ ਦੇ ਰਾਜੇ ਦਿਆਲ ਨੇ ਆਲਿਫ਼ ਦਾ ਸਾਥ ਦਿੱਤਾ। ਗੁਰੂ ਜੀ ਨੇ ਰਾਜਾ ਰਾਮ ਸਿੰਘ ਅਤੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ। ਸਿੱਖ ਬੜੀ ਬਹਾਦਰੀ ਨਾਲ ਲੜੇ, ਆਲਿਫ਼ ਖਾਂ ਹਾਰ ਕੇ ਭੱਜ ਗਿਆ। ਬਾਅਦ ਵਿਚ ਰਾਜਾ ਭੀਮ ਚੰਦ ਨੇ ਆਲਿਫ਼ ਖਾਂ ਨਾਲ ਸਮਝੌਤਾ ਕਰ ਲਿਆ।

3. ਗੁਲੇਰ, ਹੁਸੈਨੀ ਜੰਗ : ਆਲਿਫ਼ ਖਾਂ ਦੀ ਹਾਰ ਤੋਂ ਬਾਅਦ ਲਾਹੌਰ ਦੇ ਮੁਗਲ ਸੂਬੇਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭੇਜਿਆ। ਉਹ ਵੀ ਸਿੱਖਾਂ ਦੀ ਬਹਾਦਰੀ ਅੱਗੇ ਟਿਕ ਨਾ ਸਕਿਆ ਤੇ ਮੁੜ ਗਿਆ। ਫਿਰ ਦਿਲਾਵਰ ਖਾਂ 2000 ਦੀ ਫੌਜ ਲੈ ਕੇ ਆਨੰਦਪੁਰ ਵੱਲ ਵਧਿਆ। ਰਾਜਾ ਭੀਮ ਚੰਦ ਕਾਹਲੂਰੀਆ, ਰਾਜਾ ਕ੍ਰਿਪਾਲ ਚੰਦ ਕਟੋਚੀਆ ਆਦਿ ਰਾਜੇ ਹੁਸੈਨੀ ਨਾਲ ਜਾ ਰਲੇ। ਉਨਾਂ ਪਹਿਲਾਂ ਗੁਲੇਰ ਸਰ ਕਰਨਾ ਚਾਹਿਆ। ਗੁਲੇਰ ਦੇ ਰਾਜੇ ਨੇ ਗੁਰੂ ਜੀ ਤੋਂ ਮਦਦ ਮੰਗੀ। ਸੰਨ 1696 ਵਿਚ ਹੋਈ ਇਸ ਜੰਗ ਵਿਚ ਭਈ ਸੰਗਤੀਆ ਸਿੰਘ ਦੀ ਅਗਵਾਈ ਹੇਠ ਸਿੱਖ ਜਥਿਆਂ ਨੇ ਘਮਸਾਨ ਦੀ ਜੰਗ ਲੜੀ। ਹੁਸੈਨੀ ਉਸ ਦੇ ਦੋ ਸਰਦਾਰ, ਕ੍ਰਿਪਾਲ ਚੰਦ ਕਟੌਚੀਆਂ ਅਤੇ ਹੋਰ ਪਹਾੜੀ ਸਰਦਾਰ ਮਾਰੇ ਗਏ। ਉਸ ਦੀ ਫੌਜ ਭੱਜ ਗਈ। ਭੀਮ ਚੰਦ ਵੀ ਭੱਜ ਗਿਆ। ਪਠਾਨਕੋਟ ਦੇ ਨੇੜੇ ਗੁਲੇਰ ਸਥਾਨ ਤੇ ਹੋਈ ਇਸ ਜੰਗ ਵਿਚ ਭਾਈ ਸੰਗਤੀਆ ਸਿੰਘ ਤੇ ਉਨਾਂ ਦੇ ਸੱਤ ਸਾਥੀ ਸ਼ਹੀਦੀਆਂ ਪਾ ਗਏ। ਗੁਰੂ ਜੀ ਦੀਆਂ ਜਿੱਤਾਂ ਤੇ ਔਰੰਗਜੇਬ ਚਿੰਤਾਤੁਰ ਸੀ। ਸੰਨ 1696 ਵਿਚ ਉਸ ਨੇ ਆਪਣੇ ਪੁੱਤਰ ਮੁਆਜ਼ਮ ਨੂੰ ਪੰਜਾਬ ਵੱਲ ਭੇਜਿਆ। ਸ਼ਾਹਜ਼ਾਦਾ ਆਪ ਤਾਂ ਲਾਹੌਰ ਟਿਕ ਗਿਆ, ਉਸ ਨੇ ਮਿਰਜਾ ਬੇਗ ਦੀ ਅਗਵਾਈ ਹੇਠ ਵੱਡੀ ਫੌਜੀ ਭੇਜੀ। ਮੁਗਲ ਫੌਜ ਨੇ ਪਹਾੜੀ ਰਾਜਿਆਂ ਦੀ ਬੜੀ ਦੁਰਗਤੀ ਕੀਤੀ, ਉਸ ਨੇ ਘਰਾਂ ਨੂੰ ਲੁੱਟਿਆ ਅਤੇ ਫੂਕਿਆ ਵੀ। ਲੋਕਾਂ ਨੂੰ ਕੈਦੀ ਬਣਾ ਕੇ ਉਨਾਂ ਦੇ ਮੂੰਹ ਕਾਲੇ ਕਰਕੇ ਜਲੂਸ ਕੱਢਿਆ। ਔਰਤਾਂ ਦੀ ਬੇਪਤੀ ਵੀ ਹੋਈ। ਉਸ ਨੇ ਕਰ ਵਸੂਲਣਾ ਸ਼ੁਰੂ ਕਰ ਲਿਆ। ਪਰ ਉਹ ਗੁਰੂ ਜੀ ਵੱਲ ਨਾ ਹੋਇਆ, ਕਿਉਂਕਿ ਭਾਈ ਨੰਦ ਲਾਲ ਜੀ ਨੇ ਉਸ ਨੂੰ ਸਮਝਾਇਆ ਕਿ ਗੁਰੂ ਜੀ ਤਾਂ ਮਨੁੱਖਤਾ ਦੀ ਬਰਾਬਰੀ ਦੇ ਧਰਮ ਦਾ ਪ੍ਰਚਾਰ ਕਰਦੇ ਹਨ। ਉਹ ਧਾਰਮਿਕ ਹਨ, ਉਨਾਂ ਨਾਲ ਉਲਝਣਾ ਠੀਕ ਨਹੀਂ। ਭਾਈ ਨੰਦ ਲਾਲ ਜੀ ਮੁਗਲ ਦਰਬਾਰ ਵਿਚ ਸਕੱਤਰ ਰਹੇ ਸਨ। ਬਾਅਦ ਵਿਚ ਉਹ ਗੁਰੂ ਦਰਬਾਰ ਵਿਚ ਆ ਗਏ ਸਨ, ਉਹ ਇਕ ਕਵੀ ਅਤੇ ਅਰਬੀ ਫਾਰਸੀ ਦੇ ਉੱਘੇ ਵਿਦਵਾਨ ਸਨ।

## ਗੁਰਗੱਦੀ ਤੇ ਵਿਸ਼ੇਸ਼ 24 ਨਵੰਬਰ, 1675

ਖ਼ਾਲਸੇ ਦਾ ਆਗਮਨ : 1699 ਦੀ ਵਿਸਾਖੀ ਤੇ ਸਿੱਖ ਧਰਮ ਵਿਚ ਇਕ ਨਵਾਂ ਮੋੜ ਆਇਆ ਕਿ ਗੁਰੂ ਜੀ ਨੇ ਸੰਗਤ ਨੂੰ ਅਨੰਦਪੁਰ ਸਾਹਿਬ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ। ਲਗਭਗ 80000 ਦਾ ਇਕੱਠ ਹੋਇਆ। ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਦੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਹਾਕਮ ਜਿਨਾਂ ਨੂੰ ਦਬੇ ਕੁਚਲੇ, ਲੁੱਟੇ ਪੁੱਟੇ, ਨਿਖਿੱਧ, ਨਿਕੰਮੇ ਅਤੇ ਨੀਵੀਂਆਂ ਜਾਤਾਂ ਦੇ ਸਮਝਦੇ ਸਨ ਨੂੰ ਸੂਰਬੀਰ ਫੌਜੀ ਯੋਧੇ ਬਣਾ ਦਿੱਤਾ ਜੋ ਆਪਣੀ ਹੋਣੀ ਆਪ ਨਿਸ਼ਚਿਤ ਕਰਨ ਦੇ ਸਮਰੱਥ ਹੋਏ। ਅੰਮ੍ਰਿਤ ਦੀ ਦਾਤ ਨਾਲ ਉਨਾਂ ਵਿਚ ਬਿਜਲੀ ਵਾਂਗ ਅਜੇਹਾ ਜੋਸ਼ ਭਰਿਆ ਕਿ ਉਹ ਹੱਕ ਸੱਚ ਲਈ ਜੂਝਣ ਲਈ ਤਿਆਰ ਹੋਏ। ਉਨਾਂ ਬਿਨਾ ਤਨਖਾਹੋਂ ਗੁਰੂ ਜੀ ਦਾ ਜੰਗਾਂ ਵਿਚ ਸਾਥ ਦਿੱਤਾ ਅਤੇ ਸ਼ਹੀਦੀਆਂ ਪਾਈਆਂ।

4. ਖ਼ਾਲਸਾ ਆਗਮਨ ਤੋਂ ਬਾਅਦ ਦੇ ਜੰਗ : (1699-1705) ਖ਼ਾਲਸਾ ਸਾਜਨਾ ਅਤੇ ਖ਼ਾਲਸੇ ਦੇ ਸਿਧਾਂਤ ਪਹਾੜੀ ਰਾਜਿਆਂ ਤੋਂ ਵੱਖਰੇ ਸਨ। ਦੁਸ਼ਮਣ ਖ਼ਾਲਸੇ ਤੋਂ ਭੈਅ ਭੀਤ ਸਨ, ਜੰਗ ਕਰਨ ਦੇ ਬਹਾਨੇ ਵਿਚ, ਬਿਲਾਸਪੁਰ ਦੇ ਹਾਕਮ ਭੀਮ ਚੰਦ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡਣ ਜਾਂ ਕਿਰਾਇਆ ਅਦਾ ਕਰਨ ਲਈ ਕਿਹਾ। ਗੁਰੂ ਜੀ ਦੇ ਇਨਕਾਰ ਕਰਨ ਤੇ 1701 ਨੂੰ ਭੀਮ ਚੰਦ ਨੇ ਪਹਾੜੀ ਰਾਜਿਆਂ ਦੀ ਫੌਜ ਨਾਲ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ ਦੇ ਨਾਲ ਸਾਹਿਬਜ਼ਾਦਾ ਅਜੀਤ ਸਿੰਘ ਨੇ ਦੁਸ਼ਮਣਾਂ ਦਾ ਵੱਡਾ ਨੁਕਸਾਨ ਕੀਤਾ। ਹਾਰ ਦੀ ਨਮੋਸ਼ੀ ਵਿਚ ਉਨਾਂ ਗੁਰੂ ਜੀ ਨਾਲ ਸਮਝੌਤਾ ਕਰ ਲਿਆ।

5. ਨਿਰਮੋਹ ਦੀ ਜੰਗ : (1702)- ਭੀਮ ਚੰਦ ਨੂੰ ਅਹਿਸਾਸ ਹੋ ਗਿਆ ਕਿ ਸਿੱਖਾਂ ਦੀ ਫੌਜ ਨਾਲ ਟਾਕਰਾ ਕਰਨਾ ਅਸੰਭਵ ਹੈ। ਉਸ ਨੇ ਮੁਗਲ ਸਰਕਾਰ ਤੋਂ ਮਦਦ ਮੰਗੀ। ਸੰਨ 1702 ਵਿਚ ਭੀਮ ਚੰਦ ਅਤੇ ਸਰਹਿੰਦ ਦੇ ਸੂਬੇ ਦੀ ਅਗਵਾਈ ਹੇਠ ਫੌਜ ਨੇ ਸਤਲੁਜ ਦੇ ਤੱਟ ਤੇ ਨਿਰਮੋਹ ਵਿਖੇ ਜੰਗ ਛੇੜੀ। ਸਿੱਖਾਂ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ। ਇਕ ਦਿਨ ਅਤੇ ਇਕ ਰਾਤ ਦੀ ਜੰਗ ਵਿਚ ਗੁਰੂ ਜੀ ਨੇ ਦੁਸ਼ਮਣਾਂ ਨੂੰ ਭਜਾ ਦਿੱਤਾ।

6. ਸਤਲੁਜ ਦੀ ਲੜਾਈ (1702)- ਨਿਰਮੋਹ ਦੀ ਜਿੱਤ ਤੋਂ ਬਾਅਦ ਗੁਰੂ ਜੀ ਨੇ ਨਿਰਮੋਹ ਛੱਡ ਦਿੱਤਾ। ਉਨਾਂ ਅਜੇ ਸਤਲੁਜ ਵੀ ਪਾਰ ਨਹੀਂ ਕੀਤਾ ਸੀ ਕਿ ਦੁਸ਼ਮਣ ਨੇ ਹਮਲਾ ਕਰ ਦਿੱਤਾ। ਗੁਰੂ ਜੀ ਦੀ ਫੌਜ ਏਨੀ ਬਹਾਦਰੀ ਨਾਲ ਲੜੀ ਕਿ ਚਾਰ ਘੰਟਿਆਂ ਦੀ ਲੜਾਈ ਵਿਚ ਗੁਰੂ ਜੀ ਦੀ ਜਿੱਤ ਹੋਈ।

7. ਬਸੌਲੀ ਦੀ ਜੰਗ (1702) ਗੁਰੂ ਜੀ ਸਿੱਖਾਂ ਨਾਲ ਸਤਲੁਜ ਪਾਰ ਕਰਕੇ ਬਸੌਲੀ ਚਲੇ ਗਏ। ਭੀਮ ਚੰਦ ਦੀ ਫੌਜ ਨੇ ਫਿਰ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਨਾਂ ਨੂੰ ਹਰਾ ਦਿੱਤਾ। ਬਸੌਲੀ ਅਤੇ ਜਸਵਾਨ ਦੇ ਸ਼ਾਸਕਾਂ ਨਾਲ ਗੁਰੂ ਜੀ ਦੀ ਮਿੱਤਰਤਾ ਸੀ। ਭੀਮ ਚੰਦ ਨੇ ਗੁਰੂ ਜੀ ਨਾਲ 1702 ਵਿਚ ਸੰਧੀ ਕਰ ਲਈ। ਗੁਰੂ ਜੀ ਅਨੰਦਪੁਰ ਸਾਹਿਬ ਪਰਤ ਗਏ। ਉਥੇ ਅਮਨ ਦਾ ਜੀਵਨ ਬਤੀਤ ਕਰ ਰਹੇ ਸਨ।

8. ਅਨੰਦਪੁਰ ਸਾਹਿਬ ਦੀ ਦੂਜੀ ਜੰਗ (1704) ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਈਰਖਾ ਕਰਨੀ ਨਾ ਛੱਡੀ। ਉਨਾਂ ਦੇ ਸੰਗਠਨ ਨੇ ਗੁਰੂ ਜੀ ਨੂੰ ਅਨੰਦਪੁਰ ਛੱਡਣ ਲਈ ਕਿਹਾ। ਗੁਰੂ ਜੀ ਡਟੇ ਰਹੇ। ਦੁਸ਼ਮਣਾਂ ਨੇ ਹਮਲਾ ਕਰ ਦਿੱਤਾ। ਗੁਰੂ ਜੀ ਨੇ ਉਨਾਂ ਨੂੰ ਪਿਛਾਂਹ ਧਕੇਲ ਦਿੱਤਾ। ਭੀਮ ਚੰਦ ਦੇ ਸੰਗਠਨ ਰਾਜਿਆਂ ਨੇ ਮੁਗਲ ਸਰਕਾਰ ਦੀ ਮਦਦ ਮੰਗੀ। ਸਰਹਿੰਦ ਦਾ ਫੌਜ਼ਦਾਰ ਵਜ਼ੀਰ ਖਾਂ ਫੌਜ ਲੈ ਆਇਆ। ਸਾਰੇ ਰਾਜਿਆਂ ਦੇ ਸੰਗਠਨਾਂ ਨੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲੇ ਅੰਦਰੋਂ ਜਵਾਬੀ ਹਮਲਾ ਕੀਤਾ। ਦੁਸ਼ਮਣ ਨੇ ਸਾਰੇ ਪਾਸਿਆਂ ਤੋਂ ਅਨੰਦਪੁਰ ਘਰ ਲਿਆ। ਸਿੱਖ ਲੰਮੀ ਜੰਗ ਨਾ ਲੜ ਸਕੇ। ਸਿੱਖ ਅਨੰਦਪੁਰ ਸਾਹਿਬ ਛੱਡਣਾ ਚਾਹੁੰਦੇ ਸਨ, ਗੁਰੂ ਜੀ ਸਹਿਮਤ ਨਾ ਹੋਏ। ਭਾਈ ਮਹਾਂ ਸਿੰਘ ਦੇ ਜਥੇ ਦੇ ਸਿੰਘ ਅਨੰਦਪੁਰ ਸਾਹਿਬ ਤੋਂ ਵਿਛੜ ਗਏ। ਅਖ਼ੀਰ 21 ਦਸੰਬਰ 1704 ਈ. ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਅਨੰਦਪੁਰ ਛੱਡ ਦਿੱਤਾ।

9. ਸ਼ਾਹੀ ਟਿੱਬੇ ਦੀ ਜੰਗ (1704) : ਦੁਸ਼ਮਣਾਂ ਨੇ ਅਨੰਦਪੁਰ ਸਾਹਿਬ ਦੇ ਕਿਲੇ ਤੇ ਕਬਜਾ ਕਰ ਲਿਆ, ਉਨਾਂ ਗੁਰੂ ਜੀ ਦਾ ਪਿੱਛਾ ਕੀਤਾ। ਗੁਰੂ ਜੀ 14 ਕਿਲੋਮੀਟਰ ਹੀ ਲੰਘੇ ਸਨ ਕਿ ਟਿੱਬੀ ਦੇ ਮੈਦਾਨ ਵਿਚ ਜੰਗ ਹੋਈ। ਭਾਈ ਉਦੈ ਸਿੰਘ ਤੇ 50 ਸਾਥੀਆਂ ਨੇ ਦੁਸ਼ਮਣ ਦੀ ਫੌਜਾਂ ਨੂੰ ਰੋਕੀ ਰੱਖਿਆ। ਸਿੱਖ ਪੰਜਾਬ ਵੱਲ ਵਧਦੇ ਗਏ ਕਿ ਸਿਰਸਾ ਪਹੁੰਚੇ। ਉਦੈ ਸਿੰਘ ਦੇ ਸਾਥੀਆਂ ਨੇ ਫੌਜ ਦਾ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪਾ ਗਏ।

10. ਸਿਰਸਾ ਦੀ ਜੰਗ (1704) : ਗੁਰੂ ਜੀ ਅਤੇ ਸਿੱਖ ਸਿਰਸਾ ਨਦੀ ਪੁੱਜੇ ਤਾਂ ਮੁਗਲ ਫੌਜ ਉਥੇ ਵੀ ਪਹੁੰਚ ਗਈ। ਭਾਈ ਜੈਤਾ (ਭਾਈ ਜੀਵਨ ਸਿੰਘ ਰੰਗਰੇਟਾ) ਅਤੇ 100 ਸਿੰਘਾਂ ਦੇ ਜਥੇ ਨੇ ਦੁਸ਼ਮਣ ਦਾ ਭਾਰੀ ਨੁਕਸਾਨ ਕੀਤਾ। ਸਿੰਘ ਘੋੜਿਆਂ ਸਮੇਤ ਸਿਰਸਾ ਪਾਰ ਕਰ ਗਏ। ਕਈ ਸ਼ਹੀਦੀਆਂ ਪਾ ਗਏ। ਇਸੇ ਭਗਦੜ ਵਿਚ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਵਿਛੜ ਗਏ।

11. ਚਮਕੌਰ ਸਾਹਿਬ ਦੀ ਜੰਗ : (1705)- ਗੁਰੂ ਜੀ ਸਿਰਸਾ ਨਦੀ ਪਾਰ ਕਰਕੇ ਸਿੰਘਾਂ ਨਾਲ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਨਾਲ ਘਨੌਲਾ ਕੋਟਲਾ ਨਿਹੰਗ ਹੁੰਦੇ ਹੋਏ ਚਮਕੌਰ ਸਾਹਿਬ ਪਹੁੰਚੇ। ਜਦੋਂ ਕੱਚੀ ਗੜੀਂ 'ਚ 40 ਸਿੰਘ ਨਾਲ ਸਨ। ਦੁਸ਼ਮਣ ਨੇ ਹਮਲਾ ਕਰ ਦਿੱਤਾ। ਸਿੰਘਾਂ ਨੇ ਬਹਾਦਰੀ ਨਾਲ ਜਵਾਬ ਦਿੱਤਾ। ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਬਹਾਦਰੀ ਦਾ ਸਬੂਤ ਦਿੰਦੇ ਹੋਏ ਸ਼ਹੀਦ ਹੋ ਗਏ। ਪੰਜ ਪਿਆਰਿਆਂ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਹਿੰਮਤ ਸਿੰਘ ਸ਼ਹੀਦ ਹੋ ਗਏ। ਗੁਰੂ ਜੀ ਕੋਲ ਪੰਜ ਸਿੰਘ ਰਹਿ ਗਏ ਸਨ। ਉਨਾਂ ਨੇ ਹੁਕਮਨਾਮੇ ਵਿਚ ਗੁਰੂ ਜੀ ਨੂੰ ਚਮਕੌਰ ਛੱਡਣ ਲਈ ਕਹਿ ਦਿੱਤਾ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਗੜੀ ਵਿਚੋਂ ਬਾਹਰ ਆ ਗਏ।

ਗੁਰੂ ਜੀ ਮਾਛੀਵਾੜਾ, ਆਲਮਗੀਰ, ਦੀਨਾ ਕਾਂਗੜ ਰਾਹੀਂ ਖਿਦਰਾਣਾ ਪਹੁੰਚੇ।

12. ਖਿਦਰਾਣਾ ਦੀ ਜੰਗ : (1705) ਜਦੋਂ ਗੁਰੂ ਜੀ ਖਿਦਰਾਣਾ ਪਹੁੰਚੇ ਤਾਂ ਕਾਫ਼ੀ ਗਿਣਤੀ ਵਿਚ ਸਿੱਖ ਗੁਰੂ ਜੀ ਦੇ ਨਾਲ ਸਨ। ਭਾਈ ਮਹਾਂ ਸਿੰਘ, ਮਾਈ ਭਾਗੋ ਦੇ ਜਥੇ ਵੀ ਆਣ ਰਲੇ ਸਨ। ਗੁਰੂ ਜੀ ਕੋਲ 2000 ਸਿੱਖ ਫੌਜ ਸੀ। ਦੂਸਰੇ ਪਾਸੇ ਸਰਹਿੰਦ ਦੇ ਸੂਬੇਦਾਰ ਕੋਲ 10000 ਦੀ ਫੌਜ ਸੀ। ਦਸੰਬਰ 29, 1705 ਨੂੰ ਖਿਦਰਾਣੇ ਦੀ ਢਾਬ ਤੇ ਭਿਆਨਕ ਜੰਗ ਹੋਈ। ਗੁਰੂ ਜੀ ਦੇ ਸਿੰਘ ਬੇਮਿਸਾਲ ਬਹਾਦਰੀ ਨਾਲ ਲੜੇ। ਪਾਣੀ ਦੀ ਘਾਟ ਕਰਕੇ ਮੁਗਲਾਂ ਲਈ ਲੜਨਾ ਮੁਸ਼ਕਲ ਸੀ। ਮੁਗਲਾਂ ਨੂੰ ਹਾਰ ਕੇ ਭੱਜਣਾ ਪਿਆ। ਮਾਈ ਭਾਗੋ ਜੀ ਬੁਰੀ ਤਰਾਂ ਜ਼ਖਮੀ ਹੋ ਗਏ। ਭਾਈ ਮਹਾਂ ਸਿੰਘ ਦੇ ਜਥੇ ਦੇ 40 ਸਿੰਘ ਸ਼ਹੀਦ ਹੋ ਗਏ। ਇਨਾਂ ਦੀਆਂ ਬਹਾਦਰੀਆਂ ਨੂੰ ਵੇਖ ਕੇ ਗੁਰੂ ਜੀ ਨੇ 40 ਮੁਕਤੇ ਦਾ ਵਰ ਦਿੱਤਾ। ਇਹ ਜਹੋ ਅਨੰਦਪੁਰ ਛੱਡਣ ਵੇਲੇ ਗੁਰੂ ਜੀ ਤੋਂ ਵਿਛੜ ਗਏ ਸਨ। ਖਿਦਰਾਣਾ ਦਾ ਨਾਂ ਮੁਕਤਸਰ ਰੱਖਿਆ ਗਿਆ।

**ਅੰਤਿਕਾ**

ਅਜਾ ਪਸ ਬਗੁਰਦੰਦ ਰੁਪਸ ਕੁਨੰਦ
ਅਗਰ ਆਬ ਬਾਸਦ ਦਰ ਆਤਿਸ ਜਨੰਦ-
ਕਾਜੀ ਨੂਰ ਮੁਹੰਮਦ

ਅਰਥਾਤ : ਪਾਣੀ ਨੂੰ ਅੱਗ ਨਹੀਂ ਲਗ ਸਕਦੀ। ਇਹ ਕੁਦਰਤ ਦਾ ਸਿਧਾਂਤ ਹੈ।

ਇਹ ਨਾਮੁਮਕਿਨ ਹੈ। ਕਾਜ਼ੀ ਨੂਰ ਮੁਹੰਮਦ ਨੇ ਜਦੋਂ ਖ਼ਾਲਸੇ ਦੀ ਸੂਰਬੀਰਤਾ ਦੇ ਜੌਹਰ ਵੇਖੇ ਤਾਂ ਕਹਿ ਉਠਿਆ ਕਿ ਸੰਸਾਰ ਦੇ ਲੋਕੋ ਮੈਂ ਚੰਗੇ ਮੈਦਾਨ ਅੱਖੀਂ ਡਿੱਠਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਦੇ ਰੱਖ ਦਿੱਤਾ। ਆਪਣੇ ਅਜੀਬ ਜੰਗੀ ਪੈਂਤੜਿਆਂ ਨਾਲ ਜਦੋਂ ਖ਼ਾਲਸਾ ਦੁਸ਼ਮਣ ਨੂੰ ਘੇਰ ਲੈਂਦਾ ਅਤੇ ਫਿਰ ਘਿਰੇ ਹੋਏ ਦੁਸ਼ਮਣ ਤੇ ਏਨੀ ਦਲੇਰੀ ਅਤੇ ਤਾਕਤ ਨਾਲ ਵਾਰ ਕਰਦਾ ਕਿ ਦੁਸ਼ਮਣ ਦਾ ਸਫਾਇਆ ਕਰਕੇ ਰੱਖ ਦਿੰਦਾ ਹੈ। ਹਮਲਾ ਏਨਾ ਸ਼ਕਤੀਸ਼ਾਲੀ ਹੁੰਦਾ ਕਿ ਜੇ ਉਸ ਵੇਲੇ ਪਾਣੀ ਵੀ ਸਾਹਮਣੇ ਆ ਜਾਵੇ ਤਾਂ ਉਸ ਨੂੰ ਵੀ ਅੱਗ ਲੱਗਾ ਕੇ ਰੱਖ ਦਿੰਦਾ ਹੈ। ਗੈਰ ਮੁਮਕਿਨ ਨੂੰ ਮੁਮਕਿਨ ਬਣਾ ਕੇ ਰੱਖ ਦਿੰਦਾ।

## ਬਾਪੂ

ਮਾਂ ਬਾਰੇ ਹਰ ਕੋਈ ਆਖੇ
ਬਾਪੂ ਨੂੰ ਕਿਓਂ ਰੱਖਦੇ ਪਾਸੇ
ਮਾਂ ਦੇ ਨਾਲ ਨਾਲ ਜੋ ਦੁੱਗਣਾ ਪਿਆਰ ਜਤਾਵੇ
ਉਹ ਮੇਰਾ ਬਾਪੂ ਏ
ਥੱਕ ਹਾਰ ਕੇ ਜੋ ਘਰ ਆਉਂਦਾ ਏ
ਮੇਰੇ ਲਈ ਖ਼ੂਨ ਪਸੀਨਾ ਵਹਾਉਂਦਾ ਏ
ਉਹ ਮੇਰਾ ਬਾਪੂ ਏ
ਪੁੱਤਾਂ ਨਾਲੋਂ ਵੱਧ ਲਾਡ ਲਡਾਵੇ
ਮੇਰਾ ਹਰ ਸੁਪਨਾ ਪੂਰਾ ਕਰਨਾ ਚਾਹਵੇ
ਉਹ ਮੇਰਾ ਬਾਪੂ ਏ
ਤਲੀਆ ਤੇ ਚੋਗ ਚੁਗਾਵੇ
ਮੇਰੀ ਹਰ ਰੀਝ ਪੁਗਾਵੇ
ਉਹ ਮੇਰਾ ਬਾਪੂ ਏ
ਉਂਗਲੀ ਫੜ ਜਿਸਨੇ ਤੁਰਨਾ ਸਿਖਾਇਆ
ਇਮਾਨਦਾਰੀ ਤੇ ਸਫਲਤਾ ਦਾ ਪਾਠ ਪੜਾਇਆ
ਉਹ ਮੇਰਾ ਬਾਪੂ ਏ
ਮੇਰਾ ਹਰ ਸੁਪਨਾ ਸਜਾਇਆ
ਮੈਨੂੰ ਸਕੂਲੇ ਪੜਨੇ ਪਾਇਆ
ਉਹ ਮੇਰਾ ਬਾਪੂ ਏ
ਭੁੱਖੇ ਢਿੱਡ ਰਹਿ ਕੇ ਮੈਨੂੰ ਪਾਲਿਆ
ਗਗਨ ਦਾ ਹਰ ਦੁੱਖ ਸਹਾਰਿਆ
ਉਹ ਮੇਰਾ ਬਾਪੂ ਏ

- ਗਗਨਦੀਪ ਧਾਲੀਵਾਲ
੯੯੮੮੯੩੩੧੬੧

# ਕਿਸਾਨੀ ਅੰਦੋਲਨ ਨੂੰ ਭਰਵਾਂ ਲੋਕ ਹੁੰਗਾਰਾ, ਭਾਰਤ ਬੰਦ ਦਾ ਵਿਆਪਕ ਅਸਰ

## ✪ ਪੰਜਾਬ ਤੇ ਹਰਿਆਣਾ 'ਚ ਮੁਕੰਮਲ ਬੰਦ ✪ ਬਸਪਾ ਦੀ ਅਗਵਾਈ ਵਿਚ ਦਲਿਤ ਕਿਸਾਨ ਅੰਦੋਲਨ ਦੇ ਹੱਕ ਵਿਚ ਸੜਕਾਂ ਉਪਰ ਨਿਤਰੇ ✪ ਸ਼ਾਹ ਦੀ ਮੀਟਿੰਗ ਤੋਂ ਨਿਰਾਸ਼ ਹੋਏ ਕਿਸਾਨ ਲੀਡਰ

**ਨਵੀਂ ਦਿੱਲੀ/ਚੰਡੀਗੜ /ਏ.ਟੀ.ਨਿਊਜ਼:** ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਦੌਰਾਨ ਦੇਸ਼ ਦੇ ਬਹੁਤ ਸਾਰੇ ਹਿੱਸਿਆਂ 'ਚ ਜਨਜੀਵਨ ਪ੍ਰਭਾਵਿਤ ਰਿਹਾ । ਜਦੋਂਕਿ ਪੰਜਾਬ ਅਤੇ ਹਰਿਆਣਾ 'ਚ ਮੁਕੰਮਲ ਬੰਦ ਰਿਹਾ । ਜ਼ਿਆਦਾਤਰ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਰਹੇ, ਜਦਕਿ ਆਵਾਜਾਈ ਬੁਰੀ ਤਰਾਂ ਪ੍ਰਭਾਵਿਤ ਹੋਈ। ਪ੍ਰਦਰਸ਼ਨਕਾਰੀਆਂ ਵਲੋਂ ਸੜਕਾਂ ਤੇ ਰੇਲ ਪਟੜੀਆਂ 'ਤੇ ਧਰਨੇ ਦਿੱਤੇ ਗਏ । ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਭਾਰਤ ਬੰਦ ਸ਼ਾਂਤੀਪੂਰਨ ਰਿਹਾ, ਜਿਸ ਦੌਰਾਨ ਐਮਰਜੈਂਸੀ ਸੇਵਾਵਾਂ ਤੇ ਹੋਰ ਜ਼ਰੂਰੀ ਸੇਵਾਵਾਂ ਨੂੰ ਛੋਟ ਦਿੱਤੀ ਗਈ । 25 ਸੂਬਿਆਂ ਦੇ ਕਰੀਬ 10 ਹਜ਼ਾਰ ਸਥਾਨਾਂ 'ਤੇ ਭਾਰਤ ਬੰਦ ਰਿਹਾ। ਕੇਂਦਰ ਦੀ ਭਾਜਪਾ ਸਰਕਾਰ ਵਿਰੋਧੀ ਪਾਰਟੀਆਂ ਤੇ ਵੱਖ-ਵੱਖ ਵਪਾਰਕ ਤੇ ਮਜ਼ਦੂਰ ਯੂਨੀਅਨਾਂ ਵਲੋਂ ਦਿੱਤੇ ਸਮਰਥਨ ਨਾਲ ਭਾਰਤ ਬੰਦ ਦੌਰਾਨ ਹਾਲਾਂਕਿ ਐਮਰਜੈਂਸੀ ਸੇਵਾਵਾਂ ਤੇ ਬੈਂਕਾਂ ਨੂੰ ਛੋਟ ਦਿੱਤੀ ਗਈ ਸੀ । ਕਿਸਾਨ ਅੰਦੋਲਨ ਦੇ ਧੁਰਾ ਪੰਜਾਬ, ਹਰਿਆਣਾ ਤੇ ਦਿੱਲੀ ਤੋਂ ਇਲਾਵਾ ਮਹਾਰਾਸ਼ਟਰ, ਓਡੀਸ਼ਾ, ਬਿਹਾਰ, ਤੇਲੰਗਾਨਾ, ਪੱਛਮੀ ਬੰਗਾਲ ਤੇ ਝਾਰਖੰਡ ਵਰਗੇ ਸੂਬਿਆਂ 'ਚ ਭਾਰਤ ਬੰਦ ਦਾ ਅਸਰ ਸਭ ਤੋਂ ਵੱਧ ਵੇਖਣ ਨੂੰ ਮਿਲਿਆ । ਦਿੱਲੀ ਦੀਆਂ ਸਰਹੱਦਾਂ ਸਮੇਤ ਦੇਸ਼ ਦੇ ਕਈ ਇਲਾਕਿਆਂ 'ਚ ਕਿਸਾਨਾਂ ਵਲੋਂ ਵੱਡੀ ਗਿਣਤੀ ਇਕੱਠਾਂ 'ਚ ਜ਼ਬਰਦਸਤ ਧਰਨੇ ਤੇ ਪ੍ਰਦਰਸ਼ਨ ਕੀਤੇ ਗਏ । ਪੱਛਮੀ ਬੰਗਾਲ, ਬਿਹਾਰ ਤੇ ਓਡੀਸ਼ਾ ਦੇ ਕਈ ਇਲਾਕਿਆਂ ਵਿਚ ਪ੍ਰਦਰਸ਼ਨਕਾਰੀਆਂ ਨੇ ਰੇਲ ਪਟੜੀਆਂ 'ਤੇ ਧਰਨੇ ਦਿੱਤੇ। ਰਾਜਸਥਾਨ ਦੀ ਰਾਜਧਾਨੀ ਜੈਪੁਰ, ਜਿਥੇ ਮੰਡੀਆਂ ਬੰਦ ਸਨ, ਪਰ ਦੁਕਾਨਾਂ ਖੁਲੀਆਂ ਸਨ, 'ਚ ਭਾਜਪਾ ਤੇ ਕਾਂਗਰਸੀ ਵਰਕਰਾਂ ਵਿਚ ਝੜਪਾਂ ਹੋਣ ਦੀ ਵੀ ਖਬਰ ਹੈ। ਪੰਜਾਬ ਤੇ ਹਰਿਆਣਾ ਵਿਚ ਭਰਵਾਂ ਹੁੰਗਾਰਾ ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਬੁਲਾਏ ਭਾਰਤ ਬੰਦ ਦੌਰਾਨ ਪੰਜਾਬ ਤੇ ਹਰਿਆਣਾ 'ਚ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਕਿਸਾਨਾਂ ਨੇ ਕਈ ਥਾਈਂ ਕੌਮੀ ਰਾਜਮਾਰਗਾਂ ਅਤੇ ਹੋਰ ਪ੍ਰਮੁੱਖ ਸੜਕਾਂ ਨੂੰ ਜਾਮ ਕੀਤਾ । ਦੋਵਾਂ ਸੂਬਿਆਂ ਵਿਚ ਜ਼ਿਆਦਾਤਾਰ ਥਾਵਾਂ 'ਤੇ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਰਹੇ, ਕਿਉਂਕਿ ਕਾਰੋਬਾਰੀਆਂ ਨੇ ਵੀ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ । ਪੰਜਾਬ ਵਿਚ ਸਰਕਾਰੀ ਤੇ ਨਿੱਜੀ ਟਰਾਂਸਪੋਰਟ ਸੇਵਾਵਾਂ ਬੰਦ ਰਹੀਆਂ । ਜਦਕਿ ਗੁਆਂਢੀ ਸੂਬੇ ਹਰਿਆਣਾ 'ਚ ਅੰਤਰਰਾਜੀ ਅਤੇ ਸੂਬੇ ਵਿਚਲੀਆਂ ਬੱਸ ਸੇਵਾਵਾਂ ਪ੍ਰਭਾਵਿਤ ਹੋਈਆਂ। ਪੰਜਾਬ ਵਿਚ ਕਿਸਾਨਾਂ ਨੇ ਰੇਲਵੇ ਦੇ ਬਠਿੰਡਾ-ਮਾਨਸਾ ਤੇ ਬਠਿੰਡਾ-ਅੰਬਾਲਾ ਰੂਟਾਂ ਦੀਆਂ ਰੇਲ ਪਟੜੀਆਂ 'ਤੇ ਕੁਝ ਘੰਟਿਆਂ ਲਈ ਧਰਨਾ ਲਗਾਇਆ, ਜਿਸ ਕਾਰਨ ਰੇਲਵੇ ਨੂੰ ਰੇਲ ਗੱਡੀਆਂ ਨੂੰ ਥੋੜਾ ਸਮਾਂ ਰੋਕਣਾ ਪਿਆ । ਸਰਕਾਰੀ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਕਈ ਯੂਨੀਅਨਾਂ, ਆੜਤੀਆਂ ਅਤੇ ਟਰਾਂਸਪੋਰਟਰਾਂ ਨੇ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਆਪਣਾ ਸਮਰਥਨ ਦਿੱਤਾ ਦਲਿਤ ਪੰਜਾਬ ਦੀਆਂ ਸੜਕਾਂ ਉਪਰ ਕਿਸਾਨਾਂ ਦੇ ਹਕ ਵਿਚ ਬਸਪਾ ਦੀ ਅਗਵਾਈ ਵਿਚ ਨੀਲਿਆਂ ਝੰਡਿਆਂ ਨਾਲ ਨਿਤਰੇ। ਇਸ ਤੋਂ ਇਲਾਵਾ ਪੰਜਾਬ ਵਿਚਲੀਆਂ ਸਾਰੀਆਂ ਸਿਆਸੀ ਪਾਰਟੀਆਂ ਜਿਨਾਂ 'ਚ ਸੱਤਾਧਾਰੀ ਕਾਂਗਰਸ, ਆਪ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੀ ਸ਼ਾਮਿਲ ਹੈ, ਨੇ ਕਿਸਾਨਾਂ ਦਾ ਸਮਰਥਨ ਕੀਤਾ । ਸ਼੍ਰੋਮਣੀ ਕਮੇਟੀ ਨੇ ਵੀ ਆਪਣੇ ਦਫ਼ਤਰ ਤੇ ਸੰਸਥਾਵਾਂ ਨੂੰ ਬੰਦ ਰੱਖਿਆ ।

**ਅਮਿਤ ਸ਼ਾਹ ਵੀ ਨਾ ਕੱਢ ਸਕੇ ਕਿਸਾਨੀ ਮਸਲੇ ਦਾ ਹੱਲ**

ਕੇਂਦਰੀ ਗ੍ਰਹਿ ਮੰਤਰੀ ਅਤੇ ਕਿਸਾਨ ਆਗੂਆਂ ਵਿਚਕਾਰ ਨਵੀਂ ਦਿੱਲੀ ਦੇ ਪੂਸਾ ਗੈਸਟ ਹਾਊਸ ਵਿਖੇ ਹੋਈ ਗੱਲਬਾਤ ਵੀ ਬੇਸਿੱਟਾ ਹੀ ਰਹੀ । ਕੇਂਦਰੀ ਮੰਤਰੀ ਕਾਨੂੰਨ ਵਾਪਸ ਨਾ ਲੈਣ ਦੀ ਗੱਲ ਦੁਹਰਾਉਂਦੇ ਰਹੇ ਤੇ ਆਪਣੇ ਰੁਖ਼ ਤੋਂ ਪਿੱਛੇ ਹਟਦਿਆਂ ਸਿਰਫ਼ ਕੁਝ ਸੋਧਾਂ ਹੀ ਕਰਨ ਦੀ ਗੱਲ ਕਰਦੇ ਰਹੇ ਜਦਕਿ ਗੱਲਬਾਤ ਵਿਚ ਸ਼ਾਮਿਲ ਦੇਸ਼ ਦੇ 13 ਕਿਸਾਨ ਆਗੂਆਂ ਨੇ ਖੇਤੀ ਕਾਨੂੰਨ ਵਾਪਸ ਲੈਣ ਉਪਰ ਜ਼ੋਰ ਦਿੱਤਾ ।ਆਖ਼ਰ ਅਮਿਤ ਸ਼ਾਹ ਵਲੋਂ ਕਾਨੂੰਨਾਂ ਵਿਚ ਸੋਧਾਂ ਬਾਰੇ ਤਜਵੀਜ਼ ਭੇਜੇ ਜਾਣ ਲਈ ਕਿਹਾ ਤੇ ਕਿਸਾਨਾਂ ਨੇ ਖੇਤੀ ਮੰਤਰੀ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਤੇ ਪੰਜਾਬ ਨਾਲ ਸਬੰਧਿਤ ਰਾਜ ਮੰਤਰੀ ਸੋਮ ਪ੍ਰਕਾਸ਼ ਦੇ ਗਰੁੱਪ ਨਾਲ ਰੱਖੀ ਮੀਟਿੰਗ ਵੀ ਰੱਦ ਕਰ ਦਿੱਤੀ। ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਡਾ: ਦਰਸ਼ਨ ਪਾਲ ਨੇ ਮੀਟਿੰਗ ਦੀ ਸਮਾਪਤੀ ਤੋਂ ਬਾਅਦ ਦੱਸਿਆ ਕਿ ਮੀਟਿੰਗ 'ਚ ਸ਼ਾਮਿਲ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਖੇਤੀ ਮੰਤਰੀ ਨਰਿੰਦਰ ਤੋਮਰ ਖੇਤੀ ਕਾਨੂੰਨ ਬਦਲਣ ਦੀ ਮਜਬੂਰੀ ਦੱਸਦੇ ਇਹ ਕਹਿੰਦੇ ਰਹੇ ਕਿ ਜੇ ਇਹ ਕਾਨੂੰਨ ਰੱਦ ਕਰ ਦਿੱਤੇ ਫਿਰ ਕਈ ਹੋਰ ਕਾਨੂੰਨ ਰੱਦ ਕਰਨ ਦੀ ਮੰਗ ਉੱਠ ਸਕਦੀ ਹੈ । ਕਿਸਾਨ ਆਗੂ ਖੇਤੀ ਕਾਨੂੰਨ ਵਾਪਸ ਲੈਣ ਦੀ ਗੱਲ ਉੱਪਰ ਅੜੇ ਰਹੇ ਪਰ ਗ੍ਰਹਿ ਮੰਤਰੀ ਨੇ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਤੇ ਕਿਸਾਨ ਆਗੂ ਹੈਰਾਨ ਸਨ ਕਿ ਜੇਕਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਖੇਤੀ ਮੰਤਰੀ ਤੋਮਰ ਵਾਲੀਆਂ ਗੱਲਾਂ ਹੀ ਕਰਨੀਆਂ ਸੀ ਫਿਰ ਅੱਜ ਦੀ ਮੀਟਿੰਗ ਕਿਉਂ ਸੱਦੀ ਗਈ ।

**ਮੀਟਿੰਗ 'ਚ ਸ਼ਾਮਿਲ ਹੋਏ 13 ਆਗੂ**

ਮੀਟਿੰਗ ਵਿਚ ਸਰਕਾਰ ਵਲੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਕਿਸਾਨਾਂ ਨਾਲ ਹਾਲੇ ਤੱਕ ਗੱਲਬਾਤ ਕਰਦੇ ਆ ਰਹੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਅਤੇ ਰੇਲ ਮੰਤਰੀ ਪਿਊਸ਼ ਗੋਇਲ ਸ਼ਾਮਿਲ ਸਨ, ਜਦਕਿ ਕਿਸਾਨਾਂ ਦੀ ਨੁਮਾਇੰਦਗੀ ਕਰ ਰਹੇ ਕਿਸਾਨ ਆਗੂਆਂ ਵਿਚ ਰਾਕੇਸ਼ ਟਿਕੈਤ, ਗੁਰਨਾਮ ਸਿੰਘ ਚੜੂਨੀ, ਹਨਨ ਮੁੱਲਾ, ਸ਼ਿਵ ਕੁਮਾਰ ਕੱਕਾ, ਬਲਬੀਰ ਸਿੰਘ ਰਾਜੇਵਾਲ, ਜਗਜੀਤ ਸਿੰਘ, ਰੁਲਦੂ ਸਿੰਘ ਮਾਨਸਾ, ਮਨਜੀਤ ਸਿੰਘ ਰਾਏ, ਬੁੱਧ ਸਿੰਘ ਬੁਰਜਗਿੱਲ, ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ, ਕੁਲਵੰਤ ਸਿੰਘ ਸੰਧੂ, ਭੋਰਾ ਸਿੰਘ ਮਾਨਸਾ ਸ਼ਾਮਲ ਸਨ ।

**ਸੱਦਾ ਨਹੀਂ ਮਿਲਿਆ-ਉਗਰਾਹਾਂ**

ਕਿਸਾਨ ਜਥੇਬੰਦੀਆਂ ਨੂੰ ਅਮਿਤ ਸ਼ਾਹ ਵਲੋਂ ਗੱਲਬਾਤ ਲਈ ਬੁਲਾਏ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਅਜਿਹੀ ਕਿਸੇ ਗੱਲਬਾਤ ਲਈ ਕੋਈ ਸੱਦਾ ਨਹੀਂ ਮਿਲਿਆ ਹਾਲਾਂਕਿ ਕੁਝ ਦਿਨ ਪਹਿਲਾਂ ਉਨਾਂ ਦੀ ਜਥੇਬੰਦੀ ਤੱਕ ਗ਼ੈਰ-ਰਸਮੀ ਗੱਲ ਕਰਨ ਲਈ ਪਹੁੰਚ ਕੀਤੀ ਗਈ ਸੀ ਪਰ ਉਨਾਂ ਨੇ ਇਕੱਲਿਆਂ ਅਜਿਹੀ ਕੋਈ ਵੀ ਗ਼ੈਰ-ਰਸਮੀ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਉਨਾਂ ਕਿਹਾ ਕਿ ਬਾਕੀ ਜਥੇਬੰਦੀਆਂ ਨੂੰ ਅਜਿਹੀ ਕਿਸੇ ਵੀ ਗ਼ੈਰ-ਰਸਮੀ ਗੱਲਬਾਤ ਵਿਚ ਇਕੱਲਿਆਂ ਨਹੀਂ ਸੀ ਜਾਣਾ ਚਾਹੀਦਾ ਜਿਸ ਨਾਲ ਲੋਕਾਂ 'ਚ ਵੱਖ-ਵੱਖ ਤਰਾਂ ਦੇ ਭੁਲੇਖੇ ਪੈਦਾ ਹੋਣ ਦਾ ਖਦਸ਼ਾ ਹੈ ।

Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

# 'ਜਪੁ' ਜੀ ਦੀ ਦਾਰਸ਼ਨਿਕਤਾ ਅਤੇ ਮਹਾਤਮ

**- ਡਾਕਟਰ ਗੁਰਤੇਜ ਸਿੰਘ**

'ਜਪੁ' ਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਲ ਮੰਤਰ ਤੋਂ ਬਾਅਦ ਪਹਿਲੀ ਬਾਣੀ ਹੈ। ਇਸ ਬਾਣੀ ਦਾ ਸਿੱਖੀ ਅਤੇ ਗੁਰਸਿੱਖਾਂ ਲਈ ਅਨੇਕ ਪੱਖੀ ਮਹੱਤਵ ਹੈ। ਜਨਮ ਸਾਖੀਆਂ ਅਨੁਸਾਰ ਇਹ ਬਾਣੀ ਪਾਰਬ੍ਰਹਮ ਪਰਮੇਸ਼ਰ ਵੱਲੋਂ ਸਤਿਗੁਰੂ ਨਾਨਕ ਦੇਵ ਜੀ ਨੂੰ ('ਜਪੁ ਨੀਸਾਣੁ') ਵਜੋਂ ਬਖਸ਼ਿਸ਼ ਹੋਈ ਹੈ। ਗੁਰੂ ਦਾ ਨੀਸਾਣੁ ਸਵੀਕਾਰਿਆ ਜਾਣ ਕਰਕੇ ਇਸ ਦਾ ਵਿਸ਼ੇਸ਼ਣ ('ਨੀਸਾਣੁ') ਹੋ ਗਿਆ। ਜਪੁ ਬਾਣੀ ਨੂੰ ਗੁਰੂ ਦਾ ਨੀਸਾਣੁ ਮੰਨਣ ਦੀ ਪਰੰਪਰਾ ਗੁਰਸਿੱਖਾਂ ਵਿਚ ਸ਼ੁਰੂ ਤੋਂ ਪ੍ਰਚੱਲਿਤ ਹੋਣ ਸਬੰਧੀ ਜਾਣਕਾਰੀ ਸੰਨ 1701 ਵਿਚ ਲਿਖੀ ਹੋਈ 'ਪੋਥੀ ਹਰਿ ਜੀ' ਵਿਚੋਂ ਵੀ ਮਿਲਦੀ ਹੈ। ਇਸ ਪੋਥੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ 'ਜਪੁ' ਬਾਣੀ ਦਾ ਮਹਾਤਮ ਦੱਸਿਆ। ਇਸ ਪੋਥੀ ਦੇ ਹੇਠ ਲਿਖੇ ਕਥਨਾਂ ਤੋਂ ਇਸ ਬਾਣੀ ਦਾ ਮਹਾਤਮ ਅਤੇ ਇਸ ਦਾ 'ਨੀਸਾਣੁ' ਰੂਪ ਹੋਣ ਦਾ ਗਿਆਤ ਹੁੰਦਾ ਹੈ :

'ਪੁਰਖਾ! ਮੈ ਥੀ ਪਿਛਲਾ ਜਿ ਕੋਈ ਏਹੁ ਜਪੁ ਪੜੇ,
ਸੁ ਮੈਨੂ ਸਮਾਏ ਹੋਏ ਨੂੰ ਆਇ ਮਿਲੈ। ....
ਪਰੁ ਪੁਰਖਾ ਬਿਨਾ ਜਪੁ ਜਪੇ ਤੇ,
ਮੈ ਪਾਸਿ ਆਵਣਾ ਨਾ ਮਿਲਸੀਓ।
ਦਰਗਾਹ ਪਰਮੇਸੁਰ ਕੀ ਮਹਿ,
ਜਿਸੁ ਪਾਸਿ ਮੇਰਾ ਜਪੁ ਨੀਸਾਨੁ ਹੋਵੈਗਾ,
ਸੁ ਮੈ ਪਾਸਿ ਆਵੈਗਾ, ਉਸਿ ਪੜਿਐ ਕਰਿ ਕਰਿ।
ਜੁ ਜੀਇ ਪੜੈਗਾ, ਸੁ ਮੁਕਤਾ ਹੋਇਗਾ।
ਬਿਨਾ ਸਿਫਤਿ ਪਰਮੇਸੁਰ ਦੀ ਤੇ
ਮਾਨੁਖ ਮੁਕਤਾ ਨਾਹੀ ਹੋਤਾ।'

ਜਨਮ ਸਾਖੀ ਦਾ ਉਕਤ ਪ੍ਰਮਾਣ 'ਜਪੁ' ਜੀ ਦੀ ਬੇਅੰਤ ਮਹਿਮਾ ਤੇ ਮਹਾਤਮ ਨੂੰ ਪ੍ਰਗਟ ਕਰਦਾ ਹੈ। ਬਾਣੀ ਦਾ ਸਿਰਲੇਖ 'ਜਪੁ' ਬਾਣੀ ਦੇ ਜਾਪ ਦੀ ਉੱਤਮਤਾ ਤੇ ਵਡਿਆਈ ਦਾ ਲਖਾਇਕ ਹੈ।

ਪੁਰਾਤਨ ਲਿਖਤਾਂ ਵਿਚੋਂ ਜਪੁ ਜੀ ਸਾਹਿਬ ਦੇ ਅਵਤਰਨ ਸੰਬੰਧੀ ਇਕ ਮਤ ਪ੍ਰਾਪਤ ਨਹੀਂ ਹੁੰਦਾ। ਪੁਰਾਤਨ ਜਨਮ-ਸਾਖੀ ਦੇ ਲਿਖਾਰੀ ਨੇ 'ਜਪੁ' ਉਚਾਰਨ ਦਾ ਸੰਬੰਧ ਵੇਈਂ ਪ੍ਰਵੇਸ਼ ਦੀ ਸੁਭਾਗੀ ਘੜੀ ਨਾਲ ਜੋੜਿਆ ਹੈ। ਵੇਈਂ ਵਿਚ ਇਸ਼ਨਾਨ ਸਮੇਂ ਰੱਬੀ ਦੂਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦਰਗਾਹ ਵਿਚ ਲੈ ਜਾਂਦੇ ਹਨ। ਦਰਗਾਹ ਵਿਚ ਸ੍ਰੀ ਗੁਰੂ ਸਾਹਿਬ ਨੂੰ ਪਾਰਬ੍ਰਹਮ ਪਰਮੇਸ਼ਰ ਵੱਲੋਂ ਨਾਮ ਦੇ ਪਿਆਲੇ ਦੀ ਦਾਤ ਮਿਲਦੀ ਹੈ ਅਤੇ ਉਨਾਂ ਨੂੰ ਨਵੇਂ ਪੰਥ ਦੀ ਸਥਾਪਨਾ ਦੇ ਉਦੇਸ਼ ਨਾਲ ਫਿਰ ਮਾਤ ਲੋਕ ਵਿਚ ਵਾਪਸ ਭੇਜ ਦਿੱਤਾ ਜਾਂਦਾ ਹੈ। ਉਸ ਸਮੇਂ ਰੱਬੀ ਉਸਤਤ ਵਡਿਆਈ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸ਼ਬਦ ਉਚਾਰਨ ਕੀਤੇ ਉਨਾਂ ਵਿਚ 'ਜਪੁ' ਬਾਣੀ ਦਾ ਉਚਾਰਨ ਵਿਸ਼ੇਸ਼ ਹੈ। ਸਾਡੇ ਗ੍ਰੰਥਾਂ ਤੋਂ ਗਿਆਤ ਹੁੰਦਾ ਹੈ ਕਿ ਸਮੁੱਚਾ ਜਪੁ ਜੀ ਸਾਹਿਬ ਇਕ ਸਮੇਂ ਤੇ ਸਥਾਨ 'ਤੇ ਉਚਾਰਨ ਨਹੀਂ ਕੀਤਾ ਗਿਆ। ਵਿਭਿੰਨ ਸਮਿਆਂ 'ਤੇ ਉਚਾਰਨ ਕੀਤੇ 'ਸ਼ਬਦ/ਸਲੋਕਾਂ' ਨੂੰ ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਕਲਿਤ ਕੀਤਾ।

ਬਾਣੀ ਦੇ ਸਿਰਲੇਖ 'ਜਪੁ' ਦਾ ਅਰਥ ਰਹੱਸਮਈ ਹੈ। ਇਹ ਇਕ ਪੁਲਿੰਗ ਨਾਂਵ ਹੈ। ਇਸ ਵਿਚ ਸੰਸਕ੍ਰਿਤ ਦੇ ਦੋ ਧਾਤੂ 'ਜ-ਞ-ਪ' ਤੇ 'ਜਪ' ਦੇ ਦੋ ਅਰਥ ਆਪਸ ਵਿਚ ਮਿਲਕੇ, ਇਕ ਰੂਪ ਹੋ ਕੇ ਆਪਸ ਵਿਚ ਸਮਾਏ ਹੋਏ ਹਨ। ਇਨਾਂ ਦੋ ਧਾਤੂਆਂ ਦੇ ਆਧਾਰ ਉੱਤੇ 'ਜਪੁ' ਸ਼ਬਦ ਵਿਚ ਦੋ ਅਰਥ, ਜਾਣਨ ਤੇ ਜਪਣ, ਮਿਲ ਕੇ ਇਕ ਰੂਪ ਹੋ ਗਏ ਹਨ। ਜਾਣਨ ਤੇ ਜਪਣ ਦੇ ਦੋ ਪ੍ਰਵਾਹਾਂ ਦਾ ਸੁੰਦਰ ਸੰਜੋਗ ਜਾਂ ਦੁਮੇਲ ਹੈ 'ਜਪੁ'। ਜਪੁ ਜੀ ਸਾਹਿਬ ਦੇ ਸਿਰਲੇਖ 'ਜਪੁ' ਨਾਲ ਇਕ ਹੋਰ ਮਹੱਤਵਪੂਰਨ ਪਦ 'ਨੀਸਾਣੁ' ਜੁੜਿਆ ਹੋਇਆ ਹੈ। ਪੁਰਾਤਨ ਲਿਖਤੀ ਬੀੜਾਂ ਦੇ ਤਤਕਰਿਆਂ ਵਿਚ ਜਪੁ ਜੀ ਦਾ ਨਾਮ 'ਜਪੁ ਨੀਸਾਣੁ' ਲਿਖਿਆ ਮਿਲਦਾ ਹੈ। ਇੱਥੇ 'ਨੀਸਾਣੁ' ਪਦ ਇਸ ਬਾਣੀ ਦੇ ਸਿੱਖ ਧਰਮ ਵਿਚ ਵਿਸ਼ੇਸ਼ ਮਹੱਤਵ ਨੂੰ ਪ੍ਰਗਟ ਕਰਦਾ ਹੈ। ਗੁਰਬਾਣੀ ਵਿਚ ਨਾਮ ਜਾਂ ਸ਼ਬਦ ਨੂੰ ਹੀ ਨੀਸਾਣੁ ਕਿਹਾ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਦਿੱਤਾ ਗਿਆ ਸ਼ਬਦ ਜਾਂ ਨਾਮ ਗੁਰੂ ਦੀ ਬਖਸ਼ਿਸ਼ ਹੈ ਜੋ ਸਿੱਖ ਕੋਲ ਗੁਰੂ ਦੀ ਨਿਸ਼ਾਨੀ ਯਾਦਗਰੀ ਪਛਾਣ ਚਿੰਨ (ਨੀਸਾਣੁ) ਹੈ। ਜਪੁ ਬਾਣੀ ਗੁਰਮਤਿ ਦੀ ਪ੍ਰਧਾਨ ਤੇ ਪ੍ਰਮੁੱਖ ਬਾਣੀ ਹੈ ਅਤੇ ਇਸ ਨੂੰ ਗੁਰੂ ਦਾ ਨੀਸਾਣੁ ਕਰਕੇ ਸਵੀਕਾਰ ਕਰਨ ਵਜੋਂ ਇਸ ਦਾ ਵਿਸ਼ੇਸ਼ਣ ਨੀਸਾਣੁ ਹੋ ਗਿਆ। ਸੋ ਜਪੁ ਨੀਸਾਣੁ ਹੈ।

ਜਪੁ ਜੀ ਸਾਹਿਬ ਦੀ ਮਹਿਮਾ ਬੇਅੰਤ ਹੈ। ਇਸ ਦੀ ਮਹਿਮਾ ਨੂੰ ਸਾਡੇ ਵਿਦਵਾਨਾਂ ਨੇ ਕਾਵਿ ਅਤੇ ਵਾਰਤਕ ਦੋਵੇਂ ਰੂਪਾਂ ਵਿਚ ਬਿਆਨ ਕੀਤਾ ਹੈ। ਜਨਮ-ਸਾਖੀ (ਹਰਿ ਜੀ) ਵਿਚ ਇਉਂ ਅੰਕਿਤ ਹੈ :

'...ਕਹਿਆ ਜਿ, 'ਏ ਨਾਨਕ! ਏਹੁ ਜਿ ਜਪੁ ਤੈ ਮੇਰਾ ਕੀਆ ਹੈ ; ਸੁ ਭਲਾ ਕੀਆ ਹੈ। ਸੈਸਾਰੁ ਏਵ ਮੁਕਤਾ ਨ ਸੋ ਹੋਂਦਾ, ਕਲਿਜੁਗੁ ਮਹਾ ਕਠਨੁ ਥਾ। ਪਰੁ ਨਾਨਕ ਏਹੁ ਜਪੁ ਤੈਂ ਜੁ ਕੀਆ ਹੈ, ਮੇਰੀ ਸਿਫਤਿ, ਸੁ ਜਿ ਏਸੁ ਜਪ ਕਉ ਪੜੈਗਾ, ਸੁ ਮੁਕਤਾ ਹੋਇਗਾ। ਨਿਸੰਦੇਹ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਜਪੁ ਜੀ ਦੀ ਮਹਿਮਾ ਇਸ ਤਰਾਂ ਬਿਆਨ ਕਰਦੇ ਹਨ :

ਦੋਹਰਾ
ਮਹਿਮਾ ਬਰਨੀ ਅਲਪ ਮੈਂ ਕਹਿ ਨ ਜਾਇ ਮਤਿ ਮੰਦ
ਊਚ ਅਗਾਧ ਅਕਥ ਹੈ ਜੋ ਜਪੁ ਜੀ ਸੁਖ ਕੰਦ ਚੌਪਈ
ਮਨ ਮੂਰਖ ਨਿਤ ਪ੍ਰਤਿ ਜਪੁ ਸੇਵ। ਜਿਹ ਕੋ ਚਾਹੈ ਮੁਨਿ ਜਨ ਸੇਵ।
ਕਿਤਿ ਬਿਧਿ ਹੋਵੈ ਮਾਨੁਖ ਦੇਹੀ। ਸ੍ਰੀ ਨਾਨਕ ਸਿੱਖੀ ਮਗ ਲੇਹੀਂ।
ਜਪੁਜੀ ਸੇਵ ਕਟਹਿ ਜਮ ਫਾਸੀ। ਬਹੁਰ ਮਿਲਹਿ ਪਦਵੀ ਅਬਿਨਾਸੀ।
ਅਸ ਸੰਜੋਗ ਚਹਿਤ ਹੈ ਸੋਈ। ਤੁਮ ਕਉ ਤਉ ਸਭਿ ਪ੍ਰਾਪਤਿ ਹੋਈ।

ਪ੍ਰੋ: ਪੂਰਨ ਸਿੰਘ ਅਨੁਸਾਰ, 'ਦੂਜਿਆਂ ਧਰਮ ਗ੍ਰੰਥਾਂ ਅਤੇ ਮਨੁੱਖ ਦੀਆਂ ਬਾਇਬਲਾਂ ਵਿਚ ਜਪੁਜੀ ਦੇ ਵਿਸਮਾਦ, ਇਸ ਦੀ ਗਹਿਰਾਈ ਅਤੇ ਇਸ ਦੇ ਨਿੱਜੀ ਸੱਚ ਦੇ ਪੂਰਨ ਇਲਹਾਮ ਦੀ ਸਾਦਗੀ ਤੇ ਸਪਸ਼ਟਤਾ ਦੇ ਤੁੱਲ ਕੁਝ ਨਹੀਂ। ਇਹ ਚਮਤਕਾਰੀ ਬਾਣੀ ਹੈ। ਇਸ ਦੇ ਮੁੜ ਮੁੜ ਪਾਠ ਵਿਚ ਜੀਵਨ ਹੈ।

---

# ਕਲਿਜੁਗ ਕੀ ਅਤੇ ਕਦੋਂ ਆਉਂਦਾ ਹੈ ?

**- ਅਵਤਾਰ ਸਿੰਘ ਮਿਸ਼ਨਰੀ**
**(੫੧੦੪੩੨੫੯੨੭)**

ਭਾਈ ਕਾਨ ਸਿੰਘ ਨਾਭਾ ਲਿਖਦੇ ਹਨ ਕਿ ਬਾਲਮੀਕ ਰਮਾਇਣ ਅਤੇ ਪੁਰਾਨਾ ਵਿੱਚ 43,20000 ਵਰੇ ਦਾ ਸਮਾਂ ਸਤਜਿੁਗ, ਤ੍ਰੇਤਾ, ਦਵਾਪਰ ਅਤੇ ਕਲਿਜੁਗ ਕਹਾਉਂਦਾ ਹੈ। ਵੇਦ ਮੱਤੀਆਂ ਦਾ ਇਹ ਨਿਸ਼ਚਾ ਹੈ ਕਿ ਚਾਰ ਜੁੱਗਾਂ ਦਾ ਚੱਕਰ ਕੁਦਰਤੀ ਤੌਰ ਤੇ ਸਦਾ ਰਹਿੰਦਾ ਅਰ ਲੋਕਾਂ ਦੀ ਉਮਰ, ਕੱਦ ਅਤੇ ਸੁਭਾਉ ਯੁੱਗਾਂ ਦੇ ਪ੍ਰਭਾਵ ਨਾਲ ਬਦਲਦੇ ਰਹਿੰਦੇ ਨੇ ਪਰ ਗੁਰਮਤਿ 'ਚ ਇਹ ਵਿਸ਼ਵਾਸ ਨਹੀਂ ਕਿਉਂਕਿ ਲੋਕਾਂ ਦੇ ਸੁਕਰਮੀ ਅਤੇ ਕੁਕਰਮੀ ਹੋਣ ਕਰਕੇ, ਇਸ ਸਮੇਂ ਵਿਚ ਹੀ ਸਤਿਜੁਗ ਤੇ ਕਲਿਜੁਗ ਵਰਤ ਜਾਂਦਾ ਹੈ।

ਡਾ. ਦਿਲਗੀਰ ਜੀ ਲਿਖਦੇ ਹਨ ਕਿ ਵੇਦ-ਲੇਖਕ, ਸਮੇਂ ਨੂੰ ਚਾਰ ਜੁੱਗਾਂ ਸਤਿਜੁਗ, ਤਰੇਤਾ, ਦੁਵਾਪਰ ਤੇ ਕਲਿਜੁਗ 'ਚ ਵੰਡਦੇ ਹਨ। ਇਨਾਂ ਵਿਚੋਂ ਕਲਿਜੁਗ ਨੂੰ ਅਹਿਮ ਅਤੇ ਦੁਨੀਆ ਬਣਨ ਤੋਂ ਮਗਰੋਂ ਸਭ ਤੋਂ ਪਹਿਲਾ ਸਮਾਂ ਸਮਝਿਆ ਜਾਂਦਾ ਹੈ। ਇਸ ਵੰਡ ਮੁਤਾਬਿਕ ਕਲਿਜੁਗ ਅਜੋਕਾ ਤੇ ਮਾੜਾ ਸਮਾਂ ਹੈ। ਸਿੱਖ ਧਰਮ ਇਸ ਵਿਚ ਯਕੀਨ ਨਹੀਂ ਰੱਖਦਾ ਕੇਵਲ ਪ੍ਰਚਲਿਤ ਹਵਾਲਾ ਦਿੰਦੇ। ਯਾਨਿ ਸਿੱਖ ਫ਼ਲਸਫ਼ੇ 'ਚ ਇਹ ਮਿਥਿਹਾਸਕ ਕਾਲ-ਵੰਡ ਕਬੂਲ ਨਹੀਂ ਸਗੋਂ ਇਨਸਾਨ ਦੇ ਮਨ ਅੰਦਰ ਹਨੇਰੇ ਦਾ ਕਾਲ ਅਤੇ ਸਤਿਜੁਗ ਗਿਆਨ ਦਾ ਵੇਲਾ ਹੁੰਦਾ ਹੈ।

ਸ਼ਬਦ ਗੁਰੂ ਗ੍ਰੰਥ ਅਨੁਸਾਰ ਕਲਿਜੁਗ ਦੀਆਂ ਨਿਸ਼ਾਨੀਆਂ-ਜਦ ਜਥਾਰਥ ਦੇ ਉਲਟ ਨਿਰਾਰਥ ਤੇ ਸੱਚ ਦੇ ਉਲਟ ਝੂਠ ਦਾ ਪ੍ਰਚਾਰ ਅਤੇ ਮੰਨਣ ਹੋਵੇ ਉਹ ਸਮਾਂ ਕਲਿਜੁਗ ਹੁੰਦਾ ਹੈ-

**'ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥ ਅੰਧੇ ਕਾ ਨਾਉ ਪਾਰਖੂ॥ ਕਲੀ ਕਾਲ ਵਿਡਾਣੈ॥੩॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥ ਜੀਵਤ ਕਉ ਮੂਆ ਕਹੈ ਮੂਏ ਨਹੀਂ ਰੋਤਾ॥੪॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥ ਪਰ ਕੀ ਕਉ ਅਪੁਨੀ ਕਹੈ ਅਪਨੋ ਨਹੀ ਭਾਇਆ॥੫॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥ ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ॥੬॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥ ਪੋਖਰੁ ਨੀਰ ਵਿਰੋਲੀਐ ਮਾਖਨੁ ਨਹੀ ਰੀਸੈ॥੭॥'** (229)

ਜਦ ਅੰਧੇਰੇ ਦੀ ਛੁਰੀ ਲੈ ਰਾਜੇ ਕਸਾਈ ਹੋ ਜਾਣ, ਧਰਮ ਖੰਭ ਲਾ ਉੱਡ ਜਾਵੇ, ਸੱਚ ਰੂਪ ਚੰਦਰਮਾ ਦੁਆਲੇ ਝੂਠ ਫ਼ਰੇਬ ਦੀ ਮੱਸਿਆ ਦਾ ਅੰਧੇਰਾ ਛਾ ਜਾਵੇ, ਐਸੇ ਅੰਧੇਰੇ ਰਾਹ ਵਿਚ ਭਾਲਦਿਆਂ ਵੀ ਸੱਚ ਨਾਂ ਲੱਭੇ, ਜਨਤਾ ਉਲਟਾ ਹੰਕਾਰ ਦੇ ਦੁੱਖ ਵਿਚ ਰੋਈ ਜਾਵੇ ਉਹ ਸਮਾ ਹੀ ਕਲਜਿੁਗ ਹੈ-

**'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ ਹਉ ਭਾਲਿ ਵਿਕੁੰਨੀ ਹੋਈ॥ ਅਧੇਰੇ ਰਾਹੁ ਨ ਕੋਈ॥ ਵਿਚਿ ਹਉਮੈ ਕਰਿ ਸੁਖੁ ਰੋਈ॥ ਕਹੁ ਨਾਨਕ ਕਿਨ ਬਿਧਿ ਗਤਿ ਹੋਈ॥੧॥'** (145)

ਉਹ ਸਮਾਂ ਜਦ ਕਰਮ-ਧਰਮ ਅਤੇ ਬੁਰੇ-ਭਲੇ ਦੀ ਸੋਝੀ ਖ਼ਤਮ ਹੋ ਜਾਣ-

**'ਇਸੁ ਕਲਿਜੁਗ ਮਹਿ ਕਰਮ ਧਰਮ ਨ ਕੋਈ॥** (161) **ਪ੍ਰਭੂ ਦਾ ਘੜੀ ਦਾ ਵਿਛੋੜਾ ਹੀ ਕਲਿਜੁਗ ਹੈ- ਇਕ ਘੜੀ ਨ ਮਿਲਤੇ ਤਾ ਕਲਿਜੁਗ ਹੋਤਾ॥'**(96)

ਇਤਿਹਾਸਕ ਹਵਾਲਾ-ਜਦ ਗੁਰੂ ਨਾਨਕ ਸਾਹਿਬ ਜਗਤ ਜਲੰਦੇ ਦਾ ਉਧਾਰ ਕਰਦੇ ਹੋਏ, ਭਾਈ ਮਰਦਾਨਾ ਸਮੇਤ ਮਥਰਾ ਹਿੰਦੂਆਂ ਦੀ ਧਰਮ ਨਗਰੀ ਪਹੁੰਚੇ ਤਾਂ ਕੀ ਦੇਖਦੇ ਨੇ ਕਿ ਓਥੇ ਪਾਂਡੇ ਜਵਾਨ ਲੜਕੀਆਂ ਨਾਲ ਰੰਗ ਰਲੀਆਂ ਮਨਾ ਰਹੇ ਹਨ, ਮਰਦਾਨੇ ਪੁੱਛਿਆ: ਬਾਬਾ ਇਹ ਕੈਸਾ ਧਰਮ ਹੈ ਜਿੱਥੇ ਇਹ ਕੁਕਰਮ ਹੋ ਰਿਹਾ ਹੈ ਤਾਂ ਬਾਬੇ ਆਖਿਆ ਭਾਈ ਮਰਦਾਨਿਆਂ ਗੁੱਸੇ 'ਚ ਨਾ ਆ, ਆਪਾਂ ਇਨਾਂ ਨਾਲ ਵਿਚਾਰ ਕਰਦੇ ਹਾਂ। ਜਦ ਬਾਬੇ ਪਾਂਡਿਆਂ ਨੂੰ ਪੁੱਛਿਆ ਕਿ ਤੁਸੀਂ ਇੱਥੇ ਇਹ ਕੁਕਰਮ ਕਿਉਂ ਕਰ ਰਹੇ ਹੋ? ਤਾਂ ਚਲਾਕ ਪਾਂਡਿਆਂ ਆਖਿਆ ਬਾਬਾ 'ਹਮ ਕੁਝ ਨਹੀਂ ਕਰ ਸਕਤੇ ਸਭ ਕਲਜਿੁਗ ਕਰਵਾ ਰਹਾ ਹੈ' ਤਾਂ ਬਾਬੇ ਨਾਨਕ ਨੇ ਓਥੇ ਇਹ ਸ਼ਬਦ-

**'ਸੋਈ ਚੰਦ ਚੜਹਿ ਸੇ ਤਾਰੇ ਸੋਈ ਦਿਨੀਅਰੇ ਤਪਤ ਰਹੈ॥ ਸਾ ਧਰਤੀ ਸੋ ਪੁਣ ਝੁਲਾਰੇ ਜੁਗ ਜੀਅ ਖੇਲੇ ਥਵ ਕੈਸੇ॥੧॥ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਭੈਠਾ॥ ਦਾਤਾ ਦਾਨ ਕਰੈ ਤਹ ਨਾਹੀ ਮਹਿਲ ਉਸਾਰ ਨ ਬੈਠਾ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥ ਜੇ ਕਉ ਨਾਉ ਲਏ ਬਦਨਾਵੀ ਕਲਿ ਕੇ ਲੱਖਣ ਏਈ॥੩॥.... ਕਰਹਿ ਧਿੰਘਾਣਾ ਹੋਇ ਪਰਵਾਣਾ ਕਲਿ ਲਖਣ ਵਿਚਾਰ॥'** (902)

ਉਚਾਰਦੇ ਸਮਝਾਇਆ ਕਿ ਹੰਕਾਰ ਵਿਚ ਕੁਕਰਮ ਕਰ ਰਹੇ ਪਾਂਡਿਓ! ਜਦ ਦਾ ਸੰਸਾਰ ਹੋਂਦ 'ਚ ਆਇਆ ਹੈ, ਉਹੋ ਹੀ ਚੰਦ, ਸੂਰਜ, ਧਰਤੀ, ਅਕਾਸ਼ ਚਲੇ ਆ ਰਹੇ ਤੇ ਪਵਨ ਝੁੱਲ ਰਹੀ ਹੈ। ਕਲਿਜੁਗ ਕਿਸੇ ਦੇਸ਼, ਤੀਰਥ ਤੇ ਨਹੀਂ ਬੈਠਾ, ਨਾਂ ਉਹ ਦਾਤਾ ਹੋ ਦਾਨ ਕਰਦਾ ਤੇ ਮਹਿਲ ਉਸਾਰਦਾ ਹੈ ਫਿਰ ਉਹ ਕਿੱਥੋਂ ਆ ਗਿਆ? ਜਦ ਤੁਹਾਡੇ ਵਰਗੇ ਧਰਮੀ, ਗ਼ਰੀਬਾਂ ਤੇ ਅਬਲਾਵਾਂ ਨਾਲ ਧੱਕਾ ਕਰਦੇ ਤੇ ਲੋਕ ਧੱਕੇਸ਼ਾਹੀ ਪ੍ਰਵਾਨ ਕਰ ਲੈਂਦੇ ਨੇ, ਉਹ ਧੱਕਾ ਕਰਨਾ ਹੀ ਕਲਿਜੁਗ ਹੈ। ਤੁਸੀਂ ਕਥਿਤ ਕਲਿਜੁਗ ਦੇ ਨਾਮ ਹੇਠ ਧਰਮ ਅਸਥਾਨ 'ਤੇ ਕੁਕਰਮ ਕਰਦੇ, ਕੁਝ ਸ਼ਰਮ ਕਰੋ ਤਾਂ ਬਾਬੇ ਦੀਆਂ ਮੂੰਹ ਤੇ ਖਰੀਆਂ ਸੁਣ ਕੇ, ਪਾਂਡੇ ਨਿਰੁੱਤਰ ਹੋ ਗੁਰੂ ਕੋਲੋਂ ਖਿਮਾ ਜਾਚਨਾ ਕਰ, ਸੁਧਾਰ ਦੇ ਰਾਹੇ ਪਏ।

ਸੋ ਪਾਠਕ ਜਨੋ ਕਲਿਜੁਗ ਦਾ ਕੋਈ ਪੱਕਾ ਸਮਾ ਨਹੀਂ, ਇਹ ਬਿਰਤੀ ਨਾਲ ਸਬੰਧ ਰੱਖਦਾ ਹੈ। ਜਦ ਜੀਵਾਂ ਦਾ ਜੀਵਨ ਉੱਚਾ-ਸੁੱਚਾ ਹੁੰਦਾ ਤੇ ਸੱਚ ਬੋਲਦੇ ਤਾਂ ਸਤਿਜੁਗ ਤੇ ਜਦ ਜੀਵਨ ਬੁਰਾ ਹੁੰਦਾ ਝੂਠ ਬੋਲਦੇ ਤੇ ਧੱਕੇਸ਼ਾਹੀਆਂ ਕਰਦੇ, ਉਹ ਸਮਾਂ ਹੀ ਕਲਿਜੁਗ ਹੁੰਦਾ ਹੈ। ਅੱਜ ਵੀ ਹੋਰ ਕਈ ਮੱਤਾਂ ਦੇ ਧਰਮ ਅਸਥਾਨਾਂ ਅਤੇ ਰਾਜਾਂ ਵਿੱਚ, ਧੱਕੇਸ਼ਾਹੀਆਂ ਅਤੇ ਕੁਕਰਮ ਹੋ ਰਹੇ ਹਨ। ਸਾਡੇ ਸਿੱਖਾਂ ਦੇ ਗੁਰਦੁਆਰਿਆਂ ਵਿਚ ਵੀ ਧੱਕੜ ਪ੍ਰਬੰਧਕ ਤੇ ਕੱਟੜਪੰਥੀ ਆਏ ਦਿਨ ਧੱਕੇਸ਼ਾਹੀਆਂ ਕਰ ਰਹੇ ਹਨ। ਜੇ ਕਿਸੇ ਭਾਈ ਦੇ ਵਿਚਾਰ ਇਨਾਂ ਨਾਲ ਨਹੀਂ ਮਿਲਦੇ ਤਾਂ ਇਹ ਲੋਕ ਉਨਾਂ ਦੀਆਂ ਪੱਗਾਂ ਲਾਹੁਣ, ਹੱਥੋਪਾਈ, ਗਾਲ਼ੀ ਗਲੋਚ, ਕੁੱਟਮਾਰ ਕਰਨ 'ਤੇ ਇੱਥੋਂ ਤੱਕ ਕਿ ਕਤਲ ਕਰਨ ਤੱਕ ਵੀ ਜਾਂਦੇ ਹਨ। ਡੈਮੋਕ੍ਰੇਸੀ ਦੇ ਰਾਜ 'ਚ ਸਭ ਨੂੰ ਆਪੋ ਆਪਣੇ ਵਿਚਾਰ ਰੱਖਣ ਦਾ ਪੂਰਾ ਹੱਕ ਹੈ ਪਰ ਜਦੋਂ ਕੱਟੜਵਾਦੀ ਧੱਕੇ ਧੌਂਸ ਨਾਲ ਇਹ ਹੱਕ ਖੋਂਹਦੇ ਜਰਾ ਜਿੰਨੀ ਸ਼ਰਮ ਨਹੀਂ ਕਰਦੇ ਤਾਂ ਉਸ ਸਮੇਂ ਦਾ ਨਾਂ ਹੀ ਕਲਿਜੁਗ ਹੁੰਦਾ ਹੈ।

ਵੈਸੇ ਤਾਂ ਕਲਿ ਦਾ ਅਰਥ ਕਲਾ ਭਾਵ ਹੁਨਰ ਹੈ। ਹੁਨਰ ਸਿੱਖ ਕੇ, ਸਾਨੂੰ ਅਗਾਂਹਵਧੂ ਬਿਰਤੀ ਦੇ ਪਾਂਧੀ ਬਣਨਾ ਚਾਹੀਦਾ ਹੈ। ਮੁਆਫ਼ ਕਰਨਾ ਅਸੀਂ ਤਾਂ ਬਹੁਤੇ ਪਿਛਾਂਹ ਖਿੱਚੂ ਬਿਰਤੀ ਦੇ ਧਾਰਨੀ ਹੋ, ਧਰਮ ਅਸਥਾਨਾਂ ਵਿਚ ਹੀ ਕਲਾ-ਕਲੇਸ਼ ਕਰਕੇ ਕਲਿਜੁਗ ਵਰਤਾ ਦਿੰਦੇ ਹਾਂ।



# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 20**

**- ਕਰਮ ਸਿੰਘ ਜ਼ਖ਼ਮੀ**

ਇਤਨਾ ਕਹਿ ਕੇ ਉਹ ਤੇਜ਼ੀ ਨਾਲ ਤੰਬੂ ਵਿਚੋਂ ਬਾਹਰ ਨਿਕਲ ਗਈ ਅਤੇ ਹਾਲਾਂ ਉਹ ਚਾਰ ਪੰਜ ਪੈਲੀਆਂ ਦੇ ਦੂਰ ਗਈ ਸੀ ਕਿ ਉਸਨੇ ਇਨ੍ਹਾਂ ਸਾਰੇ ਸਵਾਰਾਂ ਨੂੰ ਪੂਰਬ ਵਲ ਭਜਦੇ ਵੇਖਿਆ ਹਰ ਕੋਈ ਆਪਣੇ ਘੋੜੇ ਨੂੰ ਅੱਗੇ ਤੋਂ ਅੱਗੇ ਕੱਢ ਕੇ ਲੈ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ, ਇਹ ਤਾਰਾ ਹੀ ਸੀ ਤੇ ਕੰਮ ਉਸ ਸਵੇਰੇ ਮਿਲੇ ਕਾਰਡਾਂ ਦੇ ਪੈਕਟ ਦੀ ਜਾਦੂਗਰੀ ਨਾਲ ਕਰ ਵਿਖਾਇਆ ਸੀ। ਨਾਹਨ ਦੇ ਰਾਜੇ ਨੂੰ ਫੜਣ ਆਈ ਸ਼ਾਹੀ ਫੌਜ ਸਿਰ ਤੇ ਪੈਰ ਰਖ ਕੇ ਭੱਜੀ ਜਾ ਰਹੀ ਸੀ।

ਕਰਤਾਰ ਸਿੰਘ ਤੇ ਰਾਜਕੁਮਾਰੀ ਰਾਜਵੰਤ ਲਾਹੌਰ ਪੁਜੇ। ਨਾਹਨ ਤੋਂ ਲਾਹੌਰ ਉਹਨਾਂ ਨੇ ਕੋਈ ਭੇਸ ਬਦਲੇ ਸਨ। ਰਾਜਕੁਮਾਰੀ ਰਾਜਵੰਤ ਨੂੰ ਅਵਤਾਰ ਸਿੰਘ ਭਾਵੇਂ ਬੜੀ ਹੀ ਅਨਾੜੀ ਕੁੜੀ ਸਮਝਦਾ ਸੀ, ਪਰੰਤੂ ਇਸ ਸਫਰ ਵਿਚ ਉਸਨੇ ਅਨੁਭਵ ਕਰ ਲਿਆ ਕਿ ਉਹ ਅਨਾੜੀ ਨਹੀਂ ਹੈ ਅਤੇ ਹਰ ਮਾਮਲੇ ਨੂੰ ਬੜੀ ਸਿਆਣਪ ਤੇ ਹੁਸ਼ਿਆਰੀ ਨਾਲ ਨਜਿੱਠ ਸਕਦੀ ਹੈ।

ਲਾਹੌਰ ਪੁੱਜਣ ਸਮੇਂ ਉਹ ਪੰਜਾਬੀ ਮੁਸਲਮਾਨਾਂ ਦੇ ਲਿਬਾਸ ਵਿਚ ਸਨ। ਕਰਤਾਰ ਸਿੰਘ ਨੇ ਕਮੀਜ਼ ਦੇ ਨਾਲ ਸਲਵਾਰ ਪਹਿਨੀ ਹੋਈ ਸੀ। ਸਿਰ ਤੇ ਲੰਗੀ ਬੰਨੀ ਹੋਈ ਸੀ। ਸਿਰ ਤੇ ਕੇਸਾਂ ਦਾ ਜੂੜਾ ਨਹੀਂ ਸੀ ਕੀਤਾ ਹੋਇਆ ਤੇ ਉਹਨਾਂ ਨੂੰ ਇਸ ਸੁਚੱਜੇ ਢੰਗ ਨਾਲ ਤਹਿ ਕੀਤਾ ਹੋਇਆ ਸੀ ਕਿ ਕੋਈ ਵੀ ਵੇਖ ਕੇ ਇਹ ਨਹੀਂ ਸੀ ਕਹਿ ਸਕਦੇ ਕਿ ਉਹ ਕੇਸ-ਧਾਰੀ ਹੈ। ਰਾਜਕੁਮਾਰੀ ਰਾਜਵੰਤ ਨੇ ਵੀ ਕਮੀਜ਼ ਤੇ ਸਲਵਾਰ ਪਹਿਨੀ ਹੋਈ ਸੀ। ਸਿਰ ਤੇ ਪਿਆਜ਼ੀ ਰੰਗ ਦਾ ਦੁਪੱਟਾ ਸੀ ਤੇ ਉਪਰ ਕਾਲਾ ਬੁਰਕਾ ਪਾਇਆ ਹੋਇਆ ਸੀ, ਉਸਨੇ ਕੰਨਾਂ ਵਿਚ ਚਾਂਦੀ ਦੀਆਂ ਵਾਲੀਆਂ ਤੇ ਬਾਹਵਾਂ ਵਿਚ ਚਾਂਦੀ ਦੀਆਂ ਚੂੜੀਆਂ ਪਾਈਆਂ ਹੋਈਆਂ ਸਨ। ਉਹ ਜਿਥੇ ਮੁਗਲਪੁਰ ਪੁਜੇ ਤੇ ਇਕ ਤੰਦੂਰ ਵਾਲੇ ਤੋਂ ਹਾਜੀ ਮੌਲਾ ਬਖਸ਼ ਦਾ ਪਤਾ ਪੁਛਿਆ। ਉਸਨੇ ਕਿਹਾ-'ਚ ਭਾਈ ਹਾਜੀ ਸਾਹਿਬ ਨੂੰ ਕੌਣ ਨਹੀਂ ਜਾਣਦਾ ਉਹ ਤਾਂ ਸਾਰੇ ਲਾਹੌਰ ਦੇ ਨਵਾਬ ਹਨ ਔਹ ਵੇਖੋ ਸਾਹਮਣੇ ਉਹਨਾਂ ਦੀ ਹਵੇਲੀ ਹੈ।'

ਕਰਤਾਰ ਸਿੰਘ ਤੇ ਰਾਜਕੁਮਾਰੀ ਨੇ ਆਪਣੇ ਘੋੜੇ ਉਸ ਹਵੇਲੀ ਦੇ ਸਾਹਮਣੇ ਜਾ ਖੜੇ ਕੀਤੇ। ਹਵੇਲੀ ਦੇ ਮਥੇ ਤੇ ਫਾਰਸੀ ਅੱਖਰਾਂ ਵਿਚ ਲਿਖਿਆ ਸੀ 'ਖਾਨ ਬਹਾਦੁਰ ਹਾਜੀ ਮੌਲਾ ਬਖਸ਼ ਹਕੀਮੇ-ਆਜ਼ਮ।' ਹਾਜੀ ਮੌਲਾ ਬਖਸ਼ ਦਾ ਦਰਬਾਰ ਹਵੇਲੀ ਦੇ ਦਰਵਾਜ਼ੇ ਅਗੇ ਖੜਾ ਸੀ। ਉਸਨੇ ਪੁਛਿਆ- 'ਤੁਸੀਂ ਕੌਣ ਹੋ ਤੇ ਕਿਸ ਨੂੰ ਮਿਲਣਾ ਹੈ ?'

'ਅਸਾਨੂੰ ਹਾਜੀ ਸਾਹਿਬ ਦੇ ਮਿਤ ਨੇ ਇਹਨਾਂ ਪਾਸ ਭੇਜਿਆ ਹੈ, ਸਾਡਾ ਉਹਨਾਂ ਨਾਲ ਨਿਜੀ ਕੰਮ ਹੈ।' ਕਰਤਾਰ ਸਿੰਘ ਨੇ ਦਸਿਆ।

'ਤੁਸੀਂ ਆਪਣਾ ਨਾਮ ਪਤਾ ਲਿਖ ਦਿਓ ਤਾਂ ਜੋ ਉਹਨਾਂ ਨੂੰ ਪੁਚਾ ਦਿਆਂ।' ਦਰਬਾਨ ਨੇ ਆਖਿਆ।

'ਬੰਦੇ-ਖੁਦਾ, ਉਹ ਮੈਨੂੰ ਜਾਣਦੇ ਨਹੀਂ, ਮੈਂ ਮਿਲਕੇ ਹੀ ਦਸਾਂਗਾ ਕਿ ਮੈਂ ਕੌਣ ਹਾਂ, ਕਿਸਨੇ ਭੇਜਿਆ ਹੈ ਤੇ ਕੀ ਕੰਮ ਏ ਤੂੰ ਦਰਬਾਨ ਏ ਕਿ ਮਾਲਕ ਜੋ ਇਤਨੀਆਂ ਵਾਹਿਯਾਤ ਗੱਲਾਂ ਕਰੀ ਜਾ ਰਿਹਾ ਏਂ। ਕਰਤਾਰ ਸਿੰਘ ਨੇ ਇਹ ਗਲ ਇਤਨੇ ਤਿਖੇ ਲਹਿਜੇ ਵਿਚ ਕਹੀ ਕਿ ਦਰਬਾਨ ਘਬਰਾ ਗਿਆ ਤੇ ਅੰਦਰ ਹਾਜ਼ੀ ਸਾਹਿਬ ਹੁਰਾਂ ਨੂੰ ਇਤਲਾਹ ਦੇਣ ਚਲਿਆ ਗਿਆ। ਪਰੰਤੂ ਹਾਜੀ ਸਾਹਿਬ ਆਪ ਹੀ ਬਾਹਰ ਆ ਗਏ ਅਤੇ ਉਹਨਾਂ ਨੂੰ ਅੰਦਰ ਲੈ ਗਏ। ਇਕ ਨੌਕਰ ਨੂੰ ਸਦ ਕੇ ਉਹਨਾਂ ਨੇ ਹਵੇਲੀ ਦੇ ਉਪਰਲੀ ਮੰਜ਼ਲ ਤੇ ਲੈ ਜਾ ਕੇ ਇਕ ਕਮਰਾ ਉਹਨਾਂ ਹਵਾਲੇ ਕਰ ਦਿੱਤਾ, ਜਿਸ ਵਿਚ ਦੋ ਮੰਜੇ ਬਿਸਤਰੇ ਪਏ ਤੇ ਨਿਤ ਵਰਤੋਂ ਦੀਆਂ ਹੋਰ ਚੀਜ਼ਾਂ ਵੀ ਰਖੀਆਂ ਹੋਈਆਂ ਸਨ, ਹਾਜੀ ਸਾਹਿਬ ਨੇ ਕਿਹਾ, ਤੁਹਾਡੀ ਉਡੀਕ ਮੈਂ ਰਾਤ ਦੀ ਕਰ ਰਿਹਾ ਸਾਂ, ਤੁਸੀਂ ਇਕ ਦਿਨ ਲੇਟ ਹੋ ਕੇ ਆਏ ਹੋ।'

'ਜਨਾਬ ਰਸਤੇ ਵਿਚ ਦੇਰ ਹੋ ਗਈ, ਰਾਹੀਂ ਇਕ ਸ਼ਾਹੀ ਜਲੂਸ ਨਾਲ ਨਿਪਟਣਾਂ ਜ਼ਰੂਰੀ ਹੋ ਗਿਆ ਸੀ। ਉਹ ਅਸਾਨੂੰ ਬੁੱਧੂ ਬਨਾਉਣਾ ਚਾਹੁੰਦਾ ਸੀ। ਪਰੰਤੂ ਰਾਜ ਕੁਮਾਰੀ ਨੇ ਉਸਨੂੰ ਬੁਧੂ ਬਣਾ ਦਿੱਤਾ। ਕਰਤਾਰ ਸਿੰਘ ਨੇ ਦਸਿਆ, ਤੇ ਦੋਵੇਂ ਚਿੱਠੀਆਂ ਕੱਢ ਕੇ ਉਹਨਾਂ ਦੇ ਹੱਥਾਂ ਵਿਚ ਦੇ ਦਿੱਤੀਆਂ। ਇਕ ਬਾਬਾ ਬੰਦਾ ਸਿੰਘ ਬਹਾਦਰ ਦੀ ਅਤੇ ਦੂਸਰੀ ਤਾਰਾ ਚੰਦ ਸਿੰਘ ਦੀ, ਪਰੰਤੂ ਹਾਜੀ ਸਾਹਿਬ ਨੇ ਬਿਨਾਂ ਪੜ੍ਹਨ ਤੋਂ ਹੀ ਉਹ ਚਿੱਠੀਆਂ




ਇਕ ਪਾਸੇ ਰਖ ਦਿੱਤੀਆਂ, ਉਹਨਾਂ ਕਿਹਾ—'ਮੇਰੇ ਪਾਸ ਸਾਰੀ ਜਾਣਕਾਰੀ ਆ ਚੁਕੀ ਹੈ। ਇਹ ਚਿਠੀਆ ਭੀ ਮੈਂ ਕਿਸੇ ਵੇਲੇ ਪੜ੍ਹ ਲਵਾਂਗਾ। ਰੱਬ ਨੇ ਅਜੇਹਾ ਮੇਲ ਮਿਲਾ ਦਿੱਤਾ ਹੈ ਕਿ ਹੁਣ ਬਾਬਾ ਜੀ ਦਾ ਲਾਹੌਰ ਤੇ ਕਬਜ਼ਾ ਕਰਨਾ ਕੋਈ ਭੀ ਔਖਾ ਕੰਮ ਨਹੀਂ ਰਹਿ ਗਿਆ।'

'ਕਿਸ ਤਰ੍ਹਾਂ ਜਨਾਬ ?' ਕਰਤਾਰ ਸਿੰਘ ਨੇ ਪੁਛਿਆ।

'ਵੇਖੋ ਜੀ ਏਥੇ ਸੰਨੀਆਂ ਤੇ ਸ਼ੀਆਂ ਦਾ ਫਸਾਦ ਭਿਆਨਕ ਰੂਪ ਧਾਰਨ ਕਰ ਗਿਆ ਹੈ। ਬਾਦਸ਼ਾਹ ਸ਼ੀਆ ਹੋਣ ਕਰਕੇ ਸੁੰਨੀਆਂ ਦਾ ਕਤਲ ਆਮ ਕਰਵਾ ਰਿਹਾ ਹੈ। ਮੈਂ ਤੁਹਾਨੂੰ ਸੁੰਨੀਆਂ ਦੇ ਆਗੂ ਮੌਲਾਨਾ ਬਰਕਤ ਉਲਾ ਪਾਸ ਭੇਜਦਾ ਹਾਂ, ਉਸਨੂੰ ਸਿੱਖਾਂ ਵਲੋਂ ਸਹਾਇਤਾ ਦਾ ਭਰੋਸਾ ਦਿਵਾਓ, ਸਾਰੇ ਸੁੰਨੀ ਮੁਸਲਮਾਨ ਤੁਹਾਡੀ ਮਦਦ ਕਰਨ ਲਈ ਤਿਆਰ ਹੋ ਜਾਣਗੇ। ਏਥੇ ਤੁਹਾਡੀ ਵਧੇਰੇ ਲੋੜ ਇਸ ਲਈ ਹੀ ਸੀ।' ਹਾਜ਼ੀ ਮੌਲਾ ਬਖਸ਼ ਦਸਦੇ ਚਲੇ ਗਏ।

'ਰਾਜਕੁਮਾਰੀ ਜੀ ਨੂੰ ਭੀ ਮੇਰੇ ਨਾਲ ਜਾਣਾ ਚਾਹੀਦਾ ਹੈ ਕਿ ਨਹੀਂ ?' ਕਰਤਾਰ ਸਿੰਘ ਨੇ ਪੁੱਛਿਆ।

'ਕੌਣ ਰਾਜਕੁਮਾਰੀ ਮੈਨੂੰ ਪੁਜੇ ਸੁਨੇਹੇ ਅਨੁਸਾਰ ਤਾਂ ਤੁਹਾਡੇ ਨਾਲ ਮੇਰੇ ਮਿਤਰ ਤਾਰਾ ਚੰਦ ਦੀ ਧੀ ਤਾਰਾ ਆ ਰਹੀ ਸੀ।' ਹਾਜ਼ੀ ਮੌਲਾ ਬਖਸ਼ ਨੇ ਆਖਿਆ।

'ਜਨਾਬ ਉਸਦੇ ਪਿਤਾ ਦੇ ਸਖਤ ਬੀਮਾਰ ਹੋਣ ਕਰਕੇ ਉਸ ਨੂੰ ਨਹੀਂ ਲਿਆਂਦਾ ਗਿਆ, ਇਹ ਨਾਹਨ ਦੀ ਰਾਜਕੁਮਾਰੀ ਰਾਜਵੰਤ ਹੈ।' ਕਰਤਾਰ ਸਿੰਘ ਨੇ ਦਸਿਆ।

'ਚਲੋ ਠੀਕ ਹੈ ਪਰ ਇਸ ਥਾਂ ਇਹਨਾਂ ਨੂੰ ਤੁਹਾਡੇ ਨਾਲ ਨਹੀਂ ਜਾਣਾ ਚਾਹੀਦਾ। ਮੇਰਾ ਆਦਮੀ ਤੁਹਾਨੂੰ ਉਥੇ ਪੁਚਾ ਦੇਵੇਗਾ।' ਹਾਜ਼ੀ ਸਾਹਿਬ ਨੇ ਕਿਹਾ-'ਤੁਸੀਂ ਹਾਲਾਂ ਕੁਝ ਖਾ ਪੀ ਲਓ।'

ਕਹਿੰਦੇ ਹੋਏ ਹਾਜ਼ੀ ਮੌਲਾ ਬਖਸ਼ ਹੇਠਾਂ ਚਲੇ ਗਏ। ਕੋਈ ਅਧੇ ਘੰਟੇ ਪਿਛੋਂ ਉਹਨਾਂ ਦਾ ਇਕ ਆਦਮੀ ਆਇਆ, ਉਸਨੇ ਆਪਣਾ ਨਾਮ ਲਾਲ ਖਾਨ ਦਸਿਆ। ਅੱਧਖੜ ਉਮਰ ਦਾ ਇਹ ਚੰਗਾ ਬਣਦਾ ਤਣਦਾ ਆਦਮੀ ਸੀ। ਗੋਰਾ ਗੁਲਾਬੀ ਰੰਗ, ਮੋਟੀਆਂ ਮੋਟੀਆਂ ਅੱਖੀਆਂ, ਚੇਹਰੇ ਦੇ ਇਸਲਾਮੀ ਢੰਗ ਨਾਲ ਤਰਾਸ਼ੀ ਹੋਈ ਦਾਹੜੀ ਤੇ ਲਬਾਂ ਕਟੀਆਂ ਮੁੱਛਾਂ। ਉਸਨੇ ਕਿਹਾ-'ਆਓ ਜੀ ਚਲੀਏ। ਕਰਤਾਰ ਸਿੰਘ ਉਠ ਖੜਾ ਹੋਇਆ। ਦੋਵੇਂ ਪੌੜੀਆਂ ਉਤਰਨ ਲਗੇ, ਲਾਲ ਖਾਨ ਨੇ ਹੌਲੀ ਜਿਹੀ ਕਿਹਾ-'ਆਪਣੇ ਆਪ ਨੂੰ ਮਲੇਰਕੋਟਲੇ ਦਾ ਵਾਸੀ ਦਸਣਾ, ਸਿੱਖੀ ਪ੍ਰਗਟ ਨਹੀਂ ਹੋਣ ਦੇਣੀ, ਮੁਸਲਮ ਨਾਮ ਸ਼ੌਕਤ ਹਿਯਾਤ ਦਸ ਦੇਣਾ।'

'ਠੀਕ ਹੈ।' ਕਰਤਾਰ ਸਿੰਘ ਨੇ ਉਤਰ ਦਿੱਤਾ, ਉਹ ਇਕ ਬੱਘੀ ਵਿਚ ਬੈਠ ਕੇ ਮੌਲਾਨਾ ਬਰਕਤ ਉਲਾ ਦੇ ਮਕਾਨ ਵਲ ਤੁਰੇ, ਜੋ ਅਨਾਰ ਕਲੀ ਬਾਜ਼ਾਰ ਦੇ ਅੰਦਰ ਇਕ ਛੋਟੀ ਜਿਹੀ ਗਲੀ ਵਿਚ ਸੀ। ਬਘੀ ਲਾਲ ਖਾਨ ਆਪ ਚਲਾ ਰਿਹਾ ਸੀ, ਦੋਵੇਂ ਮੁਗਲ ਪੂਰੇ ਤੋਂ ਲੈ ਕੇ ਹੌਲੀ ਹੌਲੀ ਗਲਾਂ ਕਰਦੇ ਰਹੇ। ਅਨਾਰਕਲੀ ਦੇ ਵਿਚਕਾਰ ਜਾਕੇ ਉਹ ਬੱਘੀ ਤੋਂ ਉਤਰੇ। ਲਾਲ ਖਾਨ ਉਸਨੂੰ ਮੌਲਾਨਾ ਬਰਕਤ ਉਲਾ ਦੇ ਘਰ ਪਹੁੰਚਾ ਕੇ ਤੇ ਸਰਸਰੀ ਜਿਹੀ ਜਾਣ ਪਛਾਣ ਕਰਾਕੇ ਮੁੜ ਬੱਘੀ ਵਿਚ ਜਾ ਬੈਠਿਆ।

ਮੌਲਾਨਾ ਬਰਕਤ ਉਲਾ ਉਸਨੂੰ ਬੜੇ ਹੀ ਪਰੇਮ ਨਾਲ ਮਿਲੇ। ਉਹਨਾਂ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ ਤੇ ਬਾਹਰਲਾ ਦਰਵਾਜ਼ਾ ਅੰਦਰੋਂ ਬੰਦ ਕਰਕੇ ਪਿਛਲੇ ਅੰਦਰ ਇਕ ਪਲੰਘ ਤੇ ਜਾ ਬੈਠੇ।

'ਸਣਾਓ ਤੁਹਾਡੀ ਕੀ ਸੇਵਾ ਕਰੀਏ ਕੀ ਮੈਂ ਤੁਹਾਡਾ ਨਾਮ ਪੁਛ ਸਕਦਾ ਹਾਂ ?' ਮਲਾ ਬਰਕਤ ਉਲਾ ਨੇ ਪੁਛਿਆ।

'ਮੈਂ ਮਲੇਰਕੋਟਲੇ ਤੋਂ ਆਇਆ ਹਾਂ, ਨਵਾਬ ਸਾਹਿਬ ਦੇ ਪ੍ਰਵਾਰ ਨਾਲ ਮੇਰਾ ਸਬੰਧ ਹੈ। ਇਹ ਸੁਣਕੇ ਕਿ ਬਾਦਸ਼ਾਹ ਬਹਾਦਰ ਸ਼ਾਹ ਸੰਨੀਆਂ ਤੇ ਅਤਿਆਚਾਰ ਕਰ ਰਿਹਾ ਹੈ। ਨਵਾਬ ਸਾਹਿਬ ਨੇ ਮੈਨੂੰ ਤੁਹਾਡੀ ਸੇਵਾ ਵਿਚ ਭੇਜਿਆ ਹੈ। ਮੇਰਾ ਨਾਮ ਸ਼ੌਕਤ ਹਿਯਾਤ ਹੈ।' ਕਰਤਾਰ ਸਿੰਘ ਕਹਾਣੀ ਘੜ ਕੇ ਸੁਣਾਉਂਦਾ ਚਲਿਆ ਗਿਆ।

'ਬਾਦਸ਼ਾਹ ਬਹਾਦਰ ਸ਼ਾਹ ਨੇ ਤਾਂ ਬੁਚੜਾਂ ਨੂੰ ਭੀ ਮਾਤ ਪਾ ਦਿੱਤਾ ਹੈ, ਉਹ ਪਾਗਲ ਹੋ ਗਿਆ ਹੈ। ਇਉਂ ਜਾਪਦਾ ਹੈ ਕਿ ਉਹਦਾ ਅੰਤ ਨੇੜੇ ਆ ਗਿਆ ਹੈ।' ਮੌਲਾਨਾ ਬਰਕਤ ਉਲਾ ਦੇ ਬੋਲਾਂ ਵਿਚੋਂ ਗੁੱਸਾ ਉਛਾਲੇ ਮਾਰ ਰਿਹਾ ਸੀ।

'ਮੌਲਾਨਾ ਸਾਹਿਬ ਸਾਡੇ ਨਵਾਬ ਸਾਹਿਬ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਬੇਟਿਆਂ ਦੇ ਕਤਲ ਦੇ ਮੌਕੇ ਤੇ ਜੋ ਆਹ ਦਾ ਨਾਅਰਾ ਮਾਰਿਆ ਸੀ, ਉਸ ਕਰਕੇ ਸਿੱਖ ਮਲੇਰਕੋਟਲੇ ਤੇ ਬੜੇ ਮੇਹਰਬਾਨ ਹਨ। ਉਹਨਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾਈ ਤੇ ਆਲੇ ਦੁਆਲੇ ਦੇ ਇਲਾਕੇ ਨੂੰ ਭੀ ਲੁਟਿਆ ਤੇ ਮਾਰਿਆ, ਪਰੰਤ ਮਲੇਰਕੋਟਲਾ ਵਲ ਉਂਗਲੀ ਭੀ ਨਹੀਂ ਕੀਤੀ ਬੰਦਾ ਸਿੰਘ ਬਹਾਦਰ ਸਗੋਂ ਨਵਾਬ ਸਾਹਿਬ ਦਾ ਧੰਨਵਾਦ ਕਰਨ ਲਈ ਆਪ ਚਲਕੇ ਮਲੇਰਕੋਟਲੇ ਆਏ ਤੇ ਇਕ ਲਖ ਰੁਪਿਆ ਇਨਾਮ ਭੀ ਦੇ ਗਏ।' ਕਰਤਾਰ ਸਿੰਘ ਸ਼ੌਕਤ ਹਯਾਤ ਦੇ ਰੂਪ ਵਿਚ ਕਹਿੰਦਾ ਚਲਿਆ ਗਿਆ।

'ਹਾਂ ਠੀਕ ਹੈ, ਨੇਕੀ ਦਾ ਬਦਲਾ ਆਖਰ ਨੂੰ ਜ਼ਰੂਰ ਨੇਕੀ ਵਿਚ ਮਿਲਦਾ ਹੈ। ਸਿਆਣਿਆਂ ਨੇ ਠੀਕ ਹੀ ਕਿਹਾ ਹੈ ਕਿ ਕਰ ਭਲਾ ਹੋਵੇ ਭਲਾ।' ਮੌਲਾਨਾ ਬਰਕਤ ਉਲਾ ਕਹਿੰਦੇ ਗਏ।

'ਮੌਲਾਨਾ ਸਾਹਿਬ ਗਲ ਸੰਖੇਪ ਵਿਚ ਮੁਕਾਈਏ। ਨਵਾਬ ਸਾਹਿਬ ਨੇ ਸਿੱਖ ਜਰਨੈਲ ਨਾਲ ਤੁਹਾਡੀ ਸਹਾਇਤਾ ਲਈ ਲਾਹੌਰ ਫਜ ਭੇਜਣ ਲਈ ਬੇਨਤੀ ਕੀਤੀ ਹੈ, ਤੇ ਉਹ ਇਸ ਸ਼ਰਤ ਤੇ ਮੰਨ ਗਏ ਹਨ ਕਿ ਤੁਸੀਂ ਉਹਨਾਂ ਦੀ ਫੌਜ ਨੂੰ ਪੂਰਾ ਪੂਰਾ ਸਹਿਯੋਗ ਦਿਉਗੇ ਤੇ ਸਹਾਇਤਾ ਕਰੋਗੇ।' ਕਰਤਾਰ ਸਿੰਘ ਕਹਾਣੀ ਬਨਾਉਂਦਾ ਚਲਿਆ ਗਿਆ।

ਮੌਲਾਨਾ ਬਰਕਤ ਉਲਾ ਨੇ ਇਕ ਠੰਢਾ ਹਉਕਾ ਭਰਿਆ। ਉਸਨੇ ਕਿਹਾ-'ਜਨਾਬ ਅਸਾਡੇ ਲਈ ਇਸ ਤੋਂ ਬਿਨਾਂ ਚਾਰਾ ਹੀ ਕੋਈ ਨਹੀਂ ਰਹਿ ਗਿਆ। ਇਸ ਪਾਗਲ ਨੇ ਇਸ ਇਸਲਾਮੀ ਸਲਤਨਤ ਦਾ ਤਾਂ ਬੇੜਾ ਗਰਕ ਕਰ ਦਿੱਤਾ ਹੈ। ਰਾਜ ਹੁਣ ਸਿੱਖਾਂ ਨੇ ਹੀ ਕਰਨਾ ਹੈ। ਅਸੀਂ ਉਹਨਾਂ ਦੀ ਜ਼ਰੂਰ ਮਦਦ ਕਰਾਂਗੇ।'

'ਸਿੱਖ ਜਾਲਮ ਨਹੀਂ ਹਨ ਉਹ ਮਿਤਰਾਂ ਦੀ ਹਮੇਸ਼ਾ ਕਦਰ ਕਰਦੇ ਹਨ ਕਰਤਾਰ ਸਿੰਘ ਨੇ ਗਲ ਮੇਲੀ। ਪਰ ਮੈਂ ਤਾਂ ਸੁਣਿਆ ਹੈ ਕਿ ਸਰਹੰਦ, ਸਢੋਰਾ ਤੇ ਲੋਹਗੜ ਆਦਿ ਉਹਨਾਂ ਦੇ ਹਥੋਂ ਨਿਕਲ ਗਏ ਹਨ ! ਮੌਲਾਨਾ ਨੇ ਆਖਿਆ।

'ਮੌਲਾਨਾ ਸਾਹਿਬ ਆਰਜ਼ੀ ਗਲਾਂ ਹਨ। ਬਾਬਾ ਬੰਦਾ ਸਿੰਘ ਨੇ ਹੁਣ ਫੇਰ ਪਹਾੜੀ ਰਿਆਸਤਾਂ ਵਿਚ ਪੈਰ ਜਮਾ ਕੇ ਆਪਣੀ ਤਾਕਤ ਵਿਚ ਭਾਰੀ ਵਾਧਾ ਕਰ ਲਿਆ ਹੈ ਉਹ ਕਿਸੇ ਵੇਲੇ ਵੀ ਨਾ ਕੇਵਲ ਉਹਨਾਂ ਇਲਾਕਿਆਂ ਨੂੰ ਵਾਪਸ ਲੈ ਲੈਣਗੇ, ਸਗੋਂ ਲਾਹੌਰ ਵਿਚ ਭੀ ਆ ਵੜਣਗੇ। ਇਸ ਸਮੇਂ ਸਿੱਖ ਪਹਾੜੀ ਰਿਆਸਤਾਂ, ਰਾਜਪੂਤ ਨੇ ਜੰਮੂ, ਮਾਝੇ, ਮਾਲਵੇ ਤੇ ਦੁਆਬੇ ਵਿਚ ਖਿਲਰੇ ਹੋਏ ਹਨ, ਇਹਨਾਂ ਸਾਰਿਆਂ ਨੂੰ ਇਕਠਿਆਂ ਕੀਤਾ ਜਾ ਰਿਹਾ ਹੈ।' ਕਰਤਾਰ ਸਿੰਘ ਦਸਦਾ ਗਿਆ, ਮੌਲਾਨਾ ਬਰਕਤ ਉਲਾ ਬੜੇ ਗਹੁ ਨਾਲ ਗਿਆ।

'ਗੱਲ ਮੁਕੀ ਅਸਾਡੀ ਵਲੋਂ ਉਹਨਾਂ ਨੂੰ ਲਾਹੌਰ ਪੁਜਣ ਦਾ ਸੱਦਾ ਦੇ ਦਿਓ। ਅਸੀ ਅੱਜ ਹੀ ਬਟਾਲਾ ਤੇ ਕਲਾਨੌਰ ਵਿਚ ਆਪਣੇ ਆਪਣੇ ਆਦਮੀਆਂ ਨੂੰ ਸੁਨੇਹੇ ਭੇਜ ਦੇਂਦੇ ਹਾਂ ਕਿ ਸਿੱਖ ਆਉਣ ਤਾਂ ਉਹਨਾਂ ਦੀ ਮਦਦ ਕੀਤੀ ਜਾਵੇ।' ਮੌਲਾਨਾ ਬਰਕਤ ਉਲਾ ਨੇ ਕਿਹਾ-'ਆਉਣਗੇ ਤਾਂ ਉਹ ਪਹਾੜ ਤੇ ਏਸੇ ਹੀ ਰਸਤੇ।'

'ਇਸਦੀ ਖਬਰ ਤੁਹਾਨੂੰ ਪਹਿਲਾਂ ਮਿਲ ਜਾਵੇਗੀ।' ਕਰਤਾਰ ਸਿੰਘ ਨੇ ਕਿਹਾ।

ਮੌਲਾਨਾ ਬਰਕਤ ਉਲਾ ਨੇ ਉਠਕੇ ਲੋਹੇ ਦੀ ਅਲਮਾਰੀ ਖੋਹਲੀ ਤੇ ਉਸ ਵਿਚੋਂ ਇਕ ਥੈਲੀ ਕਢਕੇ ਉਸਦੇ ਹੱਥ ਵਿਚ ਦੇ ਦਿੱਤੀ। ਉਸਨੇ ਕਿਹਾ-'ਇਹ ਦਸ ਹਜ਼ਾਰ ਰੁਪਏ ਹਾਲਾਂ ਸਿੱਖਾਂ ਦੇ ਜਰਨੈਲ ਨੂੰ ਅਸਾਡੀ ਵਲੋਂ ਨਜ਼ਰਾਨਾ ਪੁਚਾ ਦੇਣਾ ਅਸੀਂ ਉਹਨਾਂ ਲਈ ਹੋਰ ਰੁਪਏ ਭੀ ਇਕਠੇ ਕਰ ਦਿਆਂਗੇ।'

(ਚਲਦਾ...)

# ਦੋ ਮਹਾਂਦੀਪਾਂ ਵਿਚ ਪਸਰਿਆ ਇਲਾਕਾ ਇਸਤੰਬੁਲ

**- ਬਲਰਾਜ ਸਿੰਘ ਸਿਧੂ**

**ਸਫ਼ਰਨਾਮਾ**

ਤੁਰਕੀ ਦੇ ਸਭ ਤੋਂ ਵੱਡੇ ਸ਼ਹਿਰ ਇਸਤੰਬੁਲ (ਮੁੱਢਲਾ ਨਾਂਅ ਕੌਂਸਟੈਂਟੀਨੋਪੋਲ) ਨੂੰ ਇਹ ਮਾਣ ਹਾਸਲ ਹੈ ਕਿ ਇਹ ਸੰਸਾਰ ਦਾ ਵਾਹਿਦ ਸ਼ਹਿਰ ਹੈ ਜੋ ਦੋ ਮਹਾਂਦੀਪਾਂ, ਏਸ਼ੀਆ ਅਤੇ ਯੂਰਪ ਵਿਚ ਫੈਲਿਆ ਹੋਇਆ ਹੈ। ਇਸ ਦਾ ਨੀਂਹ ਪੱਥਰ 11 ਮਈ, ਸੰਨ 330 ਈਸਵੀ ਵਿਚ ਬਾਈਜ਼ਨਟਾਈਨ ਸਾਮਰਾਜ ਦੇ ਪ੍ਰਸਿੱਧ ਸਮਰਾਟ ਕੌਂਨਸਟੈਂਟੀਨ ਮਹਾਨ ਨੇ ਰੱਖਿਆ ਸੀ। ਸਿਲਕ ਰੋਡ ’ਤੇ ਪੈਂਦਾ ਹੋਣ ਕਾਰਨ ਬਾਈਜ਼ਨਟਾਈਨ ਸਾਮਰਾਜ ਦੀ ਰਾਜਧਾਨੀ ਇਹ ਸ਼ਹਿਰ 14 ਸਦੀਆਂ ਤੱਕ ਯੂਰਪ ਦਾ ਸਭ ਤੋਂ ਵੱਧ ਆਬਾਦੀ ਵਾਲਾ ਖ਼ੁਸ਼ਹਾਲ ਸ਼ਹਿਰ ਰਿਹਾ। ਸੰਨ 1453 ਵਿਚ ਤੁਰਕੀ ਦੇ ਸੁਲਤਾਨ ਮਹਿਮੂਦ ਦੂਸਰੇ ਨੇ ਇਸ ’ਤੇ ਕਬਜ਼ਾ ਜਮਾ ਲਿਆ ਤੇ ਇਸ ਦਾ ਨਾਂਅ ਬਦਲ ਕੇ ਇਸਤੰਬੋਲ ਕਰ ਦਿੱਤਾ। ਇਸ ਵੇਲੇ ਇਸ ਦੀ ਆਬਾਦੀ ਇਕ ਕਰੋੜ ਸੱਠ ਲੱਖ ਹੈ ਤੇ ਇਹ 2576 ਵਰਗ ਕਿ.ਮੀ. ਵਿਚ ਫੈਲਿਆ ਹੋਇਆ ਹੈ। ਇਸ ਦੇ ਇਕ ਪਾਸੇ ਕਾਲਾ ਸਾਗਰ ਹੈ ਤੇ ਦੂਸਰੇ ਪਾਸੇ ਭੂ-ਮੱਧ ਸਾਗਰ। ਬਾਸਫੋਰਸ ਦੀ 300 ਮੀਟਰ ਚੌੜੀ ਖਾੜੀ ਇਸ ਦੇ ਯੂਰਪੀਨ ਅਤੇ ਏਸ਼ੀਅਨ ਹਿੱਸੇ ਨੂੰ ਦੋ ਭਾਗਾਂ ਵਿਚ ਵੰਡਦੀ ਹੈ। ਇਸ ਦੀ ਖ਼ੂਬਸੂਰਤੀ ਨੂੰ ਵੇਖਣ ਵਾਸਤੇ ਹਰ ਸਾਲ ਦੋ ਕਰੋੜ ਤੋਂ ਵੱਧ ਸੈਲਾਨੀ ਆਉਂਦੇ ਹਨ। ਇਸਤੰਬੋਲ ਵਿਚ ਸੈਂਕੜੇ ਹੀ ਵਿਸ਼ਵ ਪ੍ਰਸਿੱਧ ਵੇਖਣਯੋਗ ਸਮਾਰਕ ਹਨ ਪਰ ਹੇਠ ਲਿਖੇ ਸਮਾਰਕ ਸਭ ਤੋਂ ਵੱਧ ਪ੍ਰਸਿੱਧ ਹਨ।

ਹੇਗੀਆ ਸੋਫੀਆ ਅਜਾਇਬਘਰ-ਇਸਾਈ ਧਰਮ ਫਲਸਤੀਨ ਤੋਂ ਬਾਅਦ ਸਭ ਤੋਂ ਪਹਿਲਾਂ ਬਾਈਜ਼ਨਟਾਈਨ ਵਿਚ ਫੈਲਿਆ ਤੇ ਫਿਰ ਯੂਰਪ ਅਤੇ ਸਾਰੇ ਸੰਸਾਰ ਵਿਚ ਪਹੁੰਚ ਗਿਆ। ਬਾਈਜ਼ਨਟਾਈਨ ਸਮਰਾਟ ਕੌਂਨਸਟੈਂਟੀਨ ਇਸਾਈ ਬਣਨ ਵਾਲਾ ਸੰਸਾਰ ਦਾ ਪਹਿਲਾ ਰਾਜਾ ਸੀ। ਉਸ ਨੇ ਹੇਗੀਆ ਸੋਫੀਆ ਚਰਚ ਦੀ ਉਸਾਰੀ 15 ਫਰਵਰੀ , ਸੰਨ 360 ਈਸਵੀ ਵਿਚ ਸ਼ੁਰੂ ਕਰਵਾਈ ਜੋ ਸੰਨ 537 ਵਿਚ 230 ਸਾਲ ਬਾਅਦ ਸਮਰਾਟ ਜਸਟੀਨੀਅਨ ਦੇ ਰਾਜ ਦੌਰਾਨ ਮੁਕੰਮਲ ਹੋਈ। ਸ਼ੁਰੂ ਵਿਚ ਇਹ ਛੋਟੀ ਜਿਹੀ ਚਰਚ ਸੀ ਪਰ ਆਉਣ ਵਾਲੇ ਸਾਲਾਂ ਵਿਚ ਇਸ ਦਾ ਐਨਾ ਵਿਸਤਾਰ ਕੀਤਾ ਗਿਆ ਕਿ ਇਹ ਇਸਾਈ ਧਰਮ ਦਾ ਕੇਂਦਰ ਬਿੰਦੂ ਬਣ ਗਈ। ਮੁੱਖ ਚਰਚ ਦੀ ਲੰਬਾਈ 82 ਮੀਟਰ, ਚੌੜਾਈ 73 ਮੀਟਰ ਅਤੇ ਉਚਾਈ 55 ਮੀਟਰ ਹੈ। ਇਸ ਦੀ ਸਾਰੀ ਉਸਾਰੀ ਸਫ਼ੈਦ ਐਸ਼ਲਰ ਪੱਥਰ ਨਾਲ ਕੀਤੀ ਗਈ ਹੈ। ਇਸਤੰਬੋਲ ਦੀ ਜਿੱਤ ਤੋਂ ਬਾਅਦ ਸੰਨ 1453 ਵਿਚ ਸੁਲਤਾਨ ਮਹਿਮੂਦ ਨੇ ਇਸ ਨੂੰ ਮਸਜਿਦ ਵਿਚ ਤਬਦੀਲ ਕਰ ਦਿੱਤਾ। 1923 ਦੌਰਾਨ ਤੁਰਕੀ ਵਿਚ ਰਾਜ ਪਲਟਾ ਹੋ ਗਿਆ ਤੇ ਰਾਜਸ਼ਾਹੀ ਨੂੰ ਹਟਾ ਕੇ ਲੋਕਤੰਤਰੀ ਸਰਕਾਰ ਹੋਂਦ ਵਿਚ ਆ ਗਈ। ਪਹਿਲੇ ਪ੍ਰਧਾਨ ਮੰਤਰੀ ਕਮਾਲ ਅਤਾਤੁਰਕ ਨੇ 1 ਫਰਵਰੀ, 1935 ਵਿਚ ਇਸ ਨੂੰ ਅਜਾਇਬਘਰ ਵਿਚ ਤਬਦੀਲ ਕਰ ਦਿੱਤਾ। ਹੁਣ ਇਸ ਨੂੰ ਹਰ ਸਾਲ 40 ਲੱਖ ਤੋਂ ਵੱਧ ਸੈਲਾਨੀ ਵੇਖਣ ਲਈ ਆਉਂਦੇ ਹਨ। ਇਸ ਦੇ ਵਿਸ਼ਾਲ ਗੁੰਬਦ ਅਤੇ ਸ਼ਾਨਦਾਰ ਮੀਨਾਰ ਹਨ। ਇਸ ਦੇ ਅੰਦਰ ਅਤੇ ਬਾਹਰ ਇਸਾਈ ਤੇ ਮੁਸਲਿਮ ਧਰਮ ਨਾਲ ਸਬੰਧਿਤ ਲਾਮਿਸਾਲ ਚਿੱਤਰਕਾਰੀ, ਬੁੱਤ-ਤਰਾਸ਼ੀ ਅਤੇ ਮੀਨਾਕਾਰੀ ਕੀਤੀ ਗਈ ਹੈ। 1985 ਵਿਚ ਇਸ ਨੂੰ ਯੂਨੈਸਕੋ ਵੱਲੋਂ ਵਰਲਡ ਹੈਰੀਟੇਜ ਸਾਈਟ ਘੋਸ਼ਿਤ ਕੀਤਾ ਗਿਆ ਸੀ।



ਤੋਪਕਾਪੀ ਪੈਲੇਸ-ਤੋਪਕਾਪੀ ਪੈਲੇਸ ਦੀ ਉਸਾਰੀ ਸੁਲਤਾਨ ਮਹਿਮੂਦ ਦੂਸਰੇ ਨੇ ਤੁਰਕੀ ਦੇ ਸੁਲਤਾਨਾਂ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ ਵਜੋਂ ਸੰਨ 1478 ਵਿਚ ਕਰਵਾਈ ਸੀ ਤੇ ਇਹ ਇਸਤੰਬੋਲ ਦੇ ਫਤਿਹ ਜ਼ਿਲੇ ਵਿਚ ਸਥਿਤ ਹੈ। ਇਸ ਦਾ ਕੁੱਲ ਖੇਤਰਫਲ ਕਰੀਬ ਸੱਤ ਲੱਖ ਵਰਗ ਮੀਟਰ ਹੈ। ਵੱਖ-ਵੱਖ ਸੁਲਤਾਨਾਂ ਦੁਆਰਾ ਇਸ ਦਾ ਵਿਸਥਾਰ ਸੰਨ 1665 ਤੱਕ ਜਾਰੀ ਰਿਹਾ। ਇਸ ਦੇ ਚਾਰ ਮੁੱਖ ਹਿੱਸੇ ਅਤੇ ਕੁਝ ਛੋਟੀਆਂ ਇਮਾਰਤਾਂ ਹਨ। ਸੁਲਤਾਨ ਦੇ ਹਰਮ ਦੀ ਇਮਾਰਤ ਸਭ ਤੋਂ ਸ਼ਾਨਦਾਰ ਹੈ। ਸੰਨ 1856 ਤੱਕ ਇਹ ਸੁਲਤਾਨਾਂ ਦੀ ਸਰਕਾਰੀ ਰਿਹਾਇਸ਼ ਬਣਿਆ ਰਿਹਾ ਜਦ ਤੱਕ ਸੁਲਤਾਨ ਅਬਦੁਲ ਮਾਜਿਦ ਨੇ ਆਪਣੀ ਰਿਹਾਇਸ਼ ਨਵੇਂ ਬਣੇ ਡੋਮਬੈਸ਼ ਮਹਿਲ ਵਿਚ ਨਾ ਤਬਦੀਲ ਕਰ ਲਈ। 1924 ਵਿਚ ਤੋਪਕਾਈ ਪੈਲੇਸ ਨੂੰ ਵੀ ਅਜਾਇਬਘਰ ਵਿਚ ਤਬਦੀਲ ਕਰ ਦਿੱਤਾ ਗਿਆ। ਇਸ ਪੈਲੇਸ ਵਿਚ ਸੈਂਕੜੇ ਬੈੱਡਰੂਮ, ਦਫ਼ਤਰ ਅਤੇ ਇਕ ਮੁੱਖ ਦਰਬਾਰ ਹਾਲ ਹੈ। ਆਟੋਮਾਨ ਕਾਲ ਦੇ ਸ਼ਾਹੀ ਕੱਪੜੇ, ਹਥਿਆਰ, ਜਿਰਾ ਬਖਤਰ, ਇਤਿਹਾਸਕ ਦਸਤਾਵੇਜ਼, ਧਾਰਮਿਕ ਪੋਥੀਆਂ ਸਮੇਤ ਸੰਸਾਰ ਪ੍ਰਸਿੱਧ ਸਪੂਨਮੇਕਰ ਹੀਰਾ ਅਤੇ ਤੋਪਕਾਈ ਖੰਜਰ ਇੱਥੇ ਪ੍ਰਦਰਸ਼ਿਤ ਹਨ। ਇਹ ਵੀ ਯੂਨੈਸਕੋ ਦੀ ਵਰਲਡ ਹੈਰੀਟੇਜ਼ ਸਾਈਟ ਹੈ।

ਨੀਲੀ ਮਸਜਿਦ (ਸੁਲਤਾਨ ਅਹਿਮਦ ਮਸਜਿਦ)-ਇਸ ਮਸਜਿਦ ਦੀ ਉਸਾਰੀ 1616 ਈਸਵੀ ਵਿਚ ਸੁਲਤਾਨ ਅਹਿਮਦ ਵੱਲੋਂ ਕਰਵਾਈ ਗਈ ਸੀ। ਹਰ ਰੋਜ਼ ਨਮਾਜ਼ ਅਦਾ ਕਰਨ ਵਾਲੇ ਮੋਮਨਾਂ ਤੋਂ ਇਲਾਵਾ ਹਜ਼ਾਰਾਂ ਟੂਰਿਸਟ ਇਸ ਨੂੰ ਵੇਖਣ ਲਈ ਆਉਂਦੇ ਹਨ। ਇਸ ਦੇ ਅੰਦਰ ਸੁਲਤਾਨ ਅਹਿਮਦ ਦੀ ਕਬਰ, ਇਕ ਮਦਰਸਾ ਅਤੇ ਦੇਸੀ ਦਵਾਖ਼ਾਨਾ ਚੱਲ ਰਿਹਾ ਹੈ। ਮਸਜਿਦ ਦੇ ਗੁੰਬਦਾਂ ’ਤੇ ਨੀਲੀਆਂ ਟਾਈਲਾਂ ਲੱਗੀਆਂ ਹੋਣ ਕਾਰਨ ਇਸ ਨੂੰ ਨੀਲੀ ਮਸਜਿਦ ਕਿਹਾ ਜਾਂਦਾ ਹੈ। ਇਸ ਦੇ 13 ਗੁੰਬਦ, 6 ਮੀਨਾਰ, ਸੈਂਕੜੇ ਪਿੱਲਰ ਅਤੇ 300 ਵੱਡੀਆਂ ਖਿੜਕੀਆਂ ਹਨ ਤੇ ਇਹ ਹੇਗੀਆ ਸੋਫੀਆ ਦੇ ਨਜ਼ਦੀਕ ਸਥਿਤ ਹੈ। ਇਸ ਦੀ ਭਵਨ ਨਿਰਮਾਣ ਕਲਾ ’ਤੇ ਹੇਗੀਆ ਸੋਫੀਆ ਦਾ ਪ੍ਰਭਾਵ ਸਪਸ਼ਟ ਵੇਖਣ ਨੂੰ ਮਿਲਦਾ ਹੈ। ਇਸ ਮਸਜਿਦ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਿਰਫ਼ ਸੁਲਤਾਨ ਨੂੰ ਘੋੜੇ ’ਤੇ ਚੜ ਕੇ ਦਾਖਲ ਹੋਣ ਦੀ ਇਜਾਜ਼ਤ ਸੀ। ਇਸ ਮਸਜਿਦ ਦਾ ਨਿਰਮਾਣ ਇਸ ਢੰਗ ਨਾਲ ਕੀਤਾ ਗਿਆ ਹੈ ਕਿ ਸਾਰੇ ਨਮਾਜ਼ੀ ਇਮਾਮ ਨੂੰ ਹਰ ਕੋਨੇ ਤੋਂ ਵੇਖ ਅਤੇ ਸੁਣ ਸਕਦੇ ਹਨ। 2020 ਵਿਚ ਇਸ ਦੀ ਵੱਡੇ ਪੱਧਰ ’ਤੇ ਮੁਰੰਮਤ ਕੀਤੀ ਗਈ ਹੈ।

ਗਰੈਂਡ ਬਜ਼ਾਰ - ਗਰੈਂਡ ਬਾਜ਼ਾਰ ਸੰਸਾਰ ਦਾ ਸਭ ਤੋਂ ਵੱਡਾ ਢਕਿਆ ਹੋਇਆ ਬਾਜ਼ਾਰ ਹੈ। 30700 ਵਰਗ ਮੀਟਰ ਵਿਚ ਫੈਲੇ ਇਸ ਬਾਜ਼ਾਰ ਦੀਆਂ 61 ਗਲੀਆਂ ਅਤੇ 4000 ਦੁਕਾਨਾਂ ਪੱਥਰ ਦੀ ਮੇਹਰਾਬਦਾਰ ਛੱਤ ਨਾਲ ਢਕੀਆਂ ਹੋਈਆਂ ਹਨ। ਇਹ ਸੰਸਾਰ ਪੱਧਰ ’ਤੇ ਐਨਾ ਪ੍ਰਸਿੱਧ ਹੈ ਕਿ ਰੋਜ਼ਾਨਾ ਪੰਜ ਲੱਖ ਤੋਂ ਵੱਧ ਸੈਲਾਨੀ ਇਸ ਨੂੰ ਵੇਖਣ ਅਤੇ ਖ਼ਰੀਦਦਾਰੀ ਕਰਨ ਲਈ ਆਉਂਦੇ ਹਨ। ਇਸ ਨੂੰ ਸੰਸਾਰ ਦਾ ਪਹਿਲਾ ਸ਼ਾਪਿੰਗ ਮਾਲ ਮੰਨਿਆ ਜਾਂਦਾ ਹੈ। ਇਹ ਕਿਲੇ ਅੰਦਰਲੇ ਪੁਰਾਣੇ ਸ਼ਹਿਰ ਵਿਚ ਸਥਿਤ ਹੈ। ਜ਼ਿਆਦਾਤਰ ਕੱਪੜਿਆਂ ਦੀਆਂ ਦੁਕਾਨਾਂ ਹੋਣ ਕਾਰਨ ਇਸ ਦਾ ਤੁਰਕੀ ਨਾਂਅ ਕੈਵਾਹਰ ਬਦਸਤਾਨ (ਕੱਪੜੇ ਦੀ ਮੰਡੀ) ਹੈ। ਮੁੱਢਲੇ ਰੂਪ ਵਿਚ ਇਸ ਦੀ ਉਸਾਰੀ 1455 ਵਿਚ ਸੁਲਤਾਨ ਮਹਿਮੂਦ ਨੇ ਸ਼ੁਰੂ ਕਰਵਾਈ ਜੋ 1461 ਵਿਚ ਖ਼ਤਮ ਹੋਈ। ਸਦੀਆਂ ਤੱਕ ਇਸ ਦਾ ਵਿਸਥਾਰ ਹੁੰਦਾ ਰਿਹਾ ਹੈ। ਇਸ ਬਾਜ਼ਾਰ ਦੇ 18 ਗੇਟ ਹਨ ਜੋ ਰਾਤ 10 ਵਜੇ ਤੋਂ ਲੈ ਕੇ ਅਗਲੀ ਸਵੇਰ 8 ਵਜੇ ਤੱਕ ਬੰਦ ਰਹਿੰਦੇ ਸਨ। ਇਸ ਵੇਲੇ ਇੱਥੇ ਮੁੱਖ ਤੌਰ ’ਤੇ ਗਹਿਣੇ, ਕੱਪੜੇ, ਇਤਰ ਅਤੇ ਮਸਾਲਿਆਂ ਸਮੇਤ ਰੋਜ਼ਮਰਾ ਦੀ ਤਕਰੀਬਨ ਹਰ ਜ਼ਰੂਰਤ ਦੀ ਵਸਤੂ ਵਿਕਦੀ ਹੈ। ਬਾਸੀਲੀਕਾ ਜਲ ਭੰਡਾਰ-ਪੁਰਾਤਨ ਇੰਜੀਨੀਅਰਿੰਗ ਕਲਾ ਦੀ ਮਿਸਾਲ ਬਾਸੀਲੀਕਾ ਜਲ ਭੰਡਾਰ ਪੁਰਾਣੇ ਇਸਤੰਬੋਲ ਦੇ ਪੀਣ ਵਾਲੇ ਪਾਣੀ ਦੀ ਜ਼ਰੂਰਤ ਪੂਰੀ ਕਰਨ ਵਾਲਾ ਵਿਸ਼ਾਲ ਜ਼ਮੀਨਦੋਜ਼ ਭੰਡਾਰ ਹੈ ਜਿਸ ਦੀ ਉਸਾਰੀ 6ਵੀਂ ਸਦੀ ਵਿਚ ਸਮਰਾਟ ਜਸਟੀਨੀਅਨ ਦੁਆਰਾ ਹੈਗੀਆ ਸੋਫੀਆ ਤੋਂ ਕਰੀਬ 150 ਮੀਟਰ ਦੂਰ ਕਰਵਾਈ ਗਈ ਸੀ। ਇਹ ਜਲ ਭੰਡਾਰ 138 ਮੀਟਰ ਲੰਬਾ, 65 ਮੀਟਰ ਚੌੜਾ ਅਤੇ 9 ਮੀਟਰ ਡੂੰਘਾ ਹੈ ਤੇ ਇਸ ਵਿਚ ਉੱਤਰਨ ਲਈ 52 ਪੌੜੀਆਂ ਬਣੀਆਂ ਹੋਈਆਂ ਹਨ। ਇਸ ਦੀ 28 ਲੱਖ ਕਿਊਬਕ ਫੁੱਟ ਪਾਣੀ ਸਟੋਰ ਕਰਨ ਦੀ ਸਮਰੱਥਾ ਹੈ। ਇਸ ਦੀ ਛੱਤ ਨੂੰ ਸਹਾਰਾ ਦੇਣ ਲਈ ਸ਼ਾਨਦਾਰ ਮੀਨਾਕਰੀ ਵਾਲੇ 336 ਸੰਗਮਰਮਰ ਦੇ ਖੰਭੇ ਬਣੇ ਹੋਏ ਹਨ। ਇਸ ਜਲ ਭੰਡਾਰ ਨੂੰ 15000 ਗ਼ੁਲਾਮਾਂ ਨੇ 10 ਸਾਲ ਦੀ ਕਰੜੀ ਮਿਹਨਤ ਤੋਂ ਬਾਅਦ ਤਿਆਰ ਕੀਤਾ ਸੀ। ਆਸ ਪਾਸ ਦੇ ਇਲਾਕੇ ਨੂੰ ਸੇਮ ਅਤੇ ਸਲਾਭੇ ਤੋਂ ਬਚਾਉਣ ਲਈ ਸਾਰੇ ਪਾਸੇ ਤੋਂ ਚਾਰ ਮੀਟਰ ਮੋਟੀਆਂ ਇੱਟਾਂ ਦੀ ਫ਼ਰਸ਼ ਨਾਲ ਸੀਲ ਕੀਤਾ ਗਿਆ ਹੈ। ਇਸ ਵਿਚ ਪਾਣੀ 19 ਕਿ.ਮੀ. ਦੂਰ ਤੋਂ ਧਰਤੀ ਹੇਠਲੀ ਨਹਿਰ ਰਾਹੀਂ ਬੈਲਗਰੇਡ ਜੰਗਲ ਦੇ ਚਸ਼ਮਿਆਂ ਤੋਂ ਆਉਂਦਾ ਹੈ। ਇਹ ਐਨਾ ਪ੍ਰਸਿੱਧ ਹੈ ਜੇਮਜ਼ ਬਾਂਡ ਦੀ ਫ਼ਿਲਮ ‘ਵਿੱਦ ਲਵ ਫਰਾਮ ਰਸ਼ੀਆ’ ਸਮੇਤ ਅਨੇਕਾਂ ਸੁਪਰਹਿੱਟ ਹਾਲੀਵੁੱਡ ਫ਼ਿਲਮਾਂ ਦੀ ਸ਼ੂਟਿੰਗ ਇੱਥੇ ਹੋ ਚੁੱਕੀ ਹੈ। ਇਸ ਦੇ ਉੱਪਰ ਇਕ ਸ਼ਾਨਦਾਰ ਬਗ਼ੀਚਾ ਲਗਾਇਆ ਗਿਆ ਹੈ।

ਡੋਮਬੈਸ਼ ਮਹਿਲ- ਡੋਮਬੈਸ਼ ਮਹਿਲ ਦੀ ਉਸਾਰੀ ਸੁਲਤਾਨ ਅਬਦੁਲਮੈਸਿਦ ਪਹਿਲੇ ਨੇ 1843 ਵਿਚ ਸ਼ੁਰੂ ਕਰਵਾਈ ਜੋ 1856 ਵਿਚ ਮੁਕੰਮਲ ਹੋਈ। ਸੁਲਤਾਨ ਅਬਦੁਲਮੈਸਿਦ ਦੁਨੀਆ ਘੁੰਮਣ ਦਾ ਬਹੁਤ ਸ਼ੌਕੀਨ ਸੀ। ਉਸ ਨੂੰ ਲੱਗਾ ਕਿ ਤੋਪਕਾਈ ਪੈਲੇਸ ਯੂਰਪੀਨ ਰਾਜਿਆਂ ਦੇ ਮਹਿਲਾਂ ਜਿੰਨਾ ਅਧੁਨਿਕ ਅਤੇ ਖ਼ੂਬਸੂਰਤ ਨਹੀਂ ਹੈ। ਡੋਮਬੈਸ਼ ਮਹਿਲ ਇਸਤੰਬੋਲ ਦੇ ਯੂਰਪੀਨ ਪਾਸੇ ਵੱਲ ਬਾਸਫੋਰਸ ਖਾੜੀ ਦੇ ਕਿਨਾਰੇ ’ਤੇ ਸਥਿਤ ਹੈ। ਇਸ ਮਹਿਲ ਦੀ ਉਸਾਰੀ ’ਤੇ ਅੱਜ ਦੇ ਹਿਸਾਬ ਨਾਲ 15 ਅਰਬ ਰੁਪਏ ਦੀ ਲਾਗਤ ਆਈ ਸੀ। ਇਹ ਉਸ ਵੇਲੇ ਤੁਰਕੀ ਦਾ ਇਕ ਸਾਲ ਦੇ ਬਜਟ ਦੇ ਬਰਾਬਰ ਸੀ। ਇਸ ਖਰਚੇ ਨੇ ਤੁਰਕੀ ਦੀ ਆਰਥਿਕ ਹਾਲਤ ਖ਼ਸਤਾ ਕਰ ਦਿੱਤੀ ਜੋ ਹੌਲੀ-ਹੌਲੀ ਇਸ ਨੂੰ ਬਰਬਾਦੀ ਵੱਲ ਲੈ ਗਈ ਤੇ ਪਹਿਲੇ ਸੰਸਾਰ ਯੁੱਧ ਵਿਚ ਤੁਰਕੀ ਦੀ ਲੱਕ-ਤੋੜਵੀਂ ਹਾਰ ਹੋਈ। ਇਸ ਕਾਰਨ ਡੋਮਬੈਸ਼ ਮਹਿਲ ਨੂੰ ਅੱਜ ਵੀ ਤੁਰਕੀ ਵਿਚ ਮਨਹੂਸ ਸਮਝਿਆ ਜਾਂਦਾ ਹੈ। 1938 ਵਿਚ ਇਸ ਨੂੰ ਆਮ ਜਨਤਾ ਲਈ ਖੋਲ ਦਿੱਤਾ ਗਿਆ। ਇਸ ਦਾ ਰਕਬਾ 12 ਏਕੜ ਹੈ ਤੇ ਇਸ ਵਿਚ 285 ਕਮਰੇ, 46 ਹਾਲ, 6 ਹਮਾਮ ਅਤੇ 68 ਟਾਇਲਟ ਹਨ। ਇਸ ਦੀ ਭਵਨ ਨਿਰਮਾਣ ਕਲਾ ਯੂਰਪੀਨ ਹੈ। ਕਲਾ ਦੇ ਹੋਰ ਨਾਯਾਬ ਨਮੂਨਿਆਂ ਸਮੇਤ ਮਹਿਲ ਵਿਚ ਸਾਰੇ ਸੰਸਾਰ ਪ੍ਰਸਿੱਧ ਚਿੱਤਰਕਾਰਾਂ ਦੇ ਬਣਾਏ ਹੋਏ ਦੁਰਲੱਭ ਚਿੱਤਰ ਲੱਗੇ ਹੋਏ ਹਨ। ਉਪਰੋਕਤ ਤੋਂ ਇਲਾਵਾ ਇਸਤੰਬੋਲ ਵਿਚ ਖਾਸ ਤੌਰ ’ਤੇ ਵੇਖਣਯੋਗ ਬਾਸਫੋਰਸ ਦੀ ਖਾੜੀ, ਗਲਾਤਾ ਟਾਵਰ, ਰੇਸਕੋਰਸ ਅਤੇ ਤਕਸਿਮ ਚੌਂਕ ਆਦਿ ਵਿਸ਼ਵ ਪ੍ਰਸਿੱਧ ਥਾਵਾਂ ਹਨ।

---

# ਪੰਜਾਬ

**- ਰਜਨੀਸ਼ ਗਰਗ**

(੯੦੪੧੨-੫੦੦੮੭)

ਕਾਫ਼ੀ ਸਮੇਂ ਤੋਂ ਇੱਕ ਗੱਲ ਦੀ ਸਮਝ ਨਹੀਂ ਸੀ ਆ ਰਹੀ ਜਦੋਂ ਵੀ ਮੈਂ ਕਦੇ ਪੰਜਾਬ ਦੇ ਇਤਿਹਾਸ ਨੂੰ ਪੜਦਾ ਹਾਂ ਜਾਂ ਕਦੇ ਕਿਸੇ ਤੋ ਸੁਣਦਾ ਹਾਂ। ਪੰਜਾਬ ਦਾ ਹਰ ਇੱਕ ਬੰਦਾ ਚਾਹੇ ਉਹ ਬੱਚਾ ਐ, ਚਾਹੇ ਉਹ ਨੌਜਵਾਨ ਐ ਚਾਹੇ ਉਹ ਬਜ਼ੁਰਗ ਤੇ ਚਾਹੇ ਉਹ ਕੋਈ ਔਰਤ ਐ ਉਸਨੇ ਕਦੇ ਵੀ ਆਪਣਾ ਜਜ਼ਬਾ ਆਪਣਾ ਹੌਂਸਲਾ ਨਹੀਂ ਹਾਰਿਆ। ਜਦੋਂ ਵੀ ਕਿਤੇ ਹੱਕ ਦੀ ਗੱਲ ਆਈ ਐ, ਪੰਜਾਬ ਦੀ ਗੱਲ ਆਈ, ਆਪਣੇ ਰੁਤਬੇ ਦੀ ਗੱਲ ਆਈ, ਵਧ ਚੜ ਕੇ ਸੰਘਰਸ਼ ’ਚ ਹਿੱਸਾ ਲਿਆ ਤੇ ਕੁਰਬਾਨੀ ਦੇਣ ਤੋਂ ਵੀ ਪਿਛਾਂਹ ਪੈਰ ਨਹੀਂ ਪੁੱਟਿਆ, ਪਰ ਫਿਰ ਵੀ ਹਰ ਵਾਰ ਜਿੱਤ ਕੇ ਵੀ ਕਿਉਂ ਪੰਜਾਬ ਦੀ ਧਰਤੀ ਲਾਚਾਰ ਤੇ ਬੇਵੱਸ ਹੋ ਜਾਂਦੀ ਐ। ਕਿਉਂ ਹਰ ਵਾਰ ਆਪਣੇ ਪੁੱਤਰਾਂ ਦੀ ਕੁਰਬਾਨੀਆਂ ਦੇਣ ਤੋਂ ਬਾਅਦ ਵੀ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਵਾ ਸਕੀ। ਕਿਉਂ ਕਿਸੇ ਗਿਣੇ ਚੁਣੇ ਕੁਝ ਬੰਦਿਆਂ ਦੀ ਗ਼ੁਲਾਮ ਹੋ ਕੇ ਰਹਿ ਜਾਂਦੀ ਐ। ਪਰ ਸ਼ਾਇਦ ਹੁਣ ਮੈਨੂੰ ਇਸ ਗੱਲ ਦੀ ਸਮਝ ਬਾਖ਼ੂਬੀ ਆ ਗਈ ਹੈ ਇਸ ਗ਼ੁਲਾਮੀ ਦਾ ਇੱਕੋ ਇੱਕ ਕਾਰਨ ਪੰਜਾਬ ਦੇ ਲੋਕਾਂ ਦਾ ਦਿਲ ਦਾ ਸਾਫ਼ ਤੇ ਭੋਲਾਪਣ ਹੈ। ਜੋ ਹਰ ਇੱਕ ਨੂੰ ਆਪਣੇ ਵਰਗਾ ਸਮਝਦਾ ਹੈ ਤੇ ਆਪਣੇ ਘਰ ਵਿਚ ਹੀ ਨਹੀਂ ਸਗੋਂ ਆਪਣੇ ਦਿਲ ’ਚ ਜਗਾ ਦੇ ਦਿੰਦਾ ਹੈ, ਸਿਰਫ਼ ਇਸੇ ਕਾਰਨ ਹਰ ਵਾਰ ਜਿੱਤਣ ਦੇ ਬਾਵਜੂਦ ਵੀ ਕਦੇ ਗੋਰਿਆਂ ਦੀ ਤੇ ਕਦੇ ਕਾਲਿਆਂ ਦੀ ਗ਼ੁਲਾਮ ਹੁੰਦੀ ਆਈ ਏ। ਪਰ ਇੱਕ ਗੱਲ ਹੋਰ ਉਹ ਕਹਿੰਦੇ ਹੁੰਦੇ ਆ, ਵੀ ਹਰ ਇੱਕ ਚੀਜ਼ ਦੀ ਕੋਈ ਸੀਮਾ ਕੋਈ ਹੱਦ ਹੁੰਦੀ ਐ, ਪਰ ਸ਼ਾਇਦ ਕੁਝ ਸ਼ਾਸਕ ਲੋਕ ਇਸ ਗੱਲ ਨੂੰ ਭੁੱਲ ਜਾਂਦੇ ਨੇ ਜੋ ਲੋਕ ਪਿਆਰ ਹੱਦੋਂ ਵੱਧ ਕਰ ਸਕਦੇ ਐ, ਉਹ ਨਫ਼ਰਤ ਦੀ ਵੀ ਸੀਮਾ ਤੋੜ ਸਕਦੇ ਐ। ਪਰ ਕੁਝ ਚੌਧਰ ਦੇ ਭੁੱਖੇ ਲੋਕ ਸਿਰਫ਼ ਆਪਣੇ ਬਾਰੇ ਸੋਚ ਕੇ ਭੋਲੇ-ਭਾਲੇ ਲੋਕਾਂ ਨੂੰ ਧਰਮਾਂ ਜਾਤਾਂ, ਅਮੀਰ-ਗ਼ਰੀਬ, ਊਚ -ਨੀਚ ਦੇ ਨਾਂ ’ਤੇ ਲੜਾਉਂਦੇ ਆਏ ਨੇ ਤੇ ਰਾਜ ਕਰਦੇ ਆਏ ਨੇ।

ਮੈਂ ਪੰਜਾਬ ਦੇ ਸੰਘਰਸ਼ਾਂ, ਯੋਧਿਆਂ, ਸੂਰਵੀਰਾਂ ਤੇ ਗੁਰੂਆਂ-ਪੀਰਾਂ ਬਾਰੇ ਬਹੁਤ ਕੁਝ ਸੁਣਿਆ ਤੇ ਪੜਿਆ ਸੀ, ਬਹੁਤ ਵਾਰ ਅਨੁਮਾਨ ਲਾਉਂਦਾ ਰਹਿੰਦਾ ਸੀ ਕਿ ਉਹ ਇੱਦਾਂ ਦੇ ਹੁੰਦੇ ਹੋਣਗੇ ਉਦਾਂ ਦੇ ਹੁੰਦੇ ਹੋਣਗੇ। ਉਨਾਂ ਦਾ ਰਹਿਣ ਸਹਿਣ ਵਿਚਰਣ ਸਾਡੇ ਨਾਲੋਂ ਕਾਫ਼ੀ ਅਲੱਗ ਹੁੰਦਾ ਹੋਵੇਗਾ, ਪਰ ਅੱਜ ਪੰਜਾਬ ਦਾ ਜੋ ਦਿੱਲੀ ਨਾਲ ਜੋ ਸੰਘਰਸ਼, ਜੋ ਸ਼ਾਂਤਮਈ ਤਰੀਕੇ ਨਾਲ ਇੱਕ ਯੁੱਧ ਛਿੜਿਆ ਹੋਇਆ ਉਸ ਤੋਂ ਪਤਾ ਲੱਗਦਾ ਵੀ ਪੰਜਾਬ ਦਾ ਹਰ ਇੱਕ ਨੌਜਵਾਨ, ਬੱਚਾ ਤੇ ਬਜ਼ੁਰਗ ਸੂਰਬੀਰ ਵੀ ਹੈ ਤੇ ਯੋਧਾ ਵੀ ਜੋ ਆਪਣੀ ਅਣਖ, ਆਪਣੀ ਜ਼ਮੀਰ ਤੇ ਆਪਣੇ ਲੋਕਾਂ, ਆਪਣੇ ਪੰਜਾਬ ਲਈ ਸਭ ਕੁਝ ਦਾਅ ’ਤੇ ਲਾਉਣ ਨੂੰ ਤਿਆਰ ਹੈ।

ਇਸ ਸੰਘਰਸ਼ ਤੋਂ ਇੱਕ ਹੋਰ ਗੱਲ ਵੀ ਸਾਫ਼ ਐ ਕਿ ਪੰਜਾਬ ਉੱਤੋਂ ਆਪਣੀ ਜਾਨ ਕੁਰਬਾਨ ਕਰਨ ਵਾਲੇ ਵੀ ਬਥੇਰੇ ਨੇ ਤੇ ਕੁਝ ਕੁ ਗਿਣੇ-ਚੁਣੇ ਬੰਦਿਆਂ ਨੂੰ ਛੱਡ ਕੇ ਪੰਜਾਬ ਨੂੰ ਲੁੱਟਣ ਦੀ ਬਜਾਏ ਆਪਣਾ ਸਭ ਕੁਝ ਲੁਟਾਉਣ ਨੂੰ ਵੀ ਤਿਆਰ ਨੇ, ਮੁੱਕਦੀ ਗੱਲ ਇਸ ਅੰਦੋਲਨ ਵਿੱਚ ਸਾਰੇ ਧਰਮਾਂ, ਜਾਤਾਂ-ਪਾਤਾਂ ਦੇ ਲੋਕਾਂ ਦਾ ਏਕਾ ਦੇਖ ਕੇ ਸਾਫ਼ ਹੋ ਗਿਆ ਕਿ ਪੰਜਾਬ ਨੂੰ ਤੇ ਪੰਜਾਬ ਦੇ ਲੋਕਾਂ ਨੂੰ ਇੱਕ ਚੰਗੇ ਆਗੂ ਦੀ ਜ਼ਰੂਰਤ ਐ। ਜੋ ਪੰਜਾਬ ਨੂੰ ਮੁੜ ਤੋਂ ਲੀਹ ’ਤੇ ਲਿਆ ਸਕੇ ਤੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਪੰਜਾਬ ਨੂੰ ਮੁੜ ਤੋਂ ਖ਼ੁਸ਼ਹਾਲ ਬਣਾ ਸਕੇ।

# ਆਲੂ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਦੁਨੀਆ ਵਿਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਖਾਣਿਆਂ ਵਿੱਚ ਚੌਲ, ਕਣਕ, ਮੱਕੀ ਤੇ ਆਲੂ ਹੀ ਆਉਂਦੇ ਹਨ। ਈਸਾ ਮਸੀਹ ਤੋਂ ਲਗਭਗ 8000 ਸਾਲ ਪਹਿਲਾਂ ਪੀਰੂ ਵਿਖੇ ਆਲੂ ਬੀਜੇ ਜਾਂਦੇ ਸਨ। ਸੰਨ 1536 ਵਿਚ ਪੀਰੂ ਉੱਤੇ ਸਪੇਨ ਤੋਂ ਲੋਕ ਹੱਲਾ ਬੋਲਣ ਆਏ ਤਾਂ ਉਨ੍ਹਾਂ ਨੇ ਪਹਿਲੀ ਵਾਰ ਆਲੂ ਦਾ ਸਵਾਦ ਚੱਖਿਆ। ਉਨ੍ਹਾਂ ਨੂੰ ਆਲੂ ਏਨੇ ਪਸੰਦ ਆਏ ਕਿ ਉਹ ਯੂਰਪ ਵਿਚ ਵਾਪਸ ਹੋਰ ਲੁੱਟ ਦੇ ਸਮਾਨ ਨਾਲ ਆਲੂ ਵੀ ਲੈ ਗਏ।

ਆਇਰਲੈਂਡ ਦੀ ਕਹਾਣੀ ਕੁੱਝ ਵੱਖ ਹੈ। ਸਰ ਵਾਲਟਰ ਜਦੋਂ ਪਹਿਲੀ ਵਾਰ ਸੰਨ 1589 ਵਿਚ ਆਇਰਲੈਂਡ ਵਿਖੇ ਆਪਣੇ ਮਨਪਸੰਦ ਆਲੂ ਲੈ ਕੇ ਗਏ ਤਾਂ ਕੌਰਕ ਕੇ ਨੇੜੇ 40,000 ਏਕੜ ਵਿਚ ਨਿਰੇ ਆਲੂ ਹੀ ਬੀਜ ਦਿੱਤੇ ਗਏ। ਉਸ ਤੋਂ 40 ਸਾਲ ਬਾਅਦ ਸਾਰੇ ਯੂਰਪ ਵਿਚ ਆਲੂ ਹੀ ਆਲੂ ਦਿਸਣ ਲੱਗ ਪਏ। ਹੌਲੀ-ਹੌਲੀ ਯੂਰਪ ਦੇ ਕਿਸਾਨਾਂ ਨੂੰ ਕਣਕ ਅਤੇ ਸੱਤੂਆਂ ਨਾਲੋਂ ਆਲੂ ਜ਼ਿਆਦਾ ਸਵਾਦੀ ਲੱਗਣ ਲੱਗੇ ਅਤੇ ਬੀਜਣੇ ਤੇ ਵੇਚਣੇ ਵੀ ਸੌਖੇ ਲੱਗੇ। ਬਾਅਦ ਵਿਚ ਪਤਾ ਲੱਗਿਆ ਕਿ ਲੋੜੀਂਦੇ ਵਿਟਾਮਿਨ ਆਲੂਆਂ ਵਿਚ ਭਰੇ ਪਏ ਹਨ ਅਤੇ ਇੱਕ ਏਕੜ ਜ਼ਮੀਨ ਵਿਚ ਬੀਜੇ ਆਲੂ ਦਸ ਬੰਦਿਆਂ ਦਾ ਢਿੱਡ ਭਰ ਸਕਦੇ ਹਨ।

ਹਾਲਾਂਕਿ ਸੰਨ 1621 ਵਿਚ ਬਰਮੂਦਾ ਦਾ ਗਵਰਨਰ ਆਲੂਆਂ ਦੇ ਭਰੇ ਟਰੰਕ ਵਰਜੀਨੀਆ ਵਿਖੇ ਲੈ ਕੇ ਗਿਆ, ਪਰ ਬਿਜਾਈ ਸੰਨ 1719 ਵਿਚ ਸਕਾਟਲੈਂਡ ਤੋਂ ਆਏ ਲੋਕਾਂ ਨੇ ਹੀ ਅਮਰੀਕਾ ਵਿਚ ਸ਼ੁਰੂ ਕੀਤੀ।

ਫਰਾਂਸ ਵਿਚ 18ਵੀਂ ਸਦੀ ਵਿਚ ਰਾਜਾ ਲੂਈ ਨੇ ਆਲੂਆਂ ਦੀ ਬਿਜਾਈ ਸ਼ੁਰੂ ਕਰਵਾਈ।

ਅੱਜ ਦੇ ਦਿਨ ਇਡਾਹੋ ਦੁਨੀਆ ਭਰ ਵਿਚ ਸਭ ਤੋਂ ਵੱਧ ਆਲੂ ਬੀਜ ਰਿਹਾ ਹੈ। ਇਸ ਥਾਂ ਉੱਤੇ ਪਹਿਲੀ ਵਾਰ ਸੰਨ 1936 ਵਿਚ ਆਲੂ ਪਹੁੰਚੇ ਸਨ। ਉਦੋਂ ਮਿਸ਼ਨਰੀ ਲੋਕਾਂ ਨੇ ਰੋਜ਼ ਜੰਗਲਾਂ ਵਿਚ ਧੱਕੇ ਖਾ ਕੇ ਸ਼ਿਕਾਰ ਕਰਨ ਦੀ ਥਾਂ ਆਲੂ ਬੀਜਣੇ ਸ਼ੁਰੂ ਕਰ ਦਿੱਤੇ। ਸੰਨ 1872 ਵਿਚ ਇੱਥੇ ਆਲੂਆਂ ਦੀ ਸਬਜ਼ੀ ਤੋਂ ਇਲਾਵਾ ਹੋਰ ਚੀਜ਼ਾਂ ਵੀ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ।

ਕਮਾਲ ਤਾਂ ਇਹ ਹੈ ਕਿ ਸੰਨ 1995 ਅਕਤੂਬਰ ਵਿਚ ਆਲੂ ਪਹਿਲੀ ਸਬਜ਼ੀ ਬਣ ਗਏ ਜੋ ਨਾਸਾ ਨੇ ਪੁਲਾੜ ਦੇ ਸਪੇਸ ਸੈਂਟਰ ਵਿਚ ਬੀਜੇ। ਉੱਥੇ ਪੁਲਾੜ ਯਾਤਰੀਆਂ ਨੂੰ ਖ਼ੁਰਾਕ ਵਜੋਂ ਲੰਮੇ ਸਮੇਂ ਤੱਕ ਆਲੂ ਹੀ ਖੁਆਏ ਗਏ। ਹੁਣ ਵੀ ਪੁਲਾੜ ਵਿਚ ਬਣ ਚੱਲੀਆਂ ਕਲੋਨੀਆਂ ਵਿਚ ਸਿਰਫ਼ ਆਲੂ ਹੀ ਬੀਜੇ ਜਾਣ ਦੀ ਖੋਜ ਜਾਰੀ ਹੈ।

ਫਰੈਂਚ ਫਰਾਈਜ਼ ਅੱਜ ਦੁਨੀਆ ਭਰ ਵਿਚ ਮਸ਼ਹੂਰ ਹਨ। ਪਤਲੇ ਤਲੇ ਆਲੂ ਦੁਨੀਆ ਦੇ ਹਰ ਕੋਨੇ ਵਿਚ ਮਿਲ ਜਾਂਦੇ ਹਨ। ਪਹਿਲੀ ਵਾਰ ਪ੍ਰੈਜ਼ੀਡੈਂਟ ਥੌਮਸ ਜੈਫਰਸਨ ਨੂੰ ਅਮਰੀਕਾ ਦੇ ਵਾਈਟ ਹਾਊਸ ਵਿਚ ਸੰਨ 1801 ਤੋਂ 1809 ਤੱਕ ਦੇ ਰਾਜ ਵਿਚ ਉੱਥੇ ਇਹ ਖਾਣ ਨੂੰ ਮਿਲੇ। ਇਨ੍ਹਾਂ ਨੂੰ ਬਣਾਉਣ ਦੀ ਕਹਾਣੀ ਵੀ ਬੜੀ ਮਜ਼ੇਦਾਰ ਹੈ।

ਕੁੱਝ ਚਿਰ ਪਹਿਲਾਂ ਦੇ ਤਲੇ ਹੋਏ ਆਲੂ ਰਸੋਈ ਵਿਚ ਪਏ ਸਨ ਜਦੋਂ ਅਚਾਨਕ ਰਾਜਾ ਰਾਤ ਦੀ ਰੋਟੀ ਲਈ ਪਹੁੰਚ ਗਿਆ। ਵਕਤ ਘੱਟ ਹੋਣ ਸਦਕਾ ਰਸੋਈਏ ਕੌਲੀਨੈੱਟ ਨੇ (ਉਹ ਫਰਾਂਸੀਸੀ ਰਾਜੇ ਲੂਈ ਫਿਲਿਪ ਦਾ ਰਸੋਈਆ ਵੀ ਰਿਹਾ ਸੀ) ਫਟਾਫਟ ਪਹਿਲਾਂ ਦੇ ਤਲੇ ਆਲੂਆਂ ਨੂੰ ਖੌਲਦੇ ਤੇਲ ਵਿੱਚੋਂ ਝਟਪਟ ਦੁਬਾਰਾ ਕੱਢ ਦਿੱਤਾ। ਉਸ ਵੇਖਿਆ ਕਿ ਆਲੂ ਹਲਕੇ ਜਿਹੇ ਫੁੱਲ ਗਏ ਸਨ ਤੇ ਕੜਕ ਵੀ ਹੋ ਗਏ ਸਨ। ਉਸ ਉਨ੍ਹਾਂ ਉੱਤੇ ਲੂਣ ਛਿੜਕ ਕੇ ਖਾਣ ਨੂੰ ਦੇ ਦਿੱਤੇ ਜੋ ਰਾਜੇ ਨੂੰ ਬੇਹੱਦ ਪਸੰਦ ਆਏ।

ਇੰਜ ਹੀ ਇੱਕ ਵਾਰ ਸੰਨ 1853 ਵਿਚ ਇੱਕ ਕਮਾਂਡਰ ਨੇ ਨਿਊ ਯਾਰਕ ਵਿਖੇ ਸਾਰਾਤੋਗਾ ਸਪਰਿੰਗ ਰਿਜ਼ੋਰਟ ਵਿਖੇ ਰੋਟੀ ਨਾਲ ਮਿਲੇ ਮੋਟੇ ਆਲੂਆਂ ਦੀ ਸ਼ਿਕਾਇਤ ਕੀਤੀ ਤਾਂ ਉੱਥੋਂ ਦੇ ਰਸੋਈਏ ਨੇ ਝਟਪਟ ਉਨ੍ਹਾਂ ਹੀ ਆਲੂਆਂ ਨੂੰ ਉੱਕਾ ਹੀ ਪਤਲੇ ਕੱਟ ਕੇ ਦੁਬਾਰਾ ਤਲ ਦਿੱਤਾ ਜਿੱਥੋਂ 'ਸਾਰਾਤੋਗਾ ਚਿਪਸ' ਨਾਂ ਮਸ਼ਹੂਰ ਹੋ ਗਿਆ ਤੇ ਹੁਣ ਦੁਨੀਆ ਭਰ ਵਿਚ ਇਹ ਆਲੂਆਂ ਦੇ ਚਿਪਸ ਵਿਕ ਰਹੇ ਹਨ।

ਬਿਲਕੁਲ ਏਸੇ ਹੀ ਤਰ੍ਹਾਂ ਵੋਦਕਾ ਸ਼ਰਾਬ ਵੀ ਫਲਾਂ, ਬਾਜਰਾ, ਚੌਲ, ਰਾਈ, ਮੱਕੀ ਆਦਿ ਤੋਂ ਬਣਾਉਂਦਿਆਂ ਜਦੋਂ ਆਲੂ ਤੋਂ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਬਾਕੀ ਕਿਸਮਾਂ ਵਾਂਗ ਹੀ ਮਕਬੂਲ ਹੋ ਗਈ। ਹੁਣ ਤੱਕ ਵੀ ਅੰਨ ਦੇ ਨਾਲ ਅੰਗੂਰ, ਦੁੱਧ ਤੇ ਆਲੂ, ਵੋਦਕਾ ਸ਼ਰਾਬ ਬਣਾਉਣ ਲਈ ਵਰਤੇ ਜਾ ਰਹੇ ਹਨ।

ਮੌਜੂਦਾ ਤੱਥਾਂ ਅਨੁਸਾਰ ਦੁਨੀਆ ਭਰ ਵਿਚ ਸਭ ਤੋਂ ਵੱਧ ਆਲੂ ਅਮਰੀਕਨ ਲੋਕ ਖਾ ਰਹੇ ਹਨ। ਸੰਨ 1950 ਤੋਂ ਆਲੂਆਂ ਨੂੰ ਫੇਹ ਕੇ, ਟਿੱਕੀ ਬਣਾ ਕੇ (ਹੈਸ਼ ਬਰਾਊਨ), ਫਰੈਂਚ ਫਰਾਈਜ਼, ਚਿਪਸ ਆਦਿ ਬੇਅੰਤ ਚੀਜ਼ਾਂ ਬਣਾਈਆਂ ਜਾ ਰਹੀਆਂ ਹਨ। ਅਮਰੀਕਨ ਲੋਕ ਆਲੂਆਂ ਨੂੰ ਏਨਾ ਪਸੰਦ ਕਰਦੇ ਸਨ ਕਿ ਸੰਨ 1960 ਵਿਚ 35 ਫੀਸਦੀ ਅਮਰੀਕਨ ਖ਼ੁਰਾਕ ਆਲੂਆਂ ਤੋਂ ਸੀ ਜਿਹੜੀ ਸੰਨ 2000 ਵਿਚ 64 ਫੀਸਦੀ ਤੱਕ ਪਹੁੰਚ ਗਈ। ਇਸਦਾ ਮਤਲਬ ਇਹ ਹੈ ਕਿ ਔਸਤਨ ਅਮਰੀਕਨ ਹਰ ਸਾਲ 35 ਕਿੱਲੋ ਬਰਫ਼ ਵਿਚ ਜਮਾਏ ਆਲੂ, 19 ਕਿੱਲੋ ਤਾਜ਼ੇ ਆਲੂ, 8 ਕਿੱਲੋ ਆਲੂ ਦੇ ਚਿਪਸ ਅਤੇ 6 ਕਿੱਲੋ ਸੁੱਕੇ ਆਲੂ ਖਾ ਲੈਂਦੇ ਹਨ। ਉੱਬਲੇ ਆਲੂਆਂ ਨੂੰ ਫੇਹ ਕੇ, ਉਸ ਵਿੱਚ ਮੱਖਣ ਜਾਂ ਕਰੀਮ ਮਿਲਾ ਕੇ ਖਾਣਾ ਅਮਰੀਕਨਾਂ ਨੂੰ ਬੇਹੱਦ ਪਸੰਦ ਹੈ ਜੋ ਉਨ੍ਹਾਂ ਵਿਚ ਮੋਟਾਪਾ, ਸ਼ੱਕਰ ਰੋਗ ਤੇ ਦਿਲ ਦੇ ਰੋਗਾਂ ਦਾ ਆਧਾਰ ਬਣ ਰਿਹਾ ਹੈ।

ਅਮਰੀਕਨ ਜਰਨਲ ਔਫ਼ ਕਲਿਨਿਕਲ ਨਿਊਟਰੀਸ਼ਨ ਵਿਚ ਸੰਨ 2017 ਵਿਚ ਛਪੀ ਖੋਜ ਅਨੁਸਾਰ ਜਿਹੜੇ ਲੋਕ ਹਫ਼ਤੇ ਵਿਚ ਦੋ ਵਾਰ ਤਲੇ ਹੋਏ ਆਲੂ ਖਾਂਦੇ ਹੋਣ, ਉਨ੍ਹਾਂ ਵਿਚ ਮੌਤ ਦਾ ਖ਼ਤਰਾ ਦੁੱਗਣਾ ਹੋ ਜਾਂਦਾ ਹੈ। ਇਸ ਖੋਜ ਵਿਚ 45 ਤੋਂ 79 ਸਾਲਾਂ ਦੇ 4400 ਲੋਕ ਸ਼ਾਮਲ ਕੀਤੇ ਗਏ। ਇਹ ਖੋਜ ਲਗਾਤਾਰ 8 ਸਾਲ ਚੱਲੀ। ਇਸ ਦੌਰਾਨ ਖੋਜ ਵਿਚਲੇ 236 ਲੋਕ ਮਰ ਗਏ। ਇਨ੍ਹਾਂ ਮਰ ਗਏ ਲੋਕਾਂ ਵਿੱਚੋਂ 208 ਲੋਕ ਤਲੇ ਆਲੂ, ਟਿੱਕੀਆਂ ਅਤੇ ਫਰੈਂਚ ਫਰਾਈਜ਼ ਹਫ਼ਤੇ ਵਿਚ ਦੋ ਵਾਰ ਖਾ ਰਹੇ ਸਨ।

ਇਸ ਖੋਜ ਤੋਂ ਬਾਅਦ ਟੈਕਸਾਸ ਯੂਨੀਵਰਸਿਟੀ ਵਿਚ ਡਾ. ਵਿਕਟੋਰੀਆ ਨੇ ਸਪਸ਼ਟ ਕੀਤਾ ਕਿ ਆਲੂ ਓਨੇ ਮਾੜੇ ਨਹੀਂ ਜਿੰਨਾ ਉਸ ਵਿਚ ਪੈ ਰਿਹਾ ਘਿਓ, ਤੇਲ, ਮੱਖਣ, ਪਨੀਰ ਅਤੇ ਕਰੀਮ ਉਨ੍ਹਾਂ ਨੂੰ ਮਾੜਾ ਸਾਬਤ ਕਰ ਰਹੇ ਹਨ।

ਆਪਣੇ ਆਪ ਵਿਚ ਆਲੂਆਂ ਅੰਦਰ ਓਨੀਆਂ ਕੈਲਰੀਆਂ ਨਹੀਂ ਹੁੰਦੀਆਂ ਜੋ ਨੁਕਸਾਨਦੇਹ ਹੋਣ। ਇੱਕ ਆਮ ਵਿਚਕਾਰਲੇ ਮੇਲ ਦੇ ਬਿਨ੍ਹਾਂ ਤੇਲ ਦੇ ਭੁੰਨੇ ਜਾਂ ਉਬਾਲੇ ਹੋਏ ਆਲੂ ਵਿਚ 110 ਕੈਲਰੀਆਂ ਹੁੰਦੀਆਂ ਹਨ ਤੇ ਢੇਰ ਸਾਰਾ ਵਿਟਾਮਿਨ ਸੀ ਅਤੇ ਬੀ-6 ਵੀ ਹੁੰਦਾ ਹੈ। ਆਲੂਆਂ ਵਿਚ ਮੈਂਗਨੀਜ਼, ਫਾਸਫੋਰਸ, ਨਾਇਆਸਿਨ ਅਤੇ ਪੈਂਟੋਥੀਨਿਕ ਏਸਿਡ ਵੀ ਹੁੰਦਾ ਹੈ। ਕੋਲੈਸਟਰੋਲ ਅਤੇ ਥਿੰਦਾ ਨਾ ਬਰਾਬਰ ਹੁੰਦਾ ਹੈ, ਸੋਡੀਅਮ 8 ਮਿਲੀਗ੍ਰਾਮ ਅਤੇ ਤਿੰਨ ਗ੍ਰਾਮ ਪ੍ਰੋਟੀਨ ਭਰੇ ਪਏ ਹਨ। ਇਨ੍ਹਾਂ ਤੋਂ ਇਲਾਵਾ ਕੈਲਸ਼ੀਅਮ, ਲੋਹ ਕਣ, ਕਾਰਬੋਹਾਈਡ੍ਰੇਟ 26 ਗ੍ਰਾਮ, ਫਾਈਬਰ ਦੋ ਗ੍ਰਾਮ ਅਤੇ ਮਿੱਠਾ ਇੱਕ ਗ੍ਰਾਮ ਹੁੰਦਾ ਹੈ।

ਇਸ ਵਿਚਲੇ ਫਾਈਟੋ ਨਿਊਟਰੀਐਂਟ-ਕੈਰੋਟੀਨਾਇਡ, ਫਲੇਵੋਨਾਇਡ ਅਤੇ ਕੈਫਿਕ ਏਸਿਡ ਸਰੀਰ ਉੱਤੇ ਵਧੀਆ ਅਸਰ ਵਿਖਾਉਂਦੇ ਹਨ।

ਨੈਸ਼ਨਲ ਇੰਸਟੀਚਿਊਟ ਔਫ਼ ਹੈੱਲਥ ਅਨੁਸਾਰ ਆਲੂਆਂ ਵਿਚਲਾ ਵਿਟਾਮਿਨ ਸੀ ਬਹੁਤ ਵਧੀਆ ਐਂਟੀਆਕਸੀਡੈਂਟ ਹੈ। ਕੈਂਸਰ ਦੇ ਸੈੱਲਾਂ ਦਾ ਵਧਣਾ ਰੋਕਣਾ ਤੇ ਦਿਲ ਸਿਹਤਮੰਦ ਰੱਖਣਾ ਐਂਟੀਆਕਸੀਡੈਂਟ ਦਾ ਹੀ ਕੰਮ ਹੁੰਦਾ ਹੈ। ਜਾਮਨੀ ਰੰਗ ਵਾਲੇ ਆਲੂਆਂ ਵਿਚ ਫਾਈਟੋ ਨਿਊਟਰੀਐਂਟ ਤੇ ਐਂਟੀਆਕਸੀਡੈਂਟ ਕਾਫ਼ੀ ਜ਼ਿਆਦਾ ਹੁੰਦੇ ਹਨ।

ਇਨ੍ਹਾਂ ਜਾਮਨੀ ਆਲੂਆਂ ਉੱਤੇ ਹੋਈ ਖੋਜ ਜਰਨਲ ਔਫ਼ ਐਗਰੀਕਲਚਰ ਅਤੇ ਫੂਡ ਕੈਮਿਸਟਰੀ ਵਿਚ ਛਪੀ ਹੈ ਜਿਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਰੋਜ਼ ਸਿਰਫ਼ ਛੇ ਤੋਂ ਅੱਠ ਬਹੁਤ ਨਿੱਕੇ ਜਾਮਨੀ ਉਬਲੇ ਹੋਏ ਆਲੂ ਜੇ ਦਿਨ ਵਿਚ ਦੋ ਵਾਰ ਵੰਡ ਕੇ ਖਾਧੇ ਜਾਣ ਤਾਂ ਬਲੱਡ ਪ੍ਰੈਸ਼ਰ ਨੂੰ ਕਾਬੂ ਵਿਚ ਰੱਖਦੇ ਹਨ ਜਿਸ ਨਾਲ ਪਾਸਾ ਮਾਰੇ ਜਾਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਾਮਨੀ ਆਲੂਆਂ ਵਿਚਲੇ ਕਾਰਬੋਹਾਈਡ੍ਰੇਟ ਸਦਕਾ ਕਿਸੇ ਖਾਣ ਵਾਲੇ ਨੂੰ ਮੋਟਾਪਾ ਨਹੀਂ ਹੋਇਆ।

ਜਾਮਨੀ ਆਲੂ ਫਾਈਬਰ ਭਰਪੂਰ ਹੋਣ ਸਦਕਾ ਕੋਲੈਸਟਰੋਲ ਨੂੰ ਆਪਣੇ ਨਾਲ ਚਿਪਕਾ ਕੇ ਸਰੀਰ ਅੰਦਰੋਂ ਬਾਹਰ ਕੱਢ ਦਿੰਦਾ ਹੈ। ਹਰ ਰੰਗ ਦਾ ਆਲੂ ਪੋਟਾਸ਼ੀਅਮ ਭਰਪੂਰ ਹੁੰਦਾ ਹੈ। ਇਹ ਸਾਬਤ ਹੋ ਚੁੱਕਿਆ ਹੈ ਕਿ ਕੇਲੇ ਨਾਲੋਂ ਵੱਧ ਪੋਟਾਸ਼ੀਅਮ ਆਲੂ ਵਿਚ ਹੁੰਦਾ ਹੈ। ਪੋਟਾਸ਼ੀਅਮ ਦਾ ਕਾਫ਼ੀ ਹਿੱਸਾ ਆਲੂ ਦੀ ਛਿੱਲੜ ਵਿਚ ਹੁੰਦਾ ਹੈ। ਛਿੱਲੜ ਵਿਚ ਫਾਈਬਰ ਵੀ ਕਾਫ਼ੀ ਹੁੰਦਾ ਹੈ।

ਪੋਟਾਸ਼ੀਅਮ ਜਿੱਥੇ ਬਲੱਡ ਪ੍ਰੈਸ਼ਰ ਘਟਾਉਂਦਾ ਹੈ। ਉੱਥੇ ਨਸਾਂ ਵੀ ਖੋਲਦਾ ਹੈ। ਇੰਸਟੀਚਿਊਟ ਔਫ਼ ਫੂਡ ਰਿਸਰਚ ਵਿਚ ਹੋਈ ਖੋਜ ਦੌਰਾਨ ਆਲੂ ਵਿਚ 'ਕੁਕੋਆਮੀਨ' ਲੱਭੇ ਹਨ ਜੋ ਬਲੱਡ ਪ੍ਰੈਸ਼ਰ ਘਟਾਉਣ ਵਿਚ ਕਾਫ਼ੀ ਮਦਦ ਕਰਦੇ ਹਨ, ਬਸ਼ਰਤੇ ਕਿ ਆਲੂ ਤਲੇ ਨਾ ਜਾਣ।

ਆਲੂਆਂ ਵਿਚਲਾ ਵਿਟਾਮਿਨ ਬੀ-ਛੇ ਦਿਮਾਗ਼ ਲਈ ਬਿਹਤਰੀਨ ਹੈ। ਯੂਨੀਵਰਸਿਟੀ ਔਫ਼ ਮੈਰੀਲੈਂਡ ਮੈਡੀਕਲ ਸੈਂਟਰ ਨੇ ਸਪਸ਼ਟ ਕੀਤਾ ਹੈ ਕਿ ਤਣਾਓ, ਢਹਿੰਦੀ ਕਲਾ ਅਤੇ ਏ.ਡੀ. ਐੱਚ. ਡੀ. ਬਿਮਾਰੀ ਵਿਚ ਆਲੂ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕੇ ਹਨ ਕਿਉਂਕਿ ਇਨ੍ਹਾਂ ਵਿਚਲੇ ਵਿਟਾਮਿਨ ਬੀ-ਸਿਰੋਟੋਨਿਨ, ਡੋਪਾਮੀਨ ਤੇ ਨੌਰਐਪੀਨੈਫਰੀਨ ਰਸ ਬਣਾਉਂਦੇ ਹਨ। ਆਲੂਆਂ ਵਿਚਲਾ ਕਾਰਬੋਹਾਈਡ੍ਰੇਟ ਦਿਮਾਗ਼ ਦੇ ਸਹੀ ਕੰਮਕਾਰ ਲਈ ਵਧੀਆ ਹੈ ਅਤੇ ਦਿਮਾਗ਼ ਨੂੰ ਲੋੜੀਂਦੀ ਗਲੂਕੋਜ਼ ਪਹੁੰਚਾ ਦਿੰਦਾ ਹੈ।

ਸੰਨ 1995 ਵਿਚ ਅਮਰੀਕਨ ਜਰਨਲ ਔਫ਼ ਕਲੀਨੀਕਲ ਨਿਊਟਰੀਸ਼ਨ ਵਿਚ ਛਪਿਆ ਸੀ ਕਿ ਯਾਦਦਾਸ਼ਤ ਤੇਜ਼ ਕਰਨ ਵਿਚ ਆਲੂਆਂ ਵਿਚਲਾ ਕਾਰਬੋਹਾਈਡ੍ਰੇਟ (ਗਲੂਕੋਜ਼ ਤਬਦੀਲ ਹੋ ਕੇ) ਅਤੇ ਪੋਟਾਸ਼ੀਅਮ (ਨਸਾਂ ਖੋਲ ਕੇ ਲਹੂ ਦੀ ਰਵਾਨੀ ਵਧਾ ਕੇ) ਵਧੀਆ ਸਾਬਤ ਹੋ ਚੁੱਕੇ ਹਨ।

**ਇਮਿਊਨਿਟੀ ਵਧਾਉਣ ਲਈ :-**

ਇੱਕ ਉੱਬਲੇ ਆਲੂ ਵਿਚ (ਵਿਚਕਾਰਲਾ ਮੇਲ) ਹਰ ਰੋਜ਼ ਦੀ ਲੋੜੀਂਦੀ ਵਿਟਾਮਿਨ ਸੀ ਦਾ 45 ਫੀਸਦੀ ਹਿੱਸਾ ਹੁੰਦਾ ਹੈ। ਸੋ ਵਾਇਰਲ ਕੀਟਾਣੂ, ਖੰਘ ਜ਼ੁਕਾਮ ਅਤੇ ਵਿਟਾਮਿਨ ਸੀ ਦੀ ਕਮੀ ਨਾਲ ਕਮਜ਼ੋਰ ਹੋ ਰਹੀਆਂ ਹੱਡੀਆਂ ਨੂੰ ਆਲੂ ਖਾਣ ਨਾਲ ਫ਼ਾਇਦਾ ਮਿਲਦਾ ਹੈ।

**ਆਰਥਰਾਈਟਿਸ :-**

ਆਮ ਧਾਰਨਾ ਬਣ ਚੁੱਕੀ ਹੈ ਕਿ ਆਲੂ, ਬੈਂਗਣ ਤੇ ਮਿਰਚਾਂ ਜੋੜਾਂ ਦਾ ਦਰਦ ਵਧਾਉਂਦੇ ਹਨ। ਇਹ ਸੋਚ ਉੱਕਾ ਹੀ ਬੇਬੁਨਿਆਦ ਹੈ। ਖੋਜਾਂ ਅਨੁਸਾਰ ਆਲੂ ਸਗੋਂ ਸੋਜ਼ਿਸ਼ ਘਟਾਉਣ ਵਿਚ ਮਦਦ ਕਰਦੇ ਹਨ।

**ਹਾਜ਼ਮੇ ਲਈ :-**

ਵੱਧ ਕਾਰਬੋਹਾਈਡ੍ਰੇਟ ਸਦਕਾ ਅਤੇ ਬਾਹਰੀ ਪਰਤ ਵਿਚਲੇ ਫਾਈਬਰ ਸਦਕਾ ਇਹ ਸੌਖੇ ਹਜ਼ਮ ਹੋ ਜਾਂਦੇ ਹਨ।

**ਦਿਲ ਵਾਸਤੇ :-**

ਫਾਈਬਰ, ਵਿਟਾਮਿਨ ਸੀ ਤੇ ਵਿਟਾਮਿਨ ਬੀ 6 ਹੋਣ ਕਾਰਨ ਮਾੜੇ ਫਰੀ ਰੈਡੀਕਲ ਅੰਸ਼ ਘਟਾ ਕੇ ਆਲੂ ਦਿਲ ਨੂੰ ਸਿਹਤਮੰਦ ਰੱਖਦੇ ਹਨ।

ਸਰੀਰ ਵਿਚਲੇ ਖ਼ਤਰਨਾਕ ਹੋਮੋਸਿਸਟੀਨ ਨੂੰ ਮਿਥਾਇਓਨੀਨ ਬਣਾ ਕੇ ਆਲੂ ਵਿਚਲਾ ਵਿਟਾਮਿਨ ਬੀ-6 ਲਹੂ ਦੀਆਂ ਨਾੜੀਆਂ ਨੂੰ ਖ਼ਰਾਬ ਨਹੀਂ ਹੋਣ ਦਿੰਦਾ ਤੇ ਹਾਵਰਡ ਯੂਨੀਵਰਸਿਟੀ ਅਨੁਸਾਰ ਹਾਰਟ ਅਟੈਕ ਅਤੇ ਪਾਸਾ ਮਾਰੇ ਜਾਣ ਦਾ ਖ਼ਤਰਾ ਘਟਾ ਦਿੰਦਾ ਹੈ।

ਕਸਰਤ ਕਰਨ ਵਾਲਿਆਂ ਲਈ :-

ਆਲੂ ਦੀਆਂ ਛਿੱਲੜਾਂ ਵਿਚ ਸੋਡੀਅਮ ਅਤੇ ਪੋਟਾਸ਼ੀਅਮ ਹੁੰਦਾ ਹੈ। ਕਸਰਤ ਕਰਨ ਵਾਲਿਆਂ ਦੇ ਪਸੀਨੇ ਰਾਹੀਂ ਇਹ ਕਣ ਬਾਹਰ ਨਿਕਲ ਜਾਂਦੇ ਹਨ ਅਤੇ ਲੱਤਾਂ ਵਿਚ ਕੜਵੱਲ ਪੈ ਜਾਂਦੇ ਹਨ। ਆਲੂ ਖਾਣ ਨਾਲ ਇਹ ਕੜਵੱਲ ਠੀਕ ਹੋ ਜਾਂਦੇ ਹਨ।

**ਚਮੜੀ ਲਈ :-**

ਉਬਾਲੇ ਹੋਏ ਆਲੂਆਂ ਵਿਚਲੇ ਵਿਟਾਮਿਨ ਬੀ 6, ਸੀ, ਪੋਟਾਸ਼ੀਅਮ, ਮੈਂਗਨੀਜ਼, ਜ਼ਿੰਕ ਅਤੇ ਫਾਸਫੋਰਸ ਚਮੜੀ ਨੂੰ ਤਰੋਤਾਜ਼ਾ ਤੇ ਚਮਕਦਾਰ ਰੱਖਦੇ ਹਨ।

**ਕੈਂਸਰ :-**

ਸੰਨ 2017 ਵਿਚ ਜਰਨਲ ਔਫ ਨਿਊਟਰੀਸ਼ਨਲ ਬਾਇਓ-ਕੈਮਿਸਟਰੀ ਵਿਚ ਛਪੀ ਖੋਜ ਅਨੁਸਾਰ ਜਾਮਨੀ ਆਲੂ ਅੰਤੜੀਆਂ (ਕੋਲਨ) ਦਾ ਕੈਂਸਰ ਹੋਣ ਤੋਂ ਰੋਕਦੇ ਹਨ ਕਿਉਂਕਿ ਉਨ੍ਹਾਂ ਵਿਚਲੇ ਤੱਤ, ਇੰਟਰਲਿਊਕਿਨ ਛੇ ਨੂੰ ਘਟਾ ਦਿੰਦੇ ਹਨ, ਜੋ ਕੈਂਸਰ ਕਰਦੇ ਹਨ।

ਇਹ ਖੋਜ ਸੂਰਾਂ ਉੱਤੇ ਕੀਤੀ ਗਈ ਸੀ। ਜਿਨ੍ਹਾਂ ਸੂਰਾਂ ਨੂੰ ਜਾਮਨੀ ਆਲੂ ਖੁਆਏ ਗਏ, ਉਨ੍ਹਾਂ ਦੇ ਸਰੀਰ ਅੰਦਰਲੇ ਇੰਟਰਲਿਊਕਿਨ 6, ਦੂਜਿਆਂ ਨਾਲੋਂ ਛੇ ਗੁਣਾਂ ਘੱਟ ਗਏ। ਸੂਰਾਂ ਦੀ ਅੰਤੜੀ ਮਨੁੱਖੀ ਅੰਤੜੀਆਂ ਨਾਲ ਕਾਫ਼ੀ ਰਲਦੀ ਹੈ, ਸੋ ਉਹੀ ਅਸਰ ਬੰਦਿਆਂ ਵਿਚ ਵੀ ਦਿਸਣ ਦੀ ਉਮੀਦ ਹੈ।

**ਭਾਰ :-**

ਸੰਨ 2017 ਵਿਚ ਇਕ ਅਸਟ੍ਰੇਲੀਅਨ ਬੰਦੇ ਨੇ ਕਾਫ਼ੀ ਰੌਲਾ ਪਾਇਆ ਕਿ ਉਸ ਨੇ ਇੱਕ ਸਾਲ ਸਿਰਫ਼ ਉੱਬਲੇ ਆਲੂ ਖਾ ਕੇ 110 ਪੌਂਡ ਭਾਰ ਘਟਾ ਲਿਆ ਹੈ। ਇਸ ਖ਼ਬਰ ਤੋਂ ਬਾਅਦ ਦੁਨੀਆ ਭਰ ਵਿਚ ਆਲੂ ਖਾਣ ਦਾ ਰੁਝਾਨ ਵੱਧ ਗਿਆ। ਇਸ ਖ਼ਬਰ ਦਾ ਖੰਡਨ ਡਾਕਟਰਾਂ ਵੱਲੋਂ ਕੀਤਾ ਗਿਆ ਕਿਉਂਕਿ ਸਾਰੇ 20 ਜ਼ਰੂਰੀ ਅਮਾਈਨੋ ਏਸਿਡ, ਵਿਟਾਮਿਨ ਤੇ ਤੱਤ ਸਿਰਫ਼ ਆਲੂਆਂ ਰਾਹੀਂ ਪੂਰੇ ਨਹੀਂ ਕੀਤੇ ਜਾ ਸਕਦੇ। ਇਸੇ ਲਈ ਸੰਪੂਰਨ ਖ਼ੁਰਾਕ ਬਣਾਉਣ ਵਾਸਤੇ ਰੋਜ਼ਾਨਾ ਖ਼ੁਰਾਕ ਵਿਚ ਉੱਬਲੇ ਆਲੂਆਂ ਨੂੰ ਸ਼ਾਮਲ ਕਰਨ ਦੀ ਲੋੜ ਸਮਝੀ ਗਈ ਹੈ।

**ਸ਼ੱਕਰ ਰੋਗ :-**

ਆਲੂਆਂ ਵਿਚ ਥਿੰਦਾ ਨਹੀਂ ਹੁੰਦਾ ਪਰ ਵਾਧੂ ਕਾਰਬੋਹਾਈਡ੍ਰੇਟ ਸਦਕਾ ਖਾਣੇ ਤੋਂ ਬਾਅਦ ਇਕਦਮ ਸ਼ੱਕਰ ਦੀ ਮਾਤਰਾ ਵਧਾ ਦਿੰਦੇ ਹਨ ਤੇ ਝਟਪਟ ਹਜ਼ਮ ਹੋਣ ਬਾਅਦ ਹੋਰ ਭੁੱਖ ਲਾ ਦਿੰਦੇ ਹਨ। ਇਸ ਵਾਸਤੇ ਸ਼ੱਕਰ ਰੋਗੀਆਂ ਨੂੰ ਆਲੂਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਮੋਟਾਪੇ ਦੇ ਸ਼ਿਕਾਰ ਲੋਕਾਂ ਨੂੰ ਵੀ ਆਲੂਆਂ ਤੋਂ ਪਰਹੇਜ਼ ਰੱਖਣ ਦੀ ਲੋੜ ਹੈ। ਸਿਰਫ਼ ਆਲੂ ਹੀ ਨਹੀਂ, ਚਿੱਟੀ ਬਰੈੱਡ ਅਤੇ ਮੈਦੇ ਤੋਂ ਵੀ ਬਚਣ ਦੀ ਲੋੜ ਹੈ।

ਸੰਨ 2016 ਵਿਚ ਬਰਿਟਿਸ਼ ਮੈਡੀਕਲ ਜਰਨਲ ਵਿਚ ਇੱਕ ਖੋਜ ਛਪੀ ਜਿਸ ਵਿਚ ਕੁੱਝ ਨੂੰ ਉੱਬਲੇ ਅਤੇ ਕੁੱਝ ਨੂੰ ਤਲੇ ਆਲੂ ਖੁਆ ਕੇ ਵੱਖੋ-ਵੱਖ ਲੋਕਾਂ ਉੱਤੇ ਅਸਰ ਵੇਖਿਆ ਗਿਆ ਸੀ। ਉਸ ਵਿਚ ਪਤਾ ਲੱਗਿਆ ਕਿ ਔਰਤਾਂ ਉੱਤੇ ਤਲੇ ਆਲੂਆਂ ਦੇ ਮਾੜੇ ਅਸਰ ਪੁਰਸ਼ਾਂ ਨਾਲੋਂ ਵੱਧ ਹੁੰਦੇ ਹਨ। ਔਰਤਾਂ ਵਿਚ ਬਲੱਡ ਪ੍ਰੈਸ਼ਰ ਬੰਦਿਆਂ ਨਾਲੋਂ ਜ਼ਿਆਦਾ ਵਧਿਆ ਹੋਇਆ ਲੱਭਿਆ।

ਇਸੇ ਲਈ ਮਾਈਕਰੋਵੇਵ ਜਾਂ ਕੁੱਕਰ ਵਿਚ ਬਿਨ੍ਹਾਂ ਘਿਓ ਜਾਂ ਤੇਲ ਦੇ, ਉਬਲੇ ਹੋਏ ਆਲੂ ਹੀ ਖਾਣੇ ਚਾਹੀਦੇ ਹਨ ਜਿਸ ਨਾਲ ਉਨ੍ਹਾਂ ਵਿਚਲੇ ਤੱਤ ਕਾਇਮ ਰਹਿ ਜਾਂਦੇ ਹਨ। ਬਹੁਤੇ ਤੱਤ ਛਿੱਲੜ ਵਿਚ ਜਾਂ ਉਸ ਦੇ ਇਕਦਮ ਹੇਠਾਂ ਹੁੰਦੇ ਹਨ ਸੋ ਬਹੁਤ ਪਤਲੇ ਛਿੱਲੜ ਲਾਹੁਣੇ ਚਾਹੀਦੇ ਹਨ ਜਾਂ ਚੰਗੀ ਤਰ੍ਹਾਂ ਸਾਫ਼ ਕਰ ਕੇ ਨਿੱਕੇ ਆਲੂ ਛਿੱਲੜਾਂ ਸਮੇਤ ਹੀ ਖਾਧੇ ਜਾ ਸਕਦੇ ਹਨ।

ਛਿੱਲੜ ਲਾਹ ਕੇ ਆਲੂ ਉਬਾਲਣ ਨਾਲ ਆਲੂਆਂ ਵਿਚਲੇ ਸਾਰੇ ਹੀ ਤੱਤ ਪਾਣੀ ਵਿਚ ਨਿਕਲ ਜਾਂਦੇ ਹਨ। ਵਿਟਾਮਿਨ ਸੀ ਤਾਂ 80 ਫੀਸਦੀ ਬਾਹਰ ਨਿਕਲ ਜਾਂਦਾ ਹੈ। ਜੇ ਉਬਾਲਣ ਤੋਂ ਬਾਅਦ ਆਲੂ ਛਿੱਲ ਕੇ ਪਾਣੀ ਵਿਚ ਰੱਖ ਦਿੱਤੇ ਜਾਣ, ਤਾਂ ਵੀ ਤੱਤ ਬਾਹਰ ਨਿਕਲ ਕੇ ਪਾਣੀ ਵਿਚ ਰਲ ਜਾਂਦੇ ਹਨ।

**ਜੇ ਆਲੂ ਪੁੰਗਰ ਚੁੱਕੇ ਹੋਣ :-**

ਨੈਸ਼ਨਲ ਇੰਸਟੀਚਿਊਟ ਔਫ਼ ਹੈਲਥ ਅਨੁਸਾਰ ਪੁੰਗਰ ਰਹੇ ਆਲੂ (ਆਲੂ ਦੀਆਂ ਅੱਖਾਂ) ਯਾਨੀ ਪੁੰਗਰ ਰਹੀਆਂ ਚਿੱਟੀਆਂ ਚੋਭਾਂ ਉੱਕਾ ਹੀ ਨਹੀਂ ਖਾਣੀਆਂ ਚਾਹੀਦੀਆਂ। ਇਸੇ ਤਰ੍ਹਾਂ ਆਲੂਆਂ ਦੀਆਂ ਟਾਹਣੀਆਂ ਜਾਂ ਪੱਤੇ ਵੀ ਕਾਫ਼ੀ ਖ਼ਤਰਨਾਕ ਹੋ ਸਕਦੇ ਹਨ ਕਿਉਂਕਿ ਇਨ੍ਹਾਂ ਸਾਰਿਆਂ ਵਿਚ ਆਰਸੈਨਿਕ, ਚਾਕੋਨੀਨ ਅਤੇ ਸੋਲਾਨੀਨ ਕਾਫ਼ੀ ਮਾਤਰਾ ਵਿਚ ਹੁੰਦੇ ਹਨ ਜੋ ਥੋੜ੍ਹੀ ਮਾਤਰਾ ਵਿਚ ਵੀ ਭਾਰੀ ਨੁਕਸਾਨ ਕਰ ਸਕਦੇ ਹਨ।

ਹਰੇ ਆਲੂ ਤਾਂ ਜ਼ਹਿਰੀਲੇ ਵੀ ਹੁੰਦੇ ਹਨ। ਜਦੋਂ ਆਲੂਆਂ ਨੂੰ ਬਹੁਤੀ ਧੁੱਪ ਲੱਗਦੀ ਰਹੇ ਤਾਂ ਉਹ ਹਰੇ ਰੰਗ ਦੇ ਹੋ ਜਾਂਦੇ ਹਨ। ਛਿੱਲੜ ਹੇਠਾਂ ਵੀ ਜੇ ਹਰਾ ਰੰਗ ਦਿਸੇ ਤਾਂ ਆਲੂ ਸੁੱਟ ਦੇਣਾ ਚਾਹੀਦਾ ਹੈ।

**ਕੁੱਝ ਮਜ਼ੇਦਾਰ ਤੱਥ :-**

1 ਆਲੂ ਸਪੈਨਿਸ਼ ਲਫ਼ਜ਼ 'ਪਟਾਟਾ' ਤੋਂ ਅੰਗਰੇਜ਼ੀ ਵਿਚ 'ਪੋਟੈਟੋ' ਸ਼ਬਦ ਬਣਿਆ। ਖੋਦਣ ਵਾਲੇ ਔਜ਼ਾਰ ਤੋਂ ਕੁੱਝ ਨੇ ਇਸ ਦਾ ਨਾ 'ਸਪੱਡ' ਰੱਖ ਦਿੱਤਾ, ਛੁੱਚ ਵਿਚ 'ਸਪਿੰਡ' ਤੇ ਬਥੇਰੇ ਅੰਗਰੇਜ਼ 'ਸਪੇਡ' ਵੀ ਕਹਿੰਦੇ ਹਨ।

2. ਆਲੂਆਂ ਦੀਆਂ ਕਿਸਮਾਂ ਜਿਹੜੀਆਂ ਹੁਣ ਮਿਲ ਰਹੀਆਂ ਹਨ, ਉਹ ਹਨ-ਜਾਮਨੀ, ਲਾਲ, ਚਿੱਟੇ, ਪੀਲੇ, ਫਿੰਗਰਲਿੰਗ, ਰਸੱਟ, ਪੈਟੀਟ!

3. ਅਮਰੀਕਾ ਵਿਚ ਸੰਨ 2013 ਵਿਚ ਇੱਕ ਮਿਲੀਅਨ ਏਕੜ ਤੋਂ ਵੱਧ ਵਿਚ ਆਲੂ ਉਗਾਏ ਗਏ ਅਤੇ ਉਸ ਵਿੱਚੋਂ 20 ਬਿਲੀਅਨ ਕਿੱਲੋ ਆਲੂਆਂ ਦੀ ਉਪਜ ਹੋਈ।

4. ਇਸ ਸਾਲ ਦੀ ਰਿਪੋਰਟ ਅਨੁਸਾਰ ਔਸਤਨ ਇਕ ਅਮਰੀਕਨ 56 ਕਿੱਲੋ ਆਲੂ ਪੂਰੇ ਸਾਲ ਵਿਚ ਖਾ ਲੈਂਦਾ ਹੈ ਤੇ ਇੱਕ ਜਰਮਨ 112 ਕਿੱਲੋ।

5. ਗਿੰਨੀਜ਼ ਵਰਲਡ ਰਿਕਾਰਡ ਅਨੁਸਾਰ ਹੁਣ ਤੱਕ ਦਾ ਸਭ ਤੋਂ ਵੱਡਾ ਆਲੂ 3.2 ਕਿੱਲੋ ਦਾ ਸੀ।

6. ਬਾਈਬਲ ਵਿਚ ਆਲੂਆਂ ਦਾ ਜ਼ਿਕਰ ਨਹੀਂ ਮਿਲਦਾ, ਇਸ ਲਈ ਕਈ ਸਦੀਆਂ ਤੱਕ ਆਲੂ ਨੂੰ ਮਾੜਾ ਮੰਨਿਆ ਜਾਂਦਾ ਰਿਹਾ ਤੇ ਇਹ ਮੰਨ ਲਿਆ ਗਿਆ ਕਿ ਆਲੂ ਕੋਹੜ ਦੀ ਬੀਮਾਰੀ ਕਰਦੇ ਹਨ।

7. ਮੈਰੀ ਐਂਟੋਨਿਓ ਨੇ ਫਰਾਂਸ ਵਿਚ ਆਪਣੇ ਵਾਲਾਂ ਉੱਤੇ ਆਲੂਆਂ ਦੇ ਫਿੱਸੇ ਸਜਾਏ ਤਾਂ ਪੂਰੇ ਫਰਾਂਸ ਵਿਚ ਆਲੂ ਫੈਸ਼ਨ ਸ਼ੁਰੂ ਹੋ ਗਿਆ ਸੀ।

8. ਆਇਰਲੈਂਡ ਵਿਚ ਸੰਨ 1840 ਵਿਚ ਆਲੂਆਂ ਦੀ ਫ਼ਸਲ ਮਾਰ ਜਾਣ ਬਾਅਦ ਉਹ ਗ਼ਰੀਬ ਲੋਕ, ਜੋ ਸਿਰਫ਼ ਆਲੂ ਖਾ ਕੇ ਗੁਜ਼ਾਰਾ ਕਰ ਰਹੇ ਸਨ, ਦੀ ਭਾਰੀ ਮਾਤਰਾ ਵਿਚ ਮੌਤ ਹੋ ਗਈ। ਉਦੋਂ ਲਗਭਗ 10 ਲੱਖ ਗ਼ਰੀਬ ਲੋਕ ਭੁੱਖ ਨਾਲ ਮਰ ਗਏ ਅਤੇ ਏਨੇ ਹੀ ਕੰਮ ਕਾਰ ਦੀ ਖੋਜ ਵਿਚ ਭੁੱਖ ਮਿਟਾਉਣ ਖ਼ਾਤਰ ਅਮਰੀਕਾ ਜਾਂ ਕੈਨੇਡਾ ਵੱਲ ਤੁਰ ਗਏ।

ਸਾਰ :-

ਹਰ ਖਾਣ ਵਾਲੀ ਚੀਜ਼ ਦੇ ਫ਼ਾਇਦੇ ਵੀ ਹੁੰਦੇ ਹਨ ਅਤੇ ਨੁਕਸਾਨ ਵੀ। ਇਸੇ ਲਈ ਸਹੀ ਮਿਕਦਾਰ ਵਿਚ ਅਤੇ ਸਹੀ ਢੰਗ ਨਾਲ ਬਣਾਉਣ ਅਤੇ ਖਾਣ ਦੀ ਲੋੜ ਹੁੰਦੀ ਹੈ।

**ਬੱਚਿਆਂ ਦੀ ਮਾਹਰ,**
**28, ਪ੍ਰੀਤ ਨਗਰ, ਲੋਅਰ ਮਾਲ**
**ਪਟਿਆਲਾ। ਫੋਨ ਨੰ: 0175-2216783**

# ਕਿਸਾਨ ਅੰਦੋਲਨ, ਜਨ ਮਾਨਸ ਅੰਦੋਲਨ ਅਤੇ ਗ਼ੈਰ-ਸਿਆਸੀ ਲੋਕ ਲਹਿਰ

## ✪ ਪੰਜਾਬੋਂ ਉੱਠੀ ਇਹ ਗੈਰ-ਸਿਆਸੀ ਲੋਕ ਲਹਿਰ ਦੇਸ਼ ਦੇ ਲੋਕਾਂ ਨੂੰ ਨਵੀਂ ਦਿਸ਼ਾ ਦੇਵੇਗੀ

## ✪ ਪਰਵਾਸੀ ਪੰਜਾਬੀਆਂ ਦਾ ਵੱਡਾ ਯੋਗਦਾਨ



- ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਵਿਆਪੀ ਵੱਡੇ ਕਿਸਾਨ ਅੰਦੋਲਨ 'ਚ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਮੰਗ ਫ਼ਸਲਾਂ ਦੀ ਘੱਟੋ ਘੱਟ ਕੀਮਤ ਨੂੰ ਕਾਨੂੰਨੀ ਰੂਪ ਦੇਣ ਤੱਕ ਸੀਮਤ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਹੋ ਰਹੀਆਂ ਹਨ। ਕਿਸਾਨ ਅੰਦੋਲਨ, ਜੋ ਜਨਮਾਨਸ ਅੰਦੋਲਨ ਦਾ ਰੂਪ ਧਾਰਨ ਕਰ ਚੁੱਕਾ ਹੈ, ਦੇਸ਼ ਵਿਚ ਕਿਸਾਨਾਂ ਦੀ ਵਿਗੜਦੀ ਹਾਲਾਤ ਦੇ ਸੁਧਾਰ ਲਈ ਹੀ ਨਹੀਂ ਸਗੋਂ ਸਮੁੱਚੇ ਲੋਕਾਂ ਦੀ ਨਿੱਘਰਦੀ ਹਾਲਾਤ ਦੀ ਤਰਜਮਾਨੀ ਕਰਦਾ ਦਿਸ ਰਿਹਾ ਹੈ। ਇਹ ਅੰਦੋਲਨ ਲੋਕਾਂ ਨਾਲ ਹੋ ਰਹੇ ਧੱਕੇ ਵਿਰੁੱਧ ਆਵਾਜ਼ ਉਠਾ ਰਿਹਾ ਹੈ। ਲਗਭਗ ਇੱਕ ਸਦੀ ਤੱਕ ਇਹੋ ਜਿਹਾ ਲੋਕ ਉਭਾਰ ਸ਼ਾਇਦ ਹੀ ਦੇਸ਼ ਵਿੱਚ ਕਦੇ ਵੇਖਣ ਨੂੰ ਮਿਲਿਆ ਹੋਵੇ, ਜਿੱਥੇ ਆਮ ਲੋਕਾਂ ਦੇ ਆਪਣੇ ਨੁਮਾਇੰਦਿਆਂ ਹੱਥ ਅੰਦੋਲਨ ਦੀ ਕਮਾਨ ਹੋਵੇ ਅਤੇ ਜਿਹੜੇ ਨੁਮਾਇੰਦੇ ਸ਼ਾਂਤਮਈ ਢੰਗ ਨਾਲ ਫੂਕ-ਫੂਕ ਕੇ ਕਦਮ ਚੁੱਕ ਰਹੇ ਹੋਣ ਤਾਂ ਕਿ ਉਨਾਂ ਦਾ ਅੰਦੋਲਨ ਸਵਾਰਥੀ ਲੋਕਾਂ ਵੱਲੋਂ ਹਥਿਆ ਨਾ ਲਿਆ ਜਾਏ।

ਕੇਂਦਰ ਸਰਕਾਰ ਵੱਲੋਂ ਪਹਿਲੇ-ਪਹਿਲੇ ਇਸ ਅੰਦੋਲਨ ਨੂੰ ਪੰਜਾਬ ਦੇ ਲੋਕਾਂ ਦਾ ਹੀ ਮੰਨ ਕੇ, ਪੰਜਾਬ ਵਿਚੋਂ ਉੱਠੀ ਅਵਾਜ਼ ਨੂੰ ਸਾਧਾਰਨ ਢੰਗ ਨਾਲ ਨਿਪਟਣ ਦਾ ਸੋਚ ਲਿਆ ਗਿਆ। ਪਰ ਅੱਜ ਇਸ ਅੰਦੋਲਨ ਨਾਲ ਜਦੋਂ ਹਰਿਆਣਾ, ਯੂ. ਪੀ., ਰਾਜਸਥਾਨ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਦੇ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਵੀ ਆਣ ਜੁੜੀਆਂ ਹਨ ਤਾਂ ਕੇਂਦਰ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ, ਕਿਉਂਕਿ ਇਹ ਅੰਦੋਲਨ ਦੇਸ਼ ਵਿੱਚ ਪਹਿਲਾਂ ਵੀ ਪਾਸ ਕੀਤੇ ਹੋਰ ਲੋਕ ਵਿਰੋਧੀ ਕਾਨੂੰਨਾਂ ਸਮੇਤ ਤਿੰਨ ਖੇਤੀ ਕਾਨੂੰਨ, ਬਿਜਲੀ ਕਾਨੂੰਨ ਆਦਿ ਨੂੰ ਰੱਦ ਕਰਵਾਉਣ ਦਾ ਇੱਕ ਵੱਡਾ ਪਲੇਟਫ਼ਾਰਮ ਬਣ ਗਿਆ ਹੈ, ਜਿਸ ਨੂੰ ਗੈਰ ਸਿਆਸੀ ਲੋਕ ਲਹਿਰ ਦੇ ਰੂਪ ਵਿੱਚ ਵੇਖਿਆ ਜਾਣ ਲੱਗਾ ਹੈ।

ਕਿਸਾਨਾਂ ਨੂੰ ਅੰਦੋਲਨ ਦੇ ਰਾਹ ਪਾਉਣ ਅਤੇ ਇਸ ਅੰਦੋਲਨ ਨੂੰ ਇੱਥੋਂ ਤੱਕ ਪਹੁੰਚਾਉਣ ਲਈ ਕੇਂਦਰ ਸਰਕਾਰ ਜ਼ੁੰਮੇਵਾਰ ਹੈ। ਆਪਣਾ ਹਠੀ ਵਤੀਰਾ ਤਿਆਗਣ ਨੂੰ ਤਿਆਰ ਨਾ ਹੋ ਕੇ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਵਿੱਚੋਂ ਤਾਂ ਆਪਣਾ ਅਧਾਰ ਗੁਆਇਆ ਹੀ ਹੈ, ਦਹਾਕਿਆਂ ਪੁਰਾਣੀ ਸਾਥੀ ਸ਼੍ਰੋਮਣੀ ਅਕਾਲੀ ਦਲ (ਬ) ਨਾਲੋਂ ਵੀ ਤੋੜ ਵਿਛੋੜਾ ਕਰ ਲਿਆ। ਹੁਣ ਇਕ ਹੋਰ ਆਪਣੀ ਸਹਿਯੋਗੀ ਪਾਰਟੀ ਰਾਜਸਥਾਨ ਦੀ ਆਰ. ਐਲ. ਪੀ. ਜੋ ਕਿ ਕਿਸਾਨਾਂ ਦੇ ਅਧਾਰ ਵਾਲੀ ਪਾਰਟੀ ਹੈ ਅਤੇ ਜਿਨਾਂ ਦਾ ਨੇਤਾ ਹਨੂੰਮਾਨ ਬੈਨੀਪਾਲ ਹੈ ਨੂੰ ਵੀ ਮਜਬੂਰ ਕਰ ਦਿੱਤਾ ਕਿ ਉਹ ਭਾਜਪਾ ਨਾਲੋਂ ਨਾਤਾ ਤੋੜ ਲਵੇ।

ਹੋ ਸਕਦਾ ਹੈ ਕਿ ਭਾਜਪਾ ਨੂੰ ਇਨਾਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਇਸ ਤਰਾਂ ਦੇ ਜਨ ਅੰਦੋਲਨ ਦਾ ਅੰਦਾਜ਼ਾ ਹੀ ਨਾ ਰਿਹਾ ਹੋਵੇ ਕਿਉਂਕਿ ਭਾਜਪਾ ਪੰਜਾਬ ਲਗਾਤਾਰ ਕੇਂਦਰ ਨੂੰ ਆਪਣੀ ਸਥਿਤੀ ਮਜ਼ਬੂਤ ਹੋਣ ਅਤੇ ਇਕੱਲਿਆਂ ਹੀ ਪੰਜਾਬ ਵਿਚ ਚੋਣਾਂ ਲੜਨ ਦੇ ਦਮਗਜੇ ਮਾਰਕੇ ਦੱਸਦੀ ਰਹੀ ਹੈ ਕਿ ਉਹਦੀ ਤਾਕਤ ਬਹੁਤ ਵੱਧ ਗਈ ਹੈ ਜਾਂ ਸੰਭਵ ਹੈ ਕਿ ਉਸਨੇ ਇਹ ਸੋਚਿਆ ਹੋਵੇ ਕਿ ਉਹ ਇਸ ਅੰਦੋਲਨ ਨੂੰ ਸੰਭਾਲਣ ਦੇ ਸਮਰੱਥ ਹੈ, ਜਿਵੇਂ ਕਿ ਅਤੀਤ ਵਿੱਚ ਨੋਟਬੰਦੀ, ਜੀ. ਐਸ. ਟੀ. ਅਤੇ ਨਾਗਰਿਗਤਾ ਸੋਧ ਕਾਨੂੰਨ ਲਾਗੂ ਕਰਨ ਜਾਂ 370 ਧਾਰਾ ਦੇ ਵਿਰੁੱਧ ਕਸ਼ਮੀਰੀਆਂ ਨੂੰ ਦਬਾਉਣ ਵਿਚ ਸਫਲਤਾ ਪ੍ਰਾਪਤ ਕੀਤੀ ਅਤੇ ਜਾਂ ਫਿਰ ਅਚਾਨਕ ਲੌਕਡਾਊਨ ਲਗਾ ਕੇ ਸਥਿਤੀ ਸੰਭਾਲਣ ਦਾ ਯਤਨ ਕੀਤਾ, ਜਿਸਦੇ ਚਲਦਿਆਂ ਲੱਖਾਂ ਪ੍ਰਵਾਸੀ ਮਜ਼ਦੂਰ ਮਜਬੂਰਨ ਚੁੱਪ-ਚਾਪ ਆਪਣੇ ਪਿੰਡਾਂ ਨੂੰ ਪਰਤ ਗਏ।

ਹੋ ਸਕਦਾ ਹੈ ਕਿ ਭਾਜਪਾ ਨੇ ਇਹ ਹਿਸਾਬ ਲਗਾਇਆ ਹੋਵੇ ਕਿ ਉਹ ਅੰਤਿਮ ਪਲਾਂ ਵਿਚ ਸਥਿਤੀ ਸੰਭਾਲ ਲਵੇਗੀ, ਕਿਉਂਕਿ ਉਹ ਇਹ ਗੱਲ ਸਮਝਣ ਦੀ ਭੁੱਲ ਕਰਨ ਲੱਗ ਪਈ ਹੈ ਕਿ ਉਸਨੂੰ ਫ਼ਰਕ ਨਹੀਂ ਪੈਂਦਾ ਕਿ ਲੋਕਾਂ ਵਿੱਚ ਕਿੰਨਾ ਗ਼ੁੱਸਾ ਜਾ ਅਸੰਤੋਸ਼ ਹੈ ਜਾਂ ਉਹ ਕਿੰਨਾ ਆਰਥਿਕ ਸੰਕਟ 'ਚ ਘਿਰੇ ਹੋਏ ਹਨ। ਉਹ ਹਿੰਦੂਤਵ ਜਾ ਹਿੰਦੂ ਰਾਸ਼ਟਰਵਾਦ ਦੇ ਅੰਤਿਮ ਪੱਤੇ ਦਾ ਇਸਤੇਮਾਲ ਕਰ ਸਕਦੀ ਹੈ, ਜਿਸ ਵਿੱਚ ਬਹੁਤੀ ਵੇਰ ਕਾਮਯਾਬ ਉਹ ਵੀ ਰਹੀ ਹੈ। ਪਰ ਹਰਿਆਣਾ ਜਾਂ ਮੱਧ ਪ੍ਰਦੇਸ਼ ਅਤੇ ਕੁਝ ਹੋਰ ਰਾਜਾਂ ਵਿੱਚ ਪਹਿਲਾਂ ਜੋੜ-ਤੋੜ ਕਰਕੇ ਆਪਣੀਆਂ ਰਾਜ ਸਰਕਾਰ ਬਣਾਉਣ ਵਿਚ ਕਾਮਯਾਬ ਰਹੀ ਭਾਜਪਾ ਦੀ ਮਹਾਂਰਾਸ਼ਟਰ ਵਿੱਚ ਗੱਲ ਨਹੀਂ ਬਣੀ, ਉਸਨੇ ਆਪਣੇ ਸਾਂਝੀਦਾਰ ਨਾਲੋਂ ਪਾਸਾ ਵੱਟ ਲਿਆ। ਅਸਲ ਵਿੱਚ ਪਿਛਲੇ ਕੁਝ ਸਾਲਾਂ ਵਿੱਚ, ਹਿੰਦੂ-ਮੁਸਲਿਮ ਦੀ ਵੰਡ ਦੇਸ਼ ਦੇ ਇੱਕ ਵੱਡੇ ਵਰਗ ਦੇ ਮਨ 'ਚ ਇੰਨਾ ਗਹਿਰਾ ਗਈ ਹੈ ਕਿ ਲੋਕਾਂ ਨੇ ਆਪਣੇ ਆਰਥਿਕ ਸੰਕਟ ਦੀ ਅਣਦੇਖੀ ਕਰਦੇ ਹੋਏ ਹਿੰਦੂ ਪਹਿਚਾਣ ਦੇ ਮੁੱਦੇ ਉੱਤੇ ਵੋਟ ਦਿੱਤੀ। ਇਹ ਉਹ ਚੀਜ਼ ਹੈ ਜਿਸ ਉੱਤੇ ਭਾਜਪਾ ਚੰਗੀ ਤਰਾਂ ਭਰੋਸਾ ਕਰ ਸਕਦੀ ਹੈ ਅਤੇ ਇਸੇ ਕਰਕੇ ਉਹ ਦੇਸ਼ ਵਿੱਚ ਉੱਠੇ ਹਰ ਅੰਦੋਲਨ ਦੀ ਸੰਘੀ ਘੁੱਟਣ ਦੇ ਰਾਹ ਤੁਰੀ ਹੋਈ ਹੈ।

ਸਰਕਾਰ ਕਿਸਾਨਾਂ ਦੀ ਗੱਲ ਨਹੀਂ ਸੁਣ ਰਹੀ। ਆਪਣੀ ਗੱਲ ਸੁਣਾ ਰਹੀ ਹੈ। ਸਰਕਾਰ ਕਿਸਾਨਾਂ ਤੇ ਅੰਦੋਲਨ ਨਾਲ ਜੁੜੇ ਲੋਕਾਂ ਦੀ ਇੱਕਜੁੱਟਤਾ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਕਿਸਾਨ ਖੇਤੀ ਕਾਨੂੰਨਾਂ ਸਮੇਤ ਹੋਰ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਲਗਾਤਾਰ ਸੰਜੀਦਾ ਸੋਚ ਨਾਲ ਆਪਣੇ ਅੰਦੋਲਨ ਨੂੰ ਅੱਗੇ ਵਧਾ ਰਹੇ ਹਨ। ਆਮ ਲੋਕਾਂ ਤੱਕ ਆਪਣੀ ਗੱਲ ਪਹੁੰਚਾ ਰਹੇ ਹਨ। ਤਿੰਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਿਨਾਂ ਆਪਣਾ ਅੰਦੋਲਨ ਵਾਪਿਸ ਲੈਣ ਨੂੰ ਤਿਆਰ ਨਹੀਂ ਹਨ।

ਕੁਝ ਗੱਲਾਂ ਲੋਕ ਅੰਦੋਲਨ ਬਣੇ ਕਿਸਾਨ ਅੰਦੋਲਨ ਬਾਰੇ ਕਰਨੀਆਂ ਬਣਦੀਆਂ ਹਨ:- ਪਹਿਲੀ ਗੱਲ ਇਹ ਕਿ ਦੇਸ਼ ਦੀਆਂ ਸਮੁੱਚੀਆਂ ਵਿਰੋਧੀ ਪਾਰਟੀਆਂ ਇੱਕ ਜੁੱਟ ਹੋਕੇ ਇਸ ਸੰਘਰਸ਼ ਦੌਰਾਨ ਆਪਣੀ ਕੋਈ ਸਾਰਥਕ ਭੂਮਿਕਾ ਨਹੀਂ ਨਿਭਾ ਰਹੀਆਂ।

ਦੂਜੀ ਗੱਲ ਇਹ ਕਿ ਖ਼ਾਸ ਕਰਕੇ ਪੰਜਾਬ ਅਤੇ ਹਰਿਆਣਾ ਵਿੱਚ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਆਪਣੀ ਹੋਂਦ ਨੂੰ ਬਚਾਉਣ ਲਈ ਹੱਥ ਪੈਰ ਮਾਰਨ ਤੇ ਮਜਬੂਰ ਹੋ ਗਈਆਂ ਹਨ। ਕਿਸਾਨ ਜਥੇਬੰਦੀਆਂ ਨੇ ਮਜ਼ਬੂਤ ਫ਼ੈਸਲੇ ਲੈ ਕੇ ਇਸ ਅੰਦੋਲਨ ਵਿਚ ਮੋਹਰੀ ਰੋਲ ਅਦਾ ਕੀਤਾ ਹੈ ਅਤੇ ਸੰਭਾਵਨਾ ਇਸ ਗੱਲ ਦੀ ਬਣ ਗਈ ਹੈ ਕਿ ਪੰਜਾਬ ਵਿੱਚ ਇੱਕ ਵੱਖਰੀ ਲੀਡਰਸ਼ਿਪ ਪੈਦਾ ਹੋਵੇ ਜੋ ਪੰਜਾਬ ਵਿੱਚ ਪੈਦਾ ਹੋਏ ਸਿਆਸੀ ਖਿਲਾਅ ਨੂੰ ਦੂਰ ਕਰ ਸਕੇ।

ਤੀਜੀ ਗੱਲ ਇਹ ਕਿ ਪੰਜਾਬ ਦੇ ਨੌਜਵਾਨ ਜਿਨਾਂ ਉੱਤੇ ਨਸ਼ੇ ਕਰਨ ਦਾ ਦੋਸ਼ ਲਾਇਆ ਜਾ ਰਿਹਾ ਸੀ, ਉਨਾਂ ਨੇ ਇਸ ਅੰਦੋਲਨ 'ਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਚੌਥੀ ਗੱਲ ਇਹ ਕਿ ਪੰਜਾਬ ਦੀਆਂ ਔਰਤਾਂ ਅੰਦੋਲਨ ਦੇ ਆਸ਼ਿਆਂ ਨੂੰ ਸਮਝਕੇ, ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਅੱਗੇ ਆਈਆਂ ਹਨ।

ਪੰਜਵੀਂ ਗੱਲ ਇਹ ਕਿ ਇਸ ਅੰਦੋਲਨ ਖ਼ਿਲਾਫ਼ ਗੋਦੀ ਮੀਡੀਆ ਵੱਲੋਂ ਕੀਤੇ ਜਾ ਰਹੇ ਭੰਡੀ ਪ੍ਰਚਾਰ ਵਿਰੁੱਧ ਅੰਦੋਲਨ ਦੇ ਰਾਹ ਪਏ ਲੋਕਾਂ ਨੇ ਆਪ ਮੋਰਚਾ ਸੰਭਾਲਿਆ ਹੈ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਆਪਣਾ ਪੱਖ ਰੱਖਿਆ ਹੈ। ਉਨਾਂ ਨੇ ਸਾਫ਼ ਕਰ ਦਿੱਤਾ ਹੈ ਕਿ ਇਹ ਅੰਦੋਲਨ ਖਾਲਿਸਤਾਨੀਆਂ ਜਾਂ ਸ਼ਹਿਰੀ ਨਕਸਲੀਆਂ ਦਾ ਨਹੀਂ, ਸਗੋਂ ਆਮ ਲੋਕਾਂ ਦਾ ਹੈ, ਜਿਸ ਦਾ ਇਲਜ਼ਾਮ ਗੋਦੀ ਮੀਡੀਆ ਤੇ ਕੁਝ ਲੋਕ ਮੜਨ ਦਾ ਯਤਨ ਕਰ ਰਹੇ ਸਨ।

ਛੇਵੀਂ ਗੱਲ ਇਹ ਕਿ ਵਿਦੇਸ਼ ਵੱਸਦੇ ਪ੍ਰਵਾਸੀ ਪੰਜਾਬੀਆਂ ਨੇ ਇਸ ਲੋਕ ਅੰਦੋਲਨ ਨੂੰ ਪੂਰੀ ਹਮਾਇਤ ਦਿੱਤੀ ਹੈ ਅਤੇ ਆਪਣੇ ਰਸੂਖ਼ ਦੀ ਵਰਤੋਂ ਕਰਕੇ ਵਿਦੇਸ਼ੀ ਹਕੂਮਤਾਂ ਵੱਲੋਂ ਕਿਸਾਨਾਂ ਦੇ ਹੱਕ ਵਿਚ ਬਿਆਨ ਦੁਆਉਣ ਦੀ ਮੁਹਿੰਮ ਵਿੱਢੀ ਹੈ।

ਸੱਤਵੀਂ ਗੱਲ ਇਹ ਕਿ ਦੇਸ਼ ਦਾ ਹਰ ਵਰਗ, ਜੋ ਮੌਜੂਦਾ ਹਕੂਮਤ ਦੀਆਂ ਮਾਰੂ ਨੀਤੀਆਂ ਤੋਂ ਪੀੜਤ ਸੀ, ਸਹਿਮਿਆ ਬੈਠਾ ਸੀ, ਉਹ ਕਿਸਾਨ ਅੰਦੋਲਨ ਦੇ ਹੱਕ 'ਚ ਨਿੱਤਰਿਆ ਹੈ।

ਅੱਠਵੀਂ ਗੱਲ ਇਹ ਕਿ ਜਿੱਥੇ ਵੀ ਕਿਸਾਨ, ਮਜ਼ਦੂਰ ਅੰਦੋਲਨ ਕਰਨ ਲਈ ਬੈਠੇ ਹਨ, ਉਨਾਂ ਨੂੰ ਉੱਥੇ ਦੇ ਲੋਕਾਂ ਵੱਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ।

ਇਹਨਾਂ ਸਭਨਾਂ ਗੱਲਾਂ ਤੋਂ ਵੱਡੀ ਗੱਲ ਇਹ ਕਿ ਇਹ ਅੰਦੋਲਨ ਲੜ ਰਹੇ ਆਗੂ ਦ੍ਰਿੜਤਾ ਨਾਲ, ਬੇਝਿਜਕ ਹੋਕੇ, ਬਿਨਾਂ ਖੌਫ਼ ਸਰਕਾਰ ਅੱਗੇ ਆਪਣਾ ਪੱਖ ਬਾ-ਦਲੀਲ ਰੱਖ ਰਹੇ ਹਨ ਅਤੇ ਲਿਫ ਨਹੀਂ ਰਹੇ। ਸਰਕਾਰ ਦੇ ਇਸ ਕਹਿਣ ਨੂੰ ਕਿ ਫ਼ਸਲਾਂ ਦੀ ਘੱਟੋ-ਘੱਟ ਕੀਮਤ ਲਾਗੂ ਰਹੇਗੀ ਉਹ ਮੰਨ ਨਹੀਂ ਰਹੇ। ਕਿਸਾਨ ਜ਼ਮੀਨੀ ਹਕੀਕਤ ਜਾਣਦੇ ਹਨ ਕਿ ਉਹ ਨੀਅਤ ਘੱਟੋ-ਘੱਟ ਕੀਮਤ ਤੋਂ ਘੱਟ ਕੀਮਤ 'ਤੇ ਨਿੱਜੀ ਵਪਾਰੀਆਂ ਨੂੰ ਵੇਚਣ ਜਿਨਸ ਲਈ ਮਜਬੂਰ ਹੋ ਜਾਣਗੇ। ਇਹੀ ਕਾਰਨ ਹੈ ਕਿ ਉਹ ਮੰਗ ਰਹੇ ਹਨ ਕਿ ਨਵੇਂ ਤਿੰਨੇ ਖੇਤੀ ਕਾਨੂੰਨ ਰੱਦ ਹੋਣ, ਮੰਡੀਆਂ ਦੀ ਪਹਿਲੀ ਵਿਵਸਥਾ ਬਣੀ ਰਹੇ, ਕਿਉਂਕਿ ਉਹ ਸਮਝਦੇ ਹਨ ਕਿ ਖੇਤੀ ਦੇ ਨਿਗਮੀਕਰਨ ਅਤੇ ਸਮੂਹਿਕ ਖੇਤੀ ਨਾਲ ਕਿਸਾਨ, ਆਪਣੇ ਹੀ ਖੇਤਾਂ ਵਿਚ ਮਜ਼ਦੂਰ ਬਣ ਜਾਣਗੇ ਅਤੇ ਵੱਡੀ ਗਿਣਤੀ 'ਚ ਸ਼ਹਿਰਾਂ ਵਿੱਚ ਰੋਜ਼ਗਾਰ ਲੱਭਣ ਲਈ ਮਜਬੂਰ ਹੋ ਜਾਣਗੇ, ਜਿੱਥੇ ਨੌਕਰੀਆਂ ਪਹਿਲਾਂ ਹੀ ਬਹੁਤ ਘੱਟ ਹਨ।

ਇਹ ਸਭ ਕੁਝ ਮੰਨਦਿਆਂ ਕਿਸਾਨ ਸੜਕਾਂ 'ਤੇ ਆਏ ਹਨ। ਉਨਾਂ ਪੜਾਅ ਵਾਰ ਵੱਡਾ ਅੰਦੋਲਨ ਚਲਾਇਆ ਹੈ, ਉਹ ਸੜਕਾਂ 'ਤੇ ਆਏ। ਉਹ ਰੇਲ ਪਟੜੀਆਂ ਉੱਤੇ ਬੈਠੇ। ਉਨਾਂ ਦਿੱਲੀ ਵੱਲ ਚਾਲੇ ਪਾਏ ਹਨ। ਉਨਾਂ ਦਿੱਲੀ ਘੇਰੀ ਹੋਈ ਹੈ। ਉਹ ਸ਼ਾਂਤਮਈ ਬੈਠੇ ਹਨ। ਉਹ ਦ੍ਰਿੜਤਾ ਨਾਲ ਆਪਣਾ ਪੱਖ ਰੱਖ ਰਹੇ ਹਨ। ਉਨਾਂ ਨੇ ਆਪਣੇ ਇਸ ਅੰਦੋਲਨ ਨੂੰ ਸਿਆਸੀ ਹੱਥਾਂ ਦੀ ਖੇਡ ਨਹੀਂ ਬਣਨ ਦਿੱਤਾ। ਇਸੇ ਲਈ ਆਸ ਬੱਝਦੀ ਹੈ ਕਿ ਇਹ ਅੰਦੋਲਨ ਸਫਲ ਹੋਏਗਾ। ਇਹ ਲੋਕ ਅੰਦੋਲਨ ਨਵੀਆਂ ਪੈੜਾਂ ਪਾਏਗਾ। ਪੰਜਾਬੋਂ ਉੱਠੀ ਇਹ ਗੈਰ-ਸਿਆਸੀ ਲੋਕ ਲਹਿਰ ਦੇਸ਼ ਦੇ ਲੋਕਾਂ ਨੂੰ ਨਵੀਂ ਦਿਸ਼ਾ ਦੇਵੇਗੀ ਅਤੇ ਪੰਜਾਬ 'ਚ ਸਿਆਸੀ ਖਿਲਾਅ ਨੂੰ ਪੂਰਾ ਕਰਨ ਦਾ ਅਧਾਰ ਬਣੇਗੀ।

---

# ਕਿਸਾਨਾਂ ਦੇ ਹੱਕ ਵਿਚ ਆਈਆਂ ਬਾਲੀਵੁੱਡ ਦੀਆਂ ਇਹ ਮਸ਼ਹੂਰ ਅਭਿਨੇਤਰੀਆਂ

## ✪ ਕੰਗਨਾ ਫਿਰ ਆਪੇ ਤੋਂ ਬਾਹਰ, ਗਾਇਕ ਦਲਜੀਤ ਨਾਲ ਜੰਗ ਤਿੱਖੀ ✪ ਦਿਲਜੀਤ ਦੇ ਹੱਕ ਵਿਚ ਡਟੇ ਸਿੱਧੂ ਮੂਸੇ ਵਾਲਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਦੇਸ਼ ਵਿੱਚ ਕਿਸਾਨ ਅੰਦੋਲਨ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਟਵੀਟ ਕਰਕੇ ਇਸ 'ਤੇ ਦੁੱਖ ਜ਼ਾਹਰ ਕੀਤਾ ਹੈ ਕਿ ਕਿਸਾਨ ਬਹੁਤ ਦੁੱਖ ਝੱਲ ਰਿਹਾ ਹੈ। ਉਨਾਂ ਨੇ ਟਵੀਟ ਵਿੱਚ ਲਿਖਿਆ- ਕਿਸਾਨ ਸਾਡੇ ਫ਼ੌਜੀ ਹਨ। ਲੋਕਤੰਤਰੀ ਹੋਣ ਦੇ ਨਾਤੇ, ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਵਿਵਾਦ ਨੂੰ ਜਲਦੀ ਹੱਲ ਕੀਤਾ ਜਾਵੇ। ਇਸ ਦੇ ਨਾਲ ਹੀ ਬਾਲੀਵੁੱਡ ਦੀ ਫ਼ੈਸ਼ਨ ਆਈਕਨ ਸੋਨਮ ਕਪੂਰ ਵੀ ਕਿਸਾਨਾਂ ਦੇ ਸਮਰਥਨ ਵਿਚ ਅੱਗੇ ਆਈ ਹੈ।

**ਕੰਗਨਾ ਤੇ ਦਲਜੀਤ ਦੀ ਜੰਗ ਤਿੱਖੀ**

ਬਾਲੀਵੁੱਡ ਐਕਟ੍ਰੈੱਸ ਕੰਗਨਾ ਰਣੌਤ ਨੇ ਇਨੀਂ ਦਿਨੀਂ ਕਿਸਾਨ ਅੰਦੋਲਨ ਨੂੰ ਲੈ ਕੇ ਜੋ ਵੀ ਕਿਹਾ ਹੈ ਉਸ ਵਜਾ ਕਾਰਨ ਉਹ ਪੰਜਾਬੀਆਂ ਦੇ ਨਿਸ਼ਾਨੇ ਉੱਪਰ ਹੈ। ਹਾਲ ਹੀ ਜੇਮਸ ਆਫ਼ ਬਾਲੀਵੁੱਡ ਨਾਂ ਦੇ ਟਵਿੱਟਰ ਅਕਾਊਂਟ 'ਤੇ ਕੰਗਨਾ ਨੂੰ ਲੈ ਕੇ ਇਕ ਇਸ ਤਰਾਂ ਦਾ ਟਵੀਟ ਕੀਤਾ ਗਿਆ ਜਿਸ ਦੇ ਜਵਾਬ 'ਚ ਐਕਟ੍ਰੈੱਸ ਨੇ ਆਪਣੀ ਤੁਲਨਾ ਡਾਨ ਨਾਲ ਕਰ ਲਈ। ਕੰਗਨਾ ਨੇ ਕਿਹਾ ਕਿ ਜੇ ਉਹ ਡਾਨ ਹੁੰਦੀ ਤਾਂ 72




ਦੇਸ਼ਾਂ ਦੀ ਪੁਲਿਸ ਉਨਾਂ ਦੇ ਪਿੱਛੇ ਹੁੰਦੀ। ਦੂਸਰੇ ਪਾਸੇ ਪੰਜਾਬੀ ਗਾਇਕਾਂ ਨੇ ਵੀ ਕੰਗਨਾ ਵਿਰੁੱਧ ਹਮਲਾ ਵਿੱਢ ਦਿੱਤਾ ਹੈ। ਪੰਜਾਬੀ ਗਾਇਕ ਤੇ ਅਦਾਕਾਰਾ ਦਿਲਜੀਤ ਦੋਸਾਂਝ ਨਾਲ ਵਿਵਾਦਾਂ ਵਿਚ ਰਹੀ ਕੰਗਨਾ ਰਣੌਤ ਤੋਂ ਬਾਅਦ ਹੁਣ ਇਕ ਹੋਰ ਬਾਲੀਵੁੱਡ ਅਦਾਕਾਰਾ ਪਾਇਲ ਰੋਹਤਗੀ ਦਿਲਜੀਤ ਤੇ ਪੰਜਾਬੀਆਂ ਨੂੰ ਮੰਦੇ ਬੋਲ ਆਖ ਰਹੀ ਹੈ। ਹਾਲ ਹੀ 'ਚ ਉਸ ਨੇ ਦਿਲਜੀਤ ਦੋਸਾਂਝ ਤੇ ਹੋਰਨਾਂ ਪੰਜਾਬੀ ਕਲਾਕਾਰਾਂ ਨੂੰ ਅੱਤਵਾਦੀ ਤੇ ਖਾਲਿਸਤਾਨੀ ਕਹਿ ਕੇ ਸੰਬੋਧਨ ਕੀਤਾ ਹੈ।

ਪਾਇਲ ਦੀ ਇਹ ਵੀਡੀਓ ਜਦੋਂ ਸਿੱਧੂ ਮੂਸੇ ਵਾਲਾ ਨੇ ਦੇਖੀ ਤਾਂ ਉਸ ਨੇ ਲਾਈਵ ਹੋ ਕੇ ਕਿਹਾ ਕਿ ਜਿਨਾਂ ਲੋਕਾਂ ਨੂੰ ਬਾਲੀਵੁੱਡ 'ਚ ਕੋਈ ਪੁੱਛਦਾ ਨਹੀਂ, ਉਹ ਆਪਣੇ ਆਪ ਨੂੰ ਬਾਲੀਵੁੱਡ ਦਾ ਚਿਹਰਾ ਦੱਸਦੇ ਹਨ। ਸਿੱਧੂ ਨੇ ਕਿਹਾ ਕਿ ਜੇ ਉਸ ਨੂੰ ਲੱਗਦਾ ਹੈ ਕਿ ਖੇਤੀ ਕਰਨੀ ਇੰਨੀ ਸੌਖੀ ਹੈ ਤਾਂ ਇਕ ਵਾਰ ਜ਼ਮੀਨੀ ਪੱਧਰ 'ਤੇ ਆ ਕੇ ਦੱਸੇ ਕਿ ਕਣਕ ਕਿਵੇਂ ਬੀਜਦੇ ਹਨ। ਪੰਜਾਬੀ ਮਾਡਲ ਤੇ ਗਾਇਕਾ ਹਿਮਾਂਸ਼ੀ ਖੁਰਾਣਾ ਨੇ ਆਪਣੇ ਇੰਸਟਾਗ੍ਰਾਮ ਪੇਜ 'ਤੇ ਲਾਈਵ ਦੌਰਾਨ ਹਿਮਾਂਸ਼ੀ ਖੁਰਾਣਾ ਨੇ ਕੰਗਨਾ ਰਣੌਤ ਤੇ ਪਾਇਲ ਰੋਹਤਗੀ ਦੀ ਕਲਾਸ ਲਗਾਈ ਹੈ ਤੇ ਕਿਹਾ ਕਿ ਜਦੋਂ ਆਪਣੇ ਨਾਲ ਹੁੰਦੇ ਧੱਕੇ 'ਤੇ ਤੁਸੀਂ ਬੋਲਦੇ ਹੋ ਤਾਂ ਉਦੋਂ ਤੁਸੀਂ ਸਹੀ ਹੁੰਦੇ ਹੋ ਪਰ ਜੇਕਰ ਕੋਈ ਹੋਰ ਆਪਣੇ ਹੱਕ ਲਈ ਗੱਲ ਕਰਦਾ ਹੈ ਤਾਂ ਉਹ ਅੱਤਵਾਦੀ ਜਾਂ ਖਾਲਿਸਤਾਨੀ ਬਣ ਜਾਂਦਾ ਹੈ। ਹਿਮਾਂਸ਼ੀ ਨੇ ਇਹ ਵੀ ਕਿਹਾ ਕਿ ਇਹ ਉਹ ਕਲਾਕਾਰ ਹਨ, ਜਿਨਾਂ ਨੂੰ ਬਾਲੀਵੁੱਡ ਵਿਚ ਵੀ ਕੋਈ ਪੁੱਛਦਾ ਨਹੀਂ ਤੇ ਸੋਸ਼ਲ ਮੀਡੀਆ 'ਤੇ ਕਿਸੇ ਨਾ ਕਿਸੇ ਵਿਵਾਦ 'ਤੇ ਬੋਲ ਕੇ ਪ੍ਰਸਿੱਧੀ ਖੱਟਣਾ ਇਨਾਂ ਦੀ ਆਦਤ ਹੈ।

**ਸੰਨੀ ਦਿਉਲ ਮੋਦੀ ਦੇ ਹੱਕ ਵਿਚ**

ਬਾਲੀਵੁੱਡ ਅਦਾਕਾਰ ਤੇ ਗੁਰਦਾਸਪੁਰ ਤੋਂ ਐੱਮ. ਪੀ. ਸੰਨੀ ਦਿਓਲ ਨੇ ਟਵਿਟਰ 'ਤੇ ਲਿਖਿਆ, 'ਮੇਰੀ ਪੂਰੀ ਦੁਨੀਆ ਨੂੰ ਬੇਨਤੀ ਹੈ ਕਿ ਇਹ ਕਿਸਾਨ ਤੇ ਸਾਡੀ ਸਰਕਾਰ ਦਾ ਮਾਮਲਾ ਹੈ।' ਇਸ ਵਿਚਾਲੇ ਕੋਈ ਵੀ ਨਾ ਆਵੇ ਕਿਉਂਕਿ ਦੋਵੇਂ ਆਪਸ 'ਚ ਗੱਲਬਾਤ ਕਰਕੇ ਇਸ ਦਾ ਹੱਲ ਕੱਢਣਗੇ।

### ਕਿਸਾਨ ਅੰਦੋਲਨ ਨੂੰ ਬਾਲੀਵੁੱਡ ਵੱਲੋਂ ਘੱਟ ਸਮਰਥਨ ਮਿਲਣ ਤੋਂ ਨਿਰਾਸ਼- ਗਿੱਪੀ ਗਰੇਵਾਲ

ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਬਾਲੀਵੁੱਡ ਦੀ ਪੰਜਾਬ ਦੇ ਸਮਰਥਨ ਵਿਚ ਨਾ ਖੜੇ ਹੋਣ 'ਕਾਰਨ ਟਿੱਪਣੀ ਕਰਦਿਆਂ ਗਿੱਪੀ ਗਰੇਵਾਲ ਨੇ ਆਪਣੇ ਟਵਿੱਟਰ ਅਕਾਊਂਟ 'ਤੇ ਲਿਖਿਆ, ਕਈ ਸਾਲਾਂ ਤੋਂ ਪੰਜਾਬ ਬਾਲੀਵੁੱਡ ਦਾ ਖੁੱਲੀਆਂ ਬਾਹਵਾਂ ਨਾਲ ਸਵਾਗਤ ਕਰਦਾ ਹੈ, ਪਰ ਇਸ ਮੁੱਦੇ 'ਤੇ ਉਨਾਂ ਦੀ ਚੁੱਪ ਦਰਦ ਦੇਣ ਵਾਲੀ ਹੈ। ਅੱਜ ਜਦ ਪੰਜਾਬ ਨੂੰ ਤੁਹਾਡੀ ਲੋੜ ਹੈ, ਤੁਸੀਂ ਇਕ ਵੀ ਸ਼ਬਦ ਨਹੀਂ ਬੋਲਦੇ। ਇਸ ਦੇ ਨਾਲ ਪੰਜਾਬੀ ਗਾਇਕ ਜੈਜ਼ੀ ਬੀ ਨੇ ਵੀ ਟਵੀਟ ਕੀਤਾ। ਇਸ ਤੋਂ ਇਲਾਵਾ ਕਈ ਬਾਲੀਵੁੱਡ ਸਟਾਰ ਤਾਪਸੀ ਪੰਨੂੰ, ਸਵਰਾ ਭਾਸਕਰ, ਰਿਚਾ ਚੱਢਾ, ਸੋਨੂੰ ਸੂਦ, ਹੰਸਲ ਮਹਿਤਾ ਸਮੇਤ ਹੋਰ ਕਿਸਾਨਾਂ ਦਾ ਸਮਰਥਨ ਕਰ ਚੁੱਕੇ ਹਨ।

# ਨਿਹੰਗ ਸਿੰਘਾਂ ਨੇ ਕਿਸਾਨਾਂ ਦੀ ਸੁਰੱਖਿਆ ਲਈ ਗੱਡਿਆ ਮੋਰਚਾ

## ਸਿੰਘੂ ਸਰਹੱਦ ’ਤੇ ਆਈ. ਟੀ. ਬੀ. ਪੀ., ਆਰ. ਏ. ਐੱਫ., ਸੀ. ਆਰ. ਪੀ. ਐੱਫ. ਦੇ ਜਵਾਨ ਤਾਇਨਾਤ

**- ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦਾ ਪ੍ਰਦਰਸ਼ਨ ਦੂਜੇ ਹਫ਼ਤੇ ਵਿਚ ਪ੍ਰਵੇਸ਼ ਕਰ ਗਿਆ ਹੈ। ਦਿੱਲੀ-ਹਰਿਆਣਾ ’ਤੇ ਸਥਿਤ ਸਿੰਘੂ ਸਰਹੱਦ ’ਤੇ ਵੱਡੀ ਗਿਣਤੀ ਵਿਚ ਕਿਸਾਨਾਂ ਦੀ ਭੀੜ ਪਿਛਲੇ ਦਿਨਾਂ ਤੋਂ ਦਿਨ-ਰਾਤ ਡਟੀ ਹੋਈ ਹੈ। ਸਿੰਘੂ ਸਰਹੱਦ ਦੇ ਨਾਲ-ਨਾਲ ਕਿਸਾਨ ਟਿਕਰੀ ਸਰਹੱਦ ਅਤੇ ਗਾਜ਼ੀਪੁਰ ਸਰਹੱਦ ’ਤੇ ਵੀ ਡਟੇ ਹੋਏ ਹਨ। ਇਸ ਤੋਂ ਇਲਾਵਾ ਕੁਝ ਕਿਸਾਨ ਬੁਰਾੜੀ ਮੈਦਾਨ ’ਚ ਵੀ ਧਰਨਾ ਪ੍ਰਦਰਸ਼ਨ ਕਰ ਰਹੇ ਹਨ।

ਧਰਨੇ ’ਤੇ ਬੈਠੇ ਕਿਸਾਨਾਂ ਦੀ ਗਿਣਤੀ ਹਰ ਰੋਜ਼ ਵਧ ਰਹੀ ਹੈ। ਜਿਸ ਨੂੰ ਵੇਖਦਿਆਂ ਇੱਥੇ ਫੋਰਸ ਦੀ ਤਾਇਨਾਤੀ ਵਿਚ ਵੀ ਇਜ਼ਾਫਾ ਹੋ ਰਿਹਾ ਹੈ। ਸਿੰਘੂ ਸਰਹੱਦ ’ਤੇ ਨਿਹੰਗ ਸਿੰਘਾਂ ਨੇ ਮੋਰਚਾ ਸੰਭਾਲ ਲਿਆ ਹੈ। ਇਸ ਤੋਂ ਇਲਾਵਾ ਦਿੱਲੀ ਪੁਲਿਸ ਦੀ ਐਂਟਰੀ ਟੈਰਰ ਸਕਵਾਇਡ ਸਪੈਸ਼ਲ ਸੈੱਲ ਦੇ ਸੀਨੀਅਰ ਅਫ਼ਸਰ ਵੀ ਡਿਊਟੀ ’ਤੇ ਤਾਇਨਾਤ ਹਨ। ਸਿੰਘੂ ਸਰਹੱਦ ’ਤੇ ਆਈ. ਟੀ. ਬੀ. ਪੀ., ਆਰ. ਏ. ਐੱਫ., ਸੀ. ਆਰ. ਪੀ. ਐੱਫ. ਦੇ ਜਵਾਨ ਤਾਇਨਾਤ ਕੀਤੇ ਗਏ ਹਨ ਤਾਂ ਦੂਜੇ ਪਾਸੇ ਫ਼ਰੰਟ ਲਾਈਨ ’ਤੇ ਨਿਹੰਗ ਸਰਦਾਰ ਤਾਇਨਾਤ ਕੀਤੇ ਗਏ ਹਨ। ਹੱਥਾਂ ਵਿਚ ਕਿਰਪਾਨ, ਨੇਜ਼ੇ ਫੜੀ, ਘੋੜੇ ਨਾਲ ਨਿਹੰਗ ਸਰਹੱਦ ’ਤੇ ਮੌਜੂਦ ਹਨ।

ਨਿਹੰਗ ਸਿੱਖ ਜਾਂ ਖ਼ਾਲਸਾ ਫ਼ੌਜ ਨੇ ਸਿੰਘੂ ਸਰਹੱਦ ’ਤੇ ਕਿਸਾਨਾਂ ਦੀ ਸੁਰੱਖਿਆ ਨੂੰ ਸੰਭਾਲਦਿਆਂ ਕਿਹਾ ਕਿ ਉਹ ਲੜਨ ਲਈ ਨਹੀਂ, ਬਲਕਿ ਸ਼ਾਂਤੀ ਯਕੀਨੀ ਬਣਾਉਣ ਲਈ ਆਏ ਹਨ। ਸੋਨੀਪਤ-ਦਿੱਲੀ ਹਾਈਵੇ ਦੇ ਇਕ ਪਾਸੇ ਪੁਲਿਸ ਬੈਰੀਕੇਡਸ ਦੇ ਬਿਲਕੁਲ ਨਾਲ ਲੱਗਦੇ ਹੋਏ, ਨੀਲੇ ਰੰਗ ਦੇ ਪਹਿਰਾਵੇ ਵਿਚ ਸਜੇ ,ਉੱਚੇ ਦੁਮਾਲਿਆਂ ਵਾਲੇ ਸਿੰਘ ਰਵਾਇਤੀ ਹਥਿਆਰਾਂ ਨਾਲ ਲੈਸ ਹਨ। ਨਿਹੰਗ ਸਿੰਘਾਂ ਦਾ ਕਹਿਣਾ ਹੈ ਕਿ ਅਸੀਂ ਫ਼ਿਰਕੂ, ਸ਼ਰਾਰਤੀ ਅਨਸਰਾਂ ਤੋਂ ਕਿਸਾਨੀ ਕੈਂਪ ਦੀ ਰੱਖਿਆ ਕਰਾਂਗੇ। ਅਸੀਂ ਚਾਰੇ ਪਾਸੇ ਪਹਿਰੇ ਲਗਾ ਦਿੱਤੇ ਹਨ। ਸੁਰੱਖਿਆ ਅਮਲੇ ਅਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਦੇ ਹੋਏ ਕਿਸਾਨਾਂ ਵਿਚਕਾਰ ਅਸੀਂ ਕੰਧ ਹਾਂ।

50-60 ਘੋੜਿਆਂ ਨਾਲ ਕੈਂਪ ਲਗਾ ਕੇ, ਖਡਿਆਣਾ, ਰੋਪੜ ਅਤੇ ਪੰਜਾਬ ਦੇ ਹੋਰ ਇਲਾਕਿਆਂ ਤੋਂ ਟਰੱਕਾਂ ਵਿਚ ਸਿੰਘੂ ਸਰਹੱਦ ਉੱਪਰ ਬਾਜ ਪੰਛੀ ਨਾਲ ਪਹੁੰਚੇ ਨਿਹੰਗ ਸਿੰਘ ਗੈਰ ਪੰਜਾਬੀ ਕਿਸਾਨਾਂ ਲਈ ਦਿੱਖ ਦਾ ਕੇਂਦਰ ਬਣੇ ਹੋਏ ਹਨ। ਨਿਹੰਗ ਜਥੇਦਾਰ ਬਾਬਾ ਗੁਰਦੀਪ ਸਿੰਘ ਖ਼ਾਲਸਾ ਨੇ ਕਿਹਾ ਕਿ ਅਸੀਂ ਹੁਣ ਬੈਰੀਕੇਡਾਂ ’ਤੇ ਹੀ ਡੇਰਾ ਲਾਇਆ ਹੋਇਆ ਹੈ, ਜਿੱਥੇ ਪੁਲਿਸ ਫੋਰਸ ਤਾਇਨਾਤ ਹੈ। ਜੇ ਉਨਾਂ ਨੂੰ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਤੱਕ ਪਹੁੰਚਣ ਦੀ ਜ਼ਰੂਰਤ ਹੈ, ਤਾਂ ਉਨਾਂ ਨੂੰ ਸਾਡੇ ਵਿੱਚੋਂ ਲੰਘਣਾ ਪਏਗਾ। ਅਸੀਂ ਇੱਥੇ ਆਪਣੇ ਲੋਕਾਂ ਦੀ ਸੁਰੱਖਿਆ ਪ੍ਰਦਾਨ ਕਰਨ ਲਈ ਹਾਂ ਅਤੇ ਅਸੀਂ ਕਿਸੇ ਵੀ ਤਰਾਂ ਹਿੰਸਾ ਦੀ ਹਮਾਇਤ ਨਹੀਂ ਕਰਦੇ।





### ਹਮ ਰਾਖਤ ਪਾਤਿਸਾਹੀ ਦਾਵਾ

**- ਗੁਰਬਚਨ ਸਿੰਘ ਦੇਸ ਪੰਜਾਬ**

9 ਜੂਨ, 1716 ਈਸਵੀ ਨੂੰ ਦਿੱਲੀ ਦੇ ਲੋਕਾਂ ਨੇ ਸ਼ਹਿਰ ਦੀਆਂ ਗਲੀਆਂ ਵਿਚ ਇਕ ਅਨੋਖਾ ਜਲੂਸ ਲੰਘਦਾ ਵੇਖਿਆ। ਅੱਗੇ ਅੱਗੇ ਹਾਥੀ ਉੱਤੇ ਰੱਖੇ ਇਕ ਲੋਹੇ ਦੇ ਪਿੰਜਰੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਕੈਦ ਸੀ। ਲੋਹੇ ਦੇ ਪਿੰਜਰੇ ਵਿਚ ਵੀ ਉਸ ਦੇ ਹੱਥ ਪੈਰ ਸੰਗਲ਼ਾਂ ਨਾਲ ਬੰਨੇ ਹੋਏ ਸਨ। ਹਾਥੀ ਦੇ ਪਿੱਛੇ ਘੋੜ ਸਵਾਰ ਮੁਗ਼ਲ ਫ਼ੌਜੀ ਸੱਤ ਸੌ ਤੋਂ ਵਧੇਰੇ ਸਿੰਘਾਂ ਦੇ ਸਿਰਾਂ ਨੂੰ ਨੇਜ਼ਿਆਂ ਉੱਤੇ ਲਟਕਾਈ ਚੱਲ ਰਹੇ ਸਨ। ਅਨੇਕ ਸਿੰਘਾਂ ਦੇ ਸਿਰਾਂ ਵਿਚੋਂ ਤਾਜ਼ਾ ਖ਼ੂਨ ਚੋਅ ਰਿਹਾ ਸੀ। ਇਹ ਸਾਰਾ ਜਲੂਸ ਦਿੱਲੀ ਦੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਖ਼ੁਆਜਾ ਕੁਤਬੁਦੀਨ ਬਖਤਿਆਰ ਕਾਕੀ ਦੇ ਰੋਜ਼ੇ ਕੋਲ ਪਹੁੰਚ ਕੇ ਠਹਿਰ ਗਿਆ। ਅੱਖੀਂ ਡਿੱਠੇ ਦ੍ਰਿਸ਼ ਮੁਤਾਬਿਕ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸ ਅਸਥਾਨ ਉੱਤੇ ਲਿਆ ਕੇ ਸ਼ਹੀਦ ਕੀਤਾ ਗਿਆ। ਪਹਿਲਾਂ ਜੰਬੂਰਾ ਨਾਲ ਸਰੀਰ ਦਾ ਮਾਸ ਨੋਚਿਆ ਗਿਆ। ਫਿਰ ਉਸਦੇ ਅੰਗ-ਅੰਗ ਨੂੰ ਕੋਹਿਆ ਗਿਆ। ਬਾਬਾ ਜੀ ਦੇ ਜਿਉਂਦੇ ਚਾਰ ਸਾਲਾਂ ਬੱਚੇ ਦਾ ਕਲੇਜਾ ਕੱਢ ਕੇ ਉਨਾਂ ਦੇ ਮੂੰਹ ਵਿਚ ਪਾਇਆ ਗਿਆ। ਪ੍ਰਾਣ ਨਿਕਲਣ ਤੱਕ ਬਾਬਾ ਜੀ ਨੂੰ ਅਨੇਕ ਤਰਾਂ ਦੇ ਤਸੀਹੇ ਦਿੱਤੇ ਗਏ। ਕਾਂਵਾਂ, ਇਲਾਂ ਦੇ ਖਾਣ ਲਈ ਬਾਬਾ ਜੀ ਦੀ ਦੇਹ ਨੂੰ ਰੂੜੀਆਂ ਵਿਚ ਸੁੱਟ ਦਿੱਤਾ ਗਿਆ। ਬਾਬਾ ਜੀ ਦੀ ਇਹ ਸ਼ਹੀਦੀ ਕਿਉਂ ਹੋਈ ?

ਕਿਉਂਕਿ ਬਾਬਾ ਜੀ ਨੇ ਬਾਦਸ਼ਾਹ ਕੋਲੋਂ ਜਗੀਰਾਂ ਤੇ ਰੁਜੀਨੇ ਲੈ ਕੇ ਜ਼ਿੰਦਗੀ ਗੁਜ਼ਾਰਨ ਨਾਲੋਂ ਗੁਰੂਆਂ ਵੱਲੋਂ ਦਿੱਤੇ ਪਾਤਸ਼ਾਹੀ ਕਾਇਮ ਕਰਨ ਦੇ ਨਿਸ਼ਾਨੇ ਉੱਤੇ ਆਪਣੇ ਅੰਤ ਤਕ ਦ੍ਰਿੜਤਾ ਨਾਲ ਡਟੇ ਰਹਿਣ ਦਾ ਆਪਣਾ ਬਚਨ ਪੂਰਾ ਕੀਤਾ। ਇਸ ਧਰਤੀ ਉੱਤੇ ਮਨੁੱਖਾਂ ਬਾਦਸ਼ਾਹੀ ਦੀ ਥਾਂ ਅਕਾਲ ਪੁਰਖ ਦੀ ਪਾਤਸ਼ਾਹੀ ਕਾਇਮ ਕਰਨ ਦੇ ਗੁਰੂਆਂ ਦੇ ਨਿਸ਼ਾਨੇ ਨੂੰ ਪੂਰਾ ਕਰਨ ਦਾ ਯਤਨ ਕੀਤਾ। ਮੁਗ਼ਲ ਸਾਮਰਾਜ ਦੀਆਂ ਜੜਾਂ ਪੁੱਟਣ ਲਈ ਕਰੀਬ ਅੱਠ ਸਾਲ ਬਾਬਾ ਜੀ ਨੇ ਪੰਜਾਬ ਅੰਦਰ ਮੁਗ਼ਲ ਫ਼ੌਜ ਦੇ ਪੈਰਾਂ ਹੇਠ ਬਲਦੇ ਅੰਗਿਆਰ ਵਿਛਾਈ ਰੱਖੇ। ਬਾਦਸ਼ਾਹ ਬਹਾਦਰ ਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਨੂੰ ਕੁਚਲਣ ਆਇਆ ਪਾਗਲ ਹੋ ਕੇ ਪੰਜਾਬ ਅੰਦਰ ਹੀ ਮਰ ਗਿਆ। ਗੱਦੀ ਲਈ ਉਸ ਦੇ ਪੁੱਤਰਾਂ ਵਿਚਕਾਰ ਛਿੜੀ ਜੰਗ ਕਾਰਨ ਡੇਢ ਮਹੀਨੇ ਦੇ ਕਰੀਬ ਉਸ ਦੀ ਲਾਸ਼ ਲਾਹੌਰ ਪਈ ਰਹੀ।



ਪ੍ਰਦਰਸ਼ਨ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਉਨਾਂ ਕਿਹਾ ਕਿ ਇਹ ਸਰਕਾਰ ਦੀ ਬੁਰਛਾਗਰਦੀ ਹੈ। ਜ਼ੁਲਮ ਹੈ। ਇਸ ਦੀ ਅਸੀਂ ਨਿੰਦਾ ਕਰਦੇ ਹਾਂ। ਉਨਾਂ ਕਿਹਾ ਕਿ ਨਿਹੰਗ ਸਿੰਘ ਸਮੂਹ ਦੇਸ਼ ਭਰ ਵਿੱਚ ਮੌਜੂਦ ਹਨ ਅਤੇ ਜਦੋਂ ਵੀ ਲੋੜ ਪਵੇ ਤਾਂ ਸਭ ਇਕ ਮੰਚ ਉੱਪਰ ਇਕੱਠੇ ਹੁੰਦੇ ਸਨ। ਅਸੀਂ ਨਹੀਂ ਚਾਹੁੰਦੇ ਕਿ ਹਿੰਸਾ ਦੁਬਾਰਾ ਵਾਪਰੇ। ਸਰਕਾਰ ਸ਼ਾਂਤੀ ਤੋਂ ਕੰਮ ਲਵੇ। ਸਾਡੇ ਨਾਲ ਦਿੱਲੀ, ਹਰਿਆਣਾ ਅਤੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਤੋਂ ਸਾਡੇ ਸਿੰਘ ਸ਼ਾਮਲ ਹੋ ਰਹੇ ਹਨ। ਇਸ ਸਮੇਂ ਸਾਡੇ ਵਿਚੋਂ 500 ਦੇ ਕਰੀਬ ਇੱਥੇ ਮੌਜੂਦ ਹਨ।

ਨਿਹੰਗ ਸਿੰਘ ਆਪਣੇ ਕੈਂਪ ਵਿਚ ਅਲੱਗ ਲੰਗਰ ਤਿਆਰ ਕਰਦੇ ਹਨ। ਇਕ ਨਿਹੰਗ ਤੋਂ ਇਲਾਵਾ ਕਿਸੇ ਨੂੰ ਵੀ ਉਸ ਰਸੋਈ ਦੇ ਨੇੜੇ ਜਾਣ ਦੀ ਆਗਿਆ ਨਹੀਂ ਹੈ।

ਰੋਪੜ ਤੋਂ ਆਏ ਇਕ ਹੋਰ ਨਿਹੰਗ ਸਿੰਘ ਅਮਨ ਸਿੰਘ ਨੇ ਕਿਹਾ ਕਿ ਅਸੀਂ ਇੱਥੇ ਆਪਣੇ ਲੋਕਾਂ ਦੇ ਹੱਕਾਂ ਲਈ ਲੜਨ ਲਈ ਆਏ ਹਾਂ। ਸਾਡੇ ਕੋਲ ਹਥਿਆਰ ਹਨ ਪਰ ਅਸੀਂ ਕਦੇ ਹਿੰਸਾ ਨਹੀਂ ਕਰਾਂਗੇ। ਹਥਿਆਰ ਸੁਰੱਖਿਆ ਦਾ ਪ੍ਰਤੀਕ ਹਨ, ਸਾਡੀ ਮੌਜੂਦਗੀ ਦਾ ਅਰਥ ਹੈ ਕਿ ਕਿਸੇ ਨਾਲ ਵੀ ਜ਼ੁਲਮ ਨਹੀਂ ਹੋਣ ਦਿੱਤਾ ਜਾਵੇਗਾ।

ਇਕ ਹੋਰ ਨਿਹੰਗ, ਸਤਨਾਮ ਸਿੰਘ ਬਾਗੀ, ਜੋ ਮਹਾਰਾਸ਼ਟਰ ਤੋਂ ਜਥੇ ਸਮੇਤ ਇੱਥੇ ਆਏ, ਨੇ ਕਿਹਾ ਕਿ ਹੋਰ ਵੀ ਜਥੇ ਆ ਰਹੇ ਹਨ।

ਸਤਨਾਮ ਸਿੰਘ ਨੇ ਕਿਹਾ ਕਿ ਉਹ ਸਮਾਜ ਵਿਰੋਧੀ ਅਨਸਰਾਂ ’ਤੇ ਨਜ਼ਰ ਰੱਖ ਰਹੇ ਹਨ ਜੋ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਸਾਡੇ ਆਦਮੀ ਜਾਗਰੂਕ ਹਨ ਅਤੇ ਅਸੀਂ ਦੁਸ਼ਮਣਾਂ ’ਤੇ ਨਜ਼ਰ ਰੱਖ ਰਹੇ ਹਾਂ ਜੋ ਕਿਸੇ ਬਾਹਰਲੇ ਵਿਅਕਤੀ ਦੀ ਤਰਾਂ ਦਿਖਦਾ ਹੈ। ਉਨਾਂ ਨੂੰ ਰੋਕਿਆ ਜਾਂਦਾ ਹੈ ਅਤੇ ਉਨਾਂ ਦੇ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਹੋਣ ਤੋਂ ਬਾਅਦ ਹੀ ਅੰਦਰ ਆਉਣ ਦਿੱਤਾ ਜਾਂਦਾ ਹੈ। ਯਾਦ ਰਹੇ ਕਿ ਇਨਾਂ ਸਿੰਘਾਂ ਦੀ ਅਗਵਾਈ ਸ਼੍ਰੋਮਣੀ ਪੰਥ ਅਕਾਲੀ ਦਲ ਬੁੱਢਾ ਦਲ ਦੇ ਜਥੇਦਾਰ ਸਰਵਨ ਸਿੰਘ ਰਸਾਲਦਾ, ਬਾਬਾ ਬਘੇਲ ਸਿੰਘ ਰਤੀਆ, ਬਾਬਾ ਜੱਗਾ ਸਿੰਘ, ਬਾਬਾ ਸ਼ਿੰਗਾਰਾ ਸਿੰਘ ਵੱਲੋਂ ਕੀਤੀ ਜਾ ਰਹੀ ਸੀ।

---

# ਤਾਰੀਖ ਤੇ ਤਾਰੀਖ ...ਬੇਸਿੱਟਾ ਰਹਿ ਰਹੀਆਂ ਕਿਸਾਨੀ ਅੰਦੋਲਨ ਬੈਠਕਾਂ

**- ਹਰਕੀਰਤ ਕੌਰ ਸਭਰਾ**
੯੭੭੯੧੧੮੦੬੬

ਦਿੱਲੀ ਵਿੱਚ ਚੱਲ ਰਹੇ ਕਿਸਾਨੀ ਅੰਦੋਲਨ ਦਾ ਮਾਹੌਲ ਪੂਰੀ ਤਰਾਂ ਭਖਿਆ ਹੋਇਆ ਹੈ। ਦਿੱਲੀ ਦੇ ਅੰਦੋਲਨ ਨੂੰ ਚੱਲਦਿਆਂ ਪੂਰੇ ਅੱਠ ਦਿਨ ਹੋ ਗਏ ਹਨ, ਪਰ ਉਸ ਵਿੱਚ ਹਿੱਸਾ ਲੈ ਰਹੇ ਹਰ ਮਾਈ ਭਾਈ, ਬਜ਼ੁਰਗਾਂ ਦਾ ਹੌਸਲਾ ਅਤੇ ਸਬਰ ਉਸੇ ਤਰਾਂ ਬਰਕਰਾਰ ਹੈ। ਜਿੱਥੇ ਕੇਂਦਰ ਅਤੇ ਕਿਸਾਨਾਂ ਦੇ ਸਬੰਧਾਂ ਦੀ ਤਾਣੀ ਉਲਝ ਰਹੀ ਹੈ, ਉੱਥੇ ਪੰਜਾਬ, ਹਰਿਆਣੇ, ਯੂ. ਪੀ, ਬਿਹਾਰ ਤੇ ਹੋਰ ਰਾਜਾਂ ਤੋਂ ਆਏ ਕਿਸਾਨਾਂ ਦੀ ਏਕਤਾ ਅਤੇ ਸਬੰਧ ਹੋਰ ਗੂੜੇ ਅਤੇ ਇਰਾਦੇ ਹੋਰ ਪੱਕੇ ਹੋ ਰਹੇ ਹਨ। ਮੈਂ ਪਹਿਲਾਂ ਵੀ ਕਈ ਵਾਰ ਆਪਣੇ ਲੇਖਾਂ ਵਿੱਚ ਜ਼ਿਕਰ ਕਰ ਚੁੱਕੀ ਹਾਂ ਕਿ ਭਾਰਤੀ ਸਿਸਟਮ ਦੀ ਸਭ ਤੋਂ ਵੱਡੀ ਕਮੀ ਹੀ ਇਹ ਹੈ ਕਿ ਇੱਥੇ ਕਦੇ ਵੀ ਇਨਸਾਫ਼ ਪਹਿਲੀ ਜਾਂ ਦੂਜੀ ਤਾਰੀਖ ਵਿੱਚ ਨਹੀਂ ਮਿਲਿਆ, ਸਾਲਾਂ-ਬੱਧੀ ਹਰ ਕੇਸ ਹਰ ਬੈਠਕ ਨੂੰ ਲਮਕਾਇਆ ਜਾਂਦਾ ਹੈ, ਜ਼ਿਆਦਾਤਰ ਹੈਰਾਨਗੀ ਤਾਂ ਉਦੋਂ ਹੁੰਦੀ ਹੈ ਜਦੋਂ ਬਲਾਤਕਾਰ ਵਰਗੇ ਸੰਗੀਨ ਜੁਰਮ ਦੇ ਅਪਰਾਧੀ ਜੋ ਆਪਣੇ ਮੂੰਹੋਂ ਆਪਣਾ ਜੁਰਮ ਵੀ ਕਬੂਲ ਕਰ ਚੁੱਕੇ ਹੁੰਦੇ ਹਨ, ਕਾਨੂੰਨ ਦੇ ਸਾਹਮਣੇ ਹੋਣ ਤੇ ਵੀ ਉਸ ਨੂੰ ਅੱਠ ਅੱਠ ਸਾਲ ਇਸ ਲਈ ਸਜ਼ਾ ਨਹੀਂ ਦਿੱਤੀ ਜਾਂਦੀ ਤਾਂ ਜੋ ਉਹ ਅਪਰਾਧੀ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰ ਸਕੇ, ਅਤੇ ਇਨਸਾਫ਼ ਦੀ ਗੁਹਾਰ ਲਗਾ ਰਹੇ ਲੋਕਾਂ ਦੇ ਹਿੱਸੇ ਆਉਂਦੀ ਹੈ ਬਸ ਤਾਰੀਖ.... ਬਿਲਕੁਲ ਏਸੇ ਤਰਾਂ ਕਿਸਾਨੀ ਅੰਦੋਲਨ ਵਿੱਚ ਹੋ ਰਹੀਆਂ ਬੈਠਕਾਂ ਵੀ ਬੇਸਿੱਟਾ ਨਿਕਲ ਰਹੀਆਂ ਹਨ ਜਿਨਾਂ ਦਾ ਕਿਸਾਨਾਂ ਦੇ ਹੱਕ ਵਿੱਚ ਕੋਈ ਹੱਲ ਨਹੀਂ ਨਿਕਲ ਰਿਹਾ। ਹਰ ਵਾਰ ਦੀ ਤਰਾਂ ਬੈਠਕ ਨੂੰ ਅਗਲੇਰੀ ਤਾਰੀਖ ਤੇ ਪਾ ਦਿੱਤਾ ਜਾਂਦਾ ਹੈ। ਮਿਤੀ 3 ਦਸੰਬਰ ਨੂੰ ਹੋਈ ਬੈਠਕ ਵਿੱਚ ਕੇਂਦਰ ਖੇਤੀ ਬਿੱਲਾਂ ਵਿੱਚ ਸੋਧ ਕਰਨ ਲਈ ਤਾਂ ਮੰਨ ਗਈ ਪਰ ਉਨਾਂ ਕਾਨੂੰਨਾਂ ਨੂੰ ਵਾਪਿਸ ਲੈਣ ਦੀ ਹਾਮੀ ਨਹੀਂ ਭਰ ਰਹੀ। ਪਰ ਹਰ ਇੱਕ ਕਿਸਾਨ ਦੀ ਮੰਗ ਖੇਤੀ ਬਿੱਲਾਂ ਨੂੰ ਵਾਪਸ ਲੈਣ ਦੀ ਹੈ ।

ਕੇਂਦਰ ਨੇ ਕਿਸਾਨਾਂ ਦੇ ਹੱਕ ਵਿੱਚ ਫ਼ੈਸਲਾ ਤਾਂ ਕੀ ਕਰਨਾ ਹੈ, ਉਲਟਾ ਆਪਣੀਆਂ ਕੋਝੀਆਂ ਯੁੱਧ ਨੀਤੀਆਂ ਰਾਹੀਂ ਸ਼ਰਾਰਤੀ ਅਨਸਰਾਂ ਨੂੰ ਭੇਜ ਕੇ ਤਣਾਅ ਪੂਰਵਕ ਸਥਿਤੀਆਂ ਪੈਦਾ ਕਰਨੀਆਂ ਚਾਹੁੰਦੀ ਹੈ। ਇਸੇ ਯੁੱਧ ਨੀਤੀ ਤਹਿਤ ਹਰ ਵਾਰ ਦੀ ਤਰਾਂ ਸਾਡੀ ਆਸਥਾ ਅਤੇ ਦੁਖਦੀ ਰਗ ਉੱਤੇ ਸੱਟ ਮਾਰੀ ਜਾ ਰਹੀ ਹੈ ਅਤੇ ਸਾਡੇ ਗੁਰੂ ਸਾਹਿਬ ਦੀਆਂ ਤਸਵੀਰਾਂ ਅਤੇ ਗੁਟਕਿਆਂ ਦੀ ਬੇਅਦਬੀ ਕਰਵਾਈ ਜਾ ਰਹੀ ਹੈ। ਤਾਂ ਜੋ ਕਿਸਾਨੀ ਮੋਰਚੇ ਵਿੱਚ ਲੰਮੀਆਂ ਤਾਣ ਕੇ ਬੈਠੇ ਕਿਸਾਨਾਂ ਦਾ ਧਿਆਨ ਭਟਕਾਇਆ ਜਾ ਸਕੇ।

ਆਪਣੇ ਅਜਿਹੇ ਕਾਰਨਾਮਿਆਂ ਕਰਕੇ ਕੇਂਦਰ ਸਰਕਾਰ ਪੂਰੀ ਦੁਨੀਆ ਦੀ ਸਿਆਸਤ ਕੋਲੋਂ ਥੂੰ-ਥੂੰ ਕਰਵਾ ਰਹੀ ਹੈ। ਜੇਕਰ ਕੇਂਦਰ ਸਰਕਾਰ ਸੱਚਮੁੱਚ ਕਿਸਾਨ ਹਿਤੈਸ਼ੀ ਹੁੰਦੀ ਤਾਂ ਉਸਨੂੰ ਸਰਦੀਆਂ ਦੇ ਮੌਸਮ ਵਿੱਚ ਨੀਲੀ ਛੱਤ ਹੇਠਾਂ ਬੈਠੇ ਕਿਸਾਨ ਰੂਪੀ ਬਜ਼ੁਰਗ, ਮਾਤਾਵਾਂ, ਭੈਣਾਂ, ਬੱਚਿਆਂ ਉੱਪਰ ਤਰਸ ਜ਼ਰੂਰ ਆਉਂਦਾ ਪਰ ਸਤਾ ਦੇ ਨਸ਼ੇ ਵਿੱਚ ਧੁੱਤ ਹੋਈ ਸਰਕਾਰ ਨੂੰ ਬਜਾਇ ਆਪਣੀ ਫੋਕੀ ਆਕੜ ਤੇ ਖੈਹਬਾਜੀ ਤੋਂ ਕੁਝ ਨਜ਼ਰ ਨਹੀਂ ਆਉਂਦਾ। ਜਿਉਂ ਜਿਉਂ ਦਿਨ ਬੀਤ ਰਹੇ ਹਨ, ਕਿਸਾਨੀ ਅੰਦੋਲਨ ਹੋਰ ਵੀ ਗਰਮਾਇਆ ਜਾਣ ਲੱਗਾ ਹੈ, ਪਰ ਇਹੀ ਸਮਾਂ ਹੈ ਜਦੋਂ ਕਿਸਾਨ ਭਰਾਵਾਂ ਨੂੰ ਬਹੁਤ ਹੀ ਸੂਝਬੂਝ ਅਤੇ ਹੌਸਲੇ, ਧੀਰਜ ਦੀ ਜ਼ਰੂਰਤ ਪਵੇਗੀ। ਕਿਉਂਕਿ ਸਰਕਾਰ ਦੀ ਰਣਨੀਤੀ ਇਹੀ ਹੈ ਕਿ ਇਸ ਮਸਲੇ ਨੂੰ ਅਗਲੇਰੀਆਂ ਬੈਠਕਾਂ ਤੱਕ ਟਾਲ ਕੇ, ਕਿਸਾਨਾਂ ਦੇ ਮਨਾਂ ਵਿੱਚ ਰੋਹ ਪੈਦਾ ਕੀਤਾ ਜਾਵੇ, ਗ਼ੁੱਸੇ ਵਿੱਚ ਆਏ ਕਿਸਾਨ ਕੋਈ ਕਾਰਵਾਈ ਕਰਨ ਅਤੇ ਇਸ ਸ਼ਾਂਤਮਈ ਅੰਦੋਲਨ ਨੂੰ ਹਿੰਸਕ ਰੂਪ ਦਿੱਤਾ ਜਾ ਸਕੇ। ਪਰ ਪਿਛਲੇ ਸਮੇਂ ਦੀ ਤਰਾਂ ਸਾਨੂੰ ਕਿਸਾਨ ਭਰਾਵਾਂ ਨੂੰ ਹੋਰ ਵੀ ਜ਼ਿਆਦਾ ਸੂਝਬੂਝ ਤੋਂ ਕੰਮ ਲੈਣਾ ਪਵੇਗਾ। ਆਪਣੀ ਧੀਰਜ ਨੂੰ ਅਤੇ ਅਨੁਸ਼ਾਸਨ ਨੂੰ ਇਸੇ ਤਰਾਂ ਬਣਾਈ ਰੱਖਣਾ ਪਵੇਗਾ। ਦੂਸਰੇ ਪਾਸੇ ਕੇਂਦਰ ਸਰਕਾਰ ਤੋਂ ਵੀ ਮਹਿਜ਼ ਇੱਕ ਨਾਮ ਦੀ ਝੂਠੀ ਆਸ ਰੱਖ ਸਕਦੇ ਹਾਂ ਕਿ ਅਗਲੀ ਹੋਣ ਵਾਲੀ ਬੈਠਕ ਨੂੰ ਕਿਸਾਨਾਂ ਦੇ ਹੱਕਾਂ ਵਿੱਚ ਫ਼ੈਸਲੇ ਆਉਣਗੇ, ਕਿਸਾਨ ਇਹ ਮੈਦਾਨ ਫ਼ਤਿਹ ਕਰਕੇ ਸੁੱਖੀ-ਸਾਂਦੀ ਆਪਣੇ ਘਰਾਂ ਨੂੰ ਪਰਤਣਗੇ.... ਬਜਾਏ ਇਹ ਸੁਣੇ ਕਿ ਬੈਠਕ ਅਗਲੇਰੀ ਤਾਰੀਖ ਤੱਕ ਮੁਲਤਵੀ ਕੀਤੀ ਜਾਂਦੀ ਹੈ........

## ਸ਼੍ਰੋਮਣੀ ਅਕਾਲੀ ਦਲ ਦੇ 100 ਸਾਲਾ ਦਿਵਸ ’ਤੇ ਵਿਸ਼ੇਸ਼

# ਸਿੱਖ ਕੌਮ ਦੀ ਖੜਗ-ਭੁਜਾ ਸ਼੍ਰੋਮਣੀ ਅਕਾਲੀ ਦਲ

- ਮਨਪ੍ਰੀਤ ਸਿੰਘ ਬਾਜ
baaz332211@gmail.com

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਂਗ ਉਨਾਂ ਦੁਸ਼ਵਾਰੀਆਂ ਭਰੇ ਮਾਹੌਲ ਵਿਚੋਂ ਹੀ ਹੋਈ ਸੀ ਜਦੋਂ ਗੁਰਦੁਆਰਾ ਪ੍ਰਬੰਧਾਂ ਅੰਦਰ ਮਹੰਤਾਂ ਦੀ ਗੁੰਡਾਗਰਦੀ ਨੂੰ ਦੇਖ ਕੇ ਸਿੱਖਾਂ ਦੇ ਹਿਰਦੇ ਵਲੂੰਧਰੇ ਹੋਏ ਸਨ। ਗੁਰਦੁਆਰਾ ਸਾਹਿਬ ਉਹ ਸੰਸਥਾ ਹੈ ਜਿੱਥੇ ਸੁਸ਼ੋਭਿਤ ਅਧਿਆਤਮਕਤਾ ਦੇ ਸੋਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਿੱਖ ਕੌਮ ਦੇ ਸਾਹ ਚੱਲਦੇ ਹਨ। 1849 ਈ. ਵਿਚ ਅੰਗਰੇਜ਼ਾਂ ਹੱਥੋਂ ਗ਼ੁਲਾਮ ਹੋਣ ਉਪਰੰਤ ਸਿੱਖ ਸ਼ਕਤੀ ਨੂੰ ਪੁਨਰ ਸੰਗਠਿਤ ਹੋਣ ਵਿਚ ਕਈ ਦਹਾਕੇ ਲੱਗ ਗਏ। ਸਿੱਖ ਸ਼ਕਤੀ ਦੇ ਪੁਨਰ ਸੰਗਠਿਤ ਹੋਣ ਪਿੱਛੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਕਰਨ ਲਈ ਪ੍ਰਚੰਡ ਹੋਈ ਭਾਵਨਾ ਕੰਮ ਕਰ ਰਹੀ ਸੀ, ਜਿਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ 15 ਨਵੰਬਰ, 1920 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਤ ਕੀਤੀ ਗਈ ਅਤੇ ਅਗਲੇ ਮਹੀਨੇ 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਰਨ ਪਿੱਛੇ ਬਹੁਤ ਵੱਡੇ ਕਾਰਨ ਸਨ, ਜਿਨਾਂ ਬਾਰੇ ਹਰੇਕ ਸਿੱਖ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਗੁਰਬਾਣੀ ਦੇ ਫੁਰਮਾਨ- ‘ਰਾਜ ਬਿਨਾ ਨ ਧਰਮ ਚਲੈ ਹੈ ਧਰਮ ਬਿਨਾ ਸਭ ਦਲੈ ਮਲੈ ਹੈ’ ਅਨੁਸਾਰ ਉਨਾਂ ਜ਼ੁਲਮੀ ਹਵਾਵਾਂ ਵਿਚ ਸੰਘਰਸ਼ ਕਰਕੇ ਸਿੱਖਾਂ ਨੇ ਧਰਮ ਅਤੇ ਗੁਰਦੁਆਰਾ ਸਾਹਿਬਾਨ ਦੀ ਰੱਖਿਆ ਲਈ ਰਾਜਸੀ ਸ਼ਕਤੀ ਕਾਇਮ ਕਰਨ ਦੀ ਦੂਰ-ਅੰਦੇਸ਼ੀ ਸੋਚ ਨਾਲ ਖੜਗ-ਭੁਜਾ ਵਜੋਂ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਸੀ।

ਸ਼੍ਰੋਮਣੀ ਅਕਾਲੀ ਦਲ ਬਣਨ ਸਮੇਂ ਦੇ ਹਾਲਾਤਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਹ ਉਹ ਸਮਾਂ ਸੀ ਜਦੋਂ ਸਿੱਖ ਕੌਮ ਗ਼ੁਲਾਮੀ ਹੰਢਾਅ ਰਹੀ ਸੀ, ਗ਼ੁਲਾਮੀ ਦਾ ਉਹ ਅਹਿਸਾਸ ਸਿੱਖਾਂ ਲਈ ਨਾ ਮਰਿਆਂ-ਨਾ ਜਿਉਂਦਿਆਂ ਬਰਾਬਰ ਸੀ। ਸਿੱਖ ਕੌਮ ਦਾ ਗੁਰਦੁਆਰਾ ਸਾਹਿਬਾਨ ਦੇ ਬਿਨਾਂ ਆਪਣਾ ਕੋਈ ਵਜੂਦ ਨਹੀਂ। ਸਿੱਖ ਤਾਂ ਜਿਉਂਦਾ ਹੀ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰ ਕੇ ਹੈ। ਉਨਾਂ ਸਮਿਆਂ ਵਿਚ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਗਏ ਸਿੱਖਾਂ ਨੂੰ ਮਹੰਤਾਂ ਵੱਲੋਂ ਧਿਰਕਾਰਿਆ ਜਾਂਦਾ ਸੀ, ਮਾਰਿਆ-ਕੁੱਟਿਆ ਜਾਂਦਾ ਸੀ ਅਤੇ ਅਖੌਤੀ ਨੀਵੀਂ ਜਾਤ ਦੇ ਸਿੱਖਾਂ ਵੱਲੋਂ ਭੇਟ ਕੀਤਾ ਪ੍ਰਸਾਦਿ ਸਵੀਕਾਰ ਨਹੀਂ ਸੀ ਕੀਤਾ ਜਾਂਦਾ। ਮਹੰਤਾਂ ਵੱਲੋਂ ਕਈ ਵਾਰ ਗੁਰਦੁਆਰਾ ਸਾਹਿਬਾਨ ਵਿਖੇ ਦਰਸ਼ਨ ਕਰਨ ਗਈਆਂ ਸਿੱਖ ਇਸਤਰੀਆਂ ਦੇ ਬਲਾਤਕਾਰ ਕੀਤੇ ਗਏ ਸਨ, 13 ਸਾਲ ਦੀ ਬੱਚੀ ਤੋਂ ਲੈ ਕੇ ਵੱਡੀ ਉਮਰ ਦੀਆਂ ਸਿੱਖ ਇਸਤਰੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਜੋ ਕੋਈ ਵੀ ਸਿੱਖ ਇਸ ਵਰਤਾਰੇ ਖ਼ਿਲਾਫ਼ ਆਵਾਜ਼ ਉਠਾਉਂਦਾ ਸੀ ਮਹੰਤ ਉਸਦਾ ਕਤਲ ਕਰਵਾ ਦਿੰਦੇ ਸਨ ਅਤੇ ਲਾਸ਼ ਨੂੰ ਖ਼ੁਰਦ-ਬੁਰਦ ਕਰ ਦਿੰਦੇ ਸਨ। ਮਹੰਤਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਸਿੱਖਾਂ ਨੂੰ ਗੁਰਦੁਆਰਾ ਸਾਹਿਬਾਨ ਦੇ ਅੰਦਰ ਹੀ ਕਤਲ ਕਰਕੇ ਮ੍ਰਿਤਕ ਦੇਹਾਂ ਖ਼ੁਰਦ-ਬੁਰਦ ਕਰ ਦਿੱਤੀਆਂ ਸਨ। ਮਹੰਤਾਂ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਬੇਪਰਵਾਹੀ ਰੀਤਾਂ ਅਨੁਸਾਰ ਚਲਾਇਆ ਜਾਂਦਾ ਸੀ, ਇੱਥੋਂ ਤਕ ਕਿ ਮਹੰਤ ਗੁਰਦੁਆਰਾ ਸਾਹਿਬਾਨ ਅੰਦਰ ਸ਼ਰਾਬਾਂ ਪੀਂਦੇ ਸਨ ਅਤੇ ਕੰਜਰੀਆਂ ਨਚਾਉਂਦੇ ਸਨ, ਕਹਿਣ ਤੋਂ ਭਾਵ ਉਨਾਂ ਨੇ ਗੁਰਦੁਆਰਾ ਸਾਹਿਬਾਨ ਨੂੰ ਵਿਭਚਾਰ ਦੇ ਅੱਡੇ ਬਣਾ ਦਿੱਤਾ ਸੀ। ਇਸ ਤਰਾਂ ਉਹ ਪੁੱਜ ਕੇ ਗੁਰ-ਮਰਯਾਦਾ ਦਾ ਘਾਣ ਕਰਦੇ ਸਨ ਅਤੇ ਬੇਬਸ ਹੋਏ ਸਿੱਖ ਖ਼ੂਨ ਦੇ ਹੰਝੂ ਰੋਂਦੇ ਸਨ। ਅੰਗਰੇਜ਼ਾਂ ਨੇ ਸਿੱਖਾਂ ਨੂੰ ਗ਼ੁਲਾਮ, ਕਮਜ਼ੋਰ ਅਤੇ ਦਬਾਅ ਕੇ ਰੱਖਣ ਲਈ ਪੂਰਾ ਜ਼ੋਰ ਲਗਾਇਆ ਹੋਇਆ ਸੀ ਕਿਉਂਕਿ ਇਸ ਨਾਲ ਜਿੱਥੇ ਅੰਗਰੇਜ਼ ਸਰਕਾਰ ਮਜ਼ਬੂਤ ਹੁੰਦੀ ਸੀ ਉੱਥੇ ਹੀ ਈਸਾਈ ਪ੍ਰਚਾਰਕਾਂ ਨੂੰ ਵੀ ਲਾਭ ਹੁੰਦਾ ਸੀ। ਇਸੇ ਲਈ ਉਹ ਮਹੰਤਾਂ ਨੂੰ ਸਿੱਖਾਂ ਦੇ ਵਿਰੁੱਧ ਡਟੇ ਰਹਿਣ ਲਈ ਸਰਕਾਰੀ ਸ਼ਹਿ ਅਤੇ ਹੱਲਾਸ਼ੇਰੀ ਦੇ ਕੇ ਰੱਖਦੇ ਸਨ ਤਾਂ ਜੋ ਸਿੱਖਾਂ ਨੂੰ ਸਿਰ ਨਾ ਚੁੱਕਣ ਦਿੱਤਾ ਜਾਵੇ। ਇਸ ਤੋਂ ਇਲਾਵਾ ਉਸ ਸਮੇਂ ਦੇ ਕੁਝ ਹਿੰਦੂਆਂ ਦਾ ਵਤੀਰਾ ਵੀ ਸਿੱਖ ਵਿਰੋਧੀ ਰਿਹਾ ਅਤੇ ਉਨਾਂ ਵੱਲੋਂ ਸ਼ਰੇਆਮ ਸਿੱਖ ਸੰਸਥਾਵਾਂ ਦੀ ਕਾਇਮੀ ਦਾ ਵਿਰੋਧ ਕੀਤਾ ਗਿਆ ਅਤੇ ਅੜਚਣਾਂ ਖੜੀਆਂ ਕੀਤੀਆਂ ਗਈਆਂ। ਫ਼ਿਰਕੂ ਭਾਵਨਾ ਤਹਿਤ 1922 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਕਰਕੇ ਦੁਰਗਿਆਨਾ ਮੰਦਰ ਬਣਾਉਣ ਲਈ ਨੀਂਹ ਪੱਥਰ ਰੱਖਿਆ ਗਿਆ। ਅਜਿਹੇ ਜ਼ੁਲਮੀ ਹਾਲਾਤਾਂ ਦੇ ਇੱਕ ਪਲ ਦਾ ਅਹਿਸਾਸ ਵੀ ਆਮ ਮਨੁੱਖ ਦੀ ਆਤਮਾ ਨੂੰ ਵੱਡੀ ਪੀੜਾ ਦੇ ਸਕਦਾ ਹੈ ਜਦਕਿ ਸਿੱਖ ਕੌਮ ਤਾਂ ਕਈ ਦਹਾਕਿਆਂ ਤੋਂ ਇਸ ਗ਼ੁਲਾਮੀ ਨੂੰ ਆਪਣੀ ਆਤਮਾ ਅਤੇ ਪਿੰਡੇ ਉੱਪਰ ਹੰਢਾਅ ਰਹੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਤੀ ਵਿਚ ਅੰਗਰੇਜ਼ਾਂ, ਮਹੰਤਾਂ ਤੇ ਹਿੰਦੂਆਂ ਵੱਲੋਂ ਬਾਰ-ਬਾਰ ਵੱਡੀਆਂ ਰੁਕਾਵਟਾਂ ਖੜੀਆਂ ਕੀਤੀਆਂ ਗਈਆਂ ਸਨ ਜਿਸਦੇ ਫਲਸਰੂਪ ਸੰਨ 1923 ਵਿਚ ਦੋਹਾਂ ਸੰਸਥਾਵਾਂ ਨੂੰ ਗੈਰ-ਕਾਨੂੰਨੀ ਵੀ ਐਲਾਨ ਦਿੱਤਾ ਗਿਆ ਸੀ ਅਤੇ ਲਗਭਗ ਸਾਰੇ ਪੰਥਕ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲਾਂ ਵਿਚ ਕੈਦ ਕਰ ਦਿੱਤਾ ਗਿਆ ਸੀ। ਪਰੰਤੂ ਸਿਰੜੀ ਸਿੱਖਾਂ ਨੇ ਸਿਦਕ ਅਤੇ ਹੌਸਲੇ ਨਾਲ ਤਸ਼ੱਦਦ ਝੱਲਦਿਆਂ ਸੰਘਰਸ਼ ਜਾਰੀ ਰੱਖਿਆ ਅਤੇ ਅੰਤ ਦੋਹਾਂ ਜਥੇਬੰਦੀਆਂ ਦੀ ਸਫਲਤਾਪੂਰਵਕ ਸਥਾਪਨਾ ਕਰਨ ਵਿਚ ਕਾਮਯਾਬੀ ਹਾਸਲ ਕੀਤੀ।

ਸਿੱਖਾਂ ਵੱਲੋਂ 1873 ਈ. ਵਿਚ ‘ਸਿੰਘ ਸਭਾ ਲਹਿਰ’ ਕਾਇਮ ਕੀਤੀ ਗਈ, 1982 ਈ. ਵਿਚ ‘ਖਾਲਸਾ ਕਾਲਜ’ ਬਣਾਇਆ ਗਿਆ ਜਿਸ ਰਾਹੀਂ ਕੌਮ ਨੂੰ ਸਿੱਖ ਵਿਦਵਾਨਾਂ ਦੀ ਅਗਵਾਈ ਮਿਲੀ, ਫਿਰ 1902 ਈ. ਵਿਚ ‘ਚੀਫ ਖਾਲਸਾ ਦੀਵਾਨ’ ਕਾਇਮ ਕੀਤਾ ਗਿਆ ਅਤੇ ਗਦਰ ਲਹਿਰ ਵੀ ਜ਼ੋਰ-ਸ਼ੋਰ ਨਾਲ ਚਲਾਈ ਗਈ, ਇਨਾਂ ਸੰਸਥਾਵਾਂ ਤੇ ਲਹਿਰਾਂ ਨੇ ਕੌਮ ਨੂੰ ਗ਼ੁਲਾਮੀ ਦੀਆਂ ਜੜਾਂ ਪੁੱਟਣ ਲਈ ਹਲੂਣਾ ਦਿੱਤਾ। ਇਨਾਂ ਸੰਸਥਾਵਾਂ ਦੀ ਕਾਇਮੀ ਤੋਂ ਬਾਅਦ ਵੀ ਸਿੱਖ ਕੌਮ ਅੰਦਰ ਸ਼ਕਤੀਸ਼ਾਲੀ ਜਥੇਬੰਦੀ ਦੀ ਘਾਟ ਰੜਕ ਰਹੀ ਸੀ, ਜੋ ਸਮੁੱਚੀ ਸਿੱਖ ਕੌਮ ਦੀ ਸੁਯੋਗ ਅਗਵਾਈ ਕਰ ਸਕੇ। ਇਤਿਹਾਸਕ ਸਚਾਈ ਹੈ ਕਿ ਸਿੱਖ ਕੌਮ ਅੰਦਰ ਜੇਕਰ ਕੁਰਬਾਨੀਆਂ ਦਾ ਵੱਡਾ ਇਤਿਹਾਸ ਹੈ ਤਾਂ ਗੱਦਾਰੀਆਂ ਦਾ ਵੀ ਜ਼ਿਕਰਯੋਗ ਅਸਰ ਰਿਹਾ ਹੈ ਅਤੇ ਗੱਦਰੀਆਂ ਕਰਕੇ ਸਿੱਖ ਕੌਮ ਦਾ ਵੱਡਾ ਨੁਕਸਾਨ ਵੀ ਹੋਇਆ। ਜਦੋਂ ਕਈ ਦਹਾਕੇ ਸਿੱਖਾਂ ਉੱਪਰ ਜ਼ੁਲਮ ਹੁੰਦਾ ਰਿਹਾ ਤਾਂ ਕੌਮ ਅੰਦਰ ਜ਼ੁਲਮ ਦੇ ਖ਼ਿਲਾਫ਼ ਲੜਨ ਦਾ ਜਜ਼ਬਾ ਪੈਦਾ ਹੋਇਆ ਅਤੇ ਉਸੇ ਜਜ਼ਬੇ ਨੇ ਕੌਮ ਨੂੰ ਇੱਕ ਵਾਰ ਫਿਰ ਸੰਘਰਸ਼ ਕਰਨ ਲਈ ਪ੍ਰੇਰਿਆ। ਫ਼ਰਕ ਇਹ ਸੀ ਕਿ ਪਹਿਲਾਂ ਆਜ਼ਾਦ ਖ਼ਾਲਸਾ ਪੰਥ ਖੰਡੇ ਦੇ ਜ਼ੋਰ ਨਾਲ ਸੰਘਰਸ਼ ਕਰਦਾ ਹੁੰਦਾ ਸੀ ਪ੍ਰੰਤੂ ਹੁਣ ਕੌਮ ਅੰਗਰੇਜ਼ਾਂ ਦੀ ਗ਼ੁਲਾਮੀ ਹੇਠ ਸੀ। ਸਾਡੇ ਪੁਰਖਿਆਂ ਨੇ ਗ਼ੁਲਾਮ ਦੇਸ਼ ਅੰਦਰ ਵੀ ਆਜ਼ਾਦ ਹੋਂਦ-ਹਸਤੀ ਲਈ ਸੰਘਰਸ਼ ਕੀਤਾ ਅਤੇ ਆਜ਼ਾਦੀ ਦੇ ਇਸ ਸੰਘਰਸ਼ ਨੂੰ ਇੱਕ ਨਵੇਂ ਰੂਪ ਵਿਚ ਪ੍ਰਗਟ ਕੀਤਾ। ਸੰਘਰਸ਼ ਕਈ ਵਾਰ ਪਲਟਾ ਲੈਂਦਾ ਹੈ, ਸਰੂਪ ਬਦਲਦਾ ਹੈ ਅਤੇ ਚਰਮ ਸੀਮਾ ’ਤੇ ਪਹੁੰਚ ਕੇ ਕਿਸੇ ਵੱਡੀ ਪ੍ਰਾਪਤੀ ਦੇ ਰੂਬਰੂ ਕਰਵਾਉਂਦਾ ਹੈ ਅਤੇ ਸਿੱਖਾਂ ਦੀ ਉਹ ਕੌਮੀ ਪ੍ਰਾਪਤੀ ਸੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ-ਦੂਜੇ ਦੇ ਪੂਰਕ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਉਸ ਸਮੇਂ ਪ੍ਰਚੰਡ ਹੋਈ ਗੁਰਦੁਆਰਾ ਸੁਧਾਰ ਲਹਿਰ ਵਿਚੋਂ ਪੈਦਾ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਪਿੱਛੇ ਅਕਾਲੀ ਸੋਚ ਹੀ ਕੰਮ ਕਰ ਰਹੀ ਸੀ। ਅਕਾਲੀ ਲਹਿਰ ਤਾਂ ਜ਼ੁਲਮ ਖ਼ਿਲਾਫ਼ ਸੰਘਰਸ਼-ਬਿਰਤੀ ਪੈਦਾ ਕਰਨ ਦੀ ਸਿਖਰ ਹੋ ਨਿੱਬੜੀ ਸੀ। ਇਨਾਂ ਜਥੇਬੰਦੀਆਂ ਵੱਲੋਂ ਤਿੰਨ-ਤਿੰਨ, ਚਾਰ-ਚਾਰ ਹਜ਼ਾਰ ਦੀ ਗਿਣਤੀ ਵਾਲੇ ਅਕਾਲੀ ਜਥੇ ਬਣਾਏ ਜਾਣ ਲੱਗੇ। ਹਰ ਪਾਸਿਓਂ ਅਕਾਲੀਆਂ ਦੀ ਭਰਤੀ ਸ਼ੁਰੂ ਕੀਤੀ ਗਈ। ਪੰਜ ਹਜ਼ਾਰ ਅਕਾਲੀਆਂ ਦਾ ਇੱਕ ਵਿਸ਼ੇਸ਼ ਜਥਾ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਰਾਖਵਾਂ ਕੀਤਾ ਗਿਆ। ਭਰਤੀ ਕੀਤੇ ਜਾਣ ਵਾਲੇ ਅਕਾਲੀਆਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਦੁਆਰਾ ਸੁਧਾਰ ਲਈ ਕੁਰਬਾਨ ਹੋਣ ਦਾ ਵਾਅਦਾ ਲਿਆ ਜਾਂਦਾ ਸੀ। ਸਿਰੜੀ ਅਕਾਲੀਆਂ ਨੇ ਜਦੋਂ ਗੁਰਦੁਆਰਾ ਸਾਹਿਬ ਬਾਬੇ ਦੀ ਬੇਰ, ਸ੍ਰੀ ਅਕਾਲ ਤਖ਼ਤ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਚੁਮਾਲਾ ਸਾਹਿਬ ਆਪਣੇ ਪ੍ਰਬੰਧ ਵਿਚ ਲੈ ਲਏ ਅਤੇ ਅੰਗਰੇਜ਼ਾਂ ਵੱਲੋਂ ਢਾਹੀ ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਦੁਬਾਰਾ ਉੱਸਰਵਾ ਲਿਆ ਤਾਂ ਇਸ ਨਾਲ ਕੌਮ ਦੇ ਹੌਸਲੇ ਬੁਲੰਦ ਹੋ ਗਏ। ਅਕਾਲੀਆਂ ਨੇ ਗੁਰੂ ਕੇ ਬਾਗ ਦਾ ਮੋਰਚਾ ਤੇ ਜੈਤੋ ਦੇ ਮੋਰਚੇ ਨਾਲ ਕੌਮੀ ਸੰਘਰਸ਼ ਨੂੰ ਹੋਰ ਤੇਜ਼ ਕੀਤਾ। ਕਹਿਣ ਤੋਂ ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿਚ ਗ਼ੁਲਾਮ ਦੇਸ਼ ਅੰਦਰ ਆਜ਼ਾਦ ਸਿੱਖ ਸੰਸਥਾਵਾਂ ਨੇ ਜਨਮ ਲੈ ਲਿਆ ਸੀ। ਹਰ ਪਾਸੇ ਅਕਾਲੀ ਅਕਾਲੀ ਹੋ ਗਈ। ਆਪ-ਮੁਹਾਰੇ ਪੈਦਾ ਹੋਈ ਵਿਲੱਖਣ ਅਕਾਲੀ ਲਹਿਰ ਹੁਣ ਪ੍ਰਤੱਖ ਰੂਪ ਵਿਚ ਪਛਾਣੀ ਜਾ ਰਹੀ ਸੀ। ਹਰ ਪਾਸੇ ਨੀਲੀਆਂ ਦਸਤਾਰਾਂ ਵਾਲੇ ਸਿੱਖ ਨਜ਼ਰ ਆਉਣ ਲੱਗੇ ਅਤੇ ਲੋਕ ਉਨਾਂ ਨੂੰ ਅਕਾਲੀ ਕਹਿਣ ਲੱਗ ਪਏ ਸਨ।

ਅਜੋਕੇ ਹਾਲਾਤਾਂ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਕਈ ਚੁਣੌਤੀਆਂ ਦਰਪੇਸ਼ ਹਨ ਅਤੇ ਸਿੱਖਾਂ ਦੀ ਪਾਰਟੀ ਹੋਣ ਕਾਰਨ ਸਿੱਖ ਵਿਰੋਧੀ ਸ਼ਕਤੀਆਂ ਇਸ ਵਿਰੁੱਧ ਹਮੇਸ਼ਾ ਸਾਜ਼ਿਸ਼ਾਂ ਰਚਦੀਆਂ ਰਹਿੰਦੀਆਂ ਹਨ। ਸਿੱਖਾਂ ਨੂੰ ਕੁਝ ਗੱਲਾਂ ਵਿਚਾਰਨੀਆਂ ਚਾਹੀਦੀਆਂ ਹਨ ਕਿ-ਕੀ ਸਿੱਖਾਂ ਕੋਲ ਆਪਣੀ ਕੋਈ ਹੋਰ ਕੌਮੀ ਪਾਰਟੀ ਹੈ ? ਕੀ ਕਿਸੇ ਰਾਜਸੀ ਪਾਰਟੀ ਨੂੰ ਸਿੱਖ ਕੌਮ ਆਪਣੀਆਂ ਧਾਰਮਿਕ ਮੰਗਾਂ ਜਾਂ ਹੱਕਾਂ ਦੀ ਆਵਾਜ਼ ਉਠਾਉਣ ਅਤੇ ਕਾਨੂੰਨੀ ਤੌਰ ’ਤੇ ਲਾਗੂ ਕਰਵਾਉਣ ਲਈ ਜ਼ੋਰ ਪਾ ਸਕਦੀ ਹੈ ? ਕੀ ਸਿੱਖ ਕੌਮ ਆਪਣੇ ਕਿਸੇ ਧਾਰਮਿਕ ਮਸਲੇ ਸਬੰਧੀ ਕਿਸੇ ਰਾਜਸੀ ਪਾਰਟੀ ਨੂੰ ਹੁਕਮ ਜਾਂ ਉਲਾਮਾਂ ਦੇ ਸਕਦੀ ਹੈ ? ਜਵਾਬ ਹੈ ਨਹੀਂ। ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਸਿੱਖ ਕੌਮ ਦੀ ਵਾਹਦ ਪਾਰਟੀ ਹੈ ਜਿਸ ਉੱਪਰ ਸਿੱਖ ਕੌਮ ਦਾ ਪੁਰਜ਼ੋਰ ਹੱਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ 100 ਸਾਲਾ ਸ਼ਤਾਬਦੀ ਸਮਾਗਮ ਦੌਰਾਨ ਭਾਰਤ ਅੰਦਰ ਸਿੱਖ ਕੌਮ ਉੱਪਰ ਹੋ ਰਹੇ ਚਹੁੰ-ਤਰਫੀ ਹਮਲਿਆਂ ਤੋਂ ਕੌਮ ਨੂੰ ਸੁਚੇਤ ਕੀਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸ਼੍ਰੋਮਣੀ ਗੁ:ਪ੍ਰ: ਕਮੇਟੀ ਦਾ ਪੁੱਤਰ ਕਿਹਾ ਸੀ। ਉਨਾਂ ਨੇ ਜਿੱਥੇ ਸਿੱਖ ਕੌਮ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਬਰਾਬਰ ਮਹੱਤਤਾ ਬਾਰੇ ਦੱਸਿਆ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਤੋਂ ਪੰਥ ਵੱਲ ਨੂੰ ਮੁੜਨ ਦੀ ਨਸੀਹਤ ਦਿੱਤੀ ਜਾਣੀ ਜਿੱਥੇ ਜਥੇਦਾਰ ਜੀ ਦੀ ਨਿਰਪੱਖ, ਦਲੇਰ ਤੇ ਪੰਥ-ਪ੍ਰਸਤ ਸੋਚ ਦਾ ਪ੍ਰਗਟਾਵਾ ਹੈ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਉੱਪਰ ਸਿੱਖਾਂ ਦੇ ਹੱਕ ਨੂੰ ਵੀ ਦਰਸਾਉਂਦਾ ਹੈ। ਜਥੇਦਾਰ ਸਾਹਿਬ ਦੇ ਸੰਦੇਸ਼ ਦੀ ਰੌਸ਼ਨੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਪਾਰਟੀ ਅਤੇ ਕੁਝ ਸਿੱਖਾਂ ਵਿਚਲੇ ਖ਼ਲਾਅ ਨੂੰ ਪੂਰਨ ਲਈ ਠੋਸ ਯਤਨ ਕਰਨੇ ਚਾਹੀਦੇ ਹਨ ਕਿਉਂਕਿ ਕੌਮੀ ਤਾਕਤ ਤੋਂ ਬਿਨਾਂ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਆਧਾਰ ਨਹੀਂ ਹੋ ਸਕਦਾ।

ਕਾਂਗਰਸ ਪਾਰਟੀ ਸਿੱਖਾਂ ਦੀ ਕਾਤਲ ਜਮਾਤ ਹੈ। ਬੀਜੇਪੀ ਪਾਰਟੀ ਆਰਐਸਐਸ ਦੀ ਵਿਚਾਰਧਾਰਾ ਵਿਚ ਰੰਗੀ ਹੋਈ ਹੈ। ਆਮ ਆਦਮੀ ਪਾਰਟੀ ਵਾਲੇ ਕਦੇ ਵੀ ਸਿੱਖ ਹੱਕਾਂ ਦੀ ਗੱਲ ਨਹੀਂ ਕਰਦੇ। ਸਿੱਖਾਂ ਅੰਦਰ ਜੋ ਆਪਸੀ ਖ਼ਲਾਅ ਵੱਧ ਰਿਹਾ ਹੈ ਉਸ ਨੂੰ ਕਦੇ ਵੀ ਕੋਈ ਦੂਜੀ ਪਾਰਟੀ ਪੂਰਨ ਦਾ ਯਤਨ ਨਹੀਂ ਕਰਦੀ ਸਗੋਂ ਉਸ ਨੂੰ ਵਧਾਉਣ ਲਈ ਹਰ ਹੀਲਾ ਵਰਤਦੀ ਹੈ ਤਾਂ ਜੋ ਸਿੱਖਾਂ ਹੱਥੋਂ ਸਿੱਖੀ ਦਾ ਘਾਣ ਕਰਵਾਇਆ ਜਾ ਸਕੇ। ਜ਼ਾਹਿਰ ਹੈ ਕਿ ਜਥੇਦਾਰ ਸਾਹਿਬ ਸੰਗਤਾਂ ਵਿਚ ਸਿੱਖਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਰੇ ਹੀ ਵਿਚਾਰ ਰੱਖਣਗੇ ਨਾ ਕਿ ਕਿਸੇ ਹੋਰ ਪਾਰਟੀ ਬਾਰੇ, ਜੋ ਪੰਥਕ ਨਜ਼ਰੀਏ ਅਤੇ ਰਵਾਇਤ ਅਨੁਸਾਰ ਸਹੀ ਹੈ। ਜੇਕਰ ਸਾਡੇ ਪੁਰਖੇ ਸ਼੍ਰੋਮਣੀ ਗੁ: ਪ੍ਰ:ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਨਾ ਕਰਦੇ ਤਾਂ ਸਿੱਖ ਵਿਰੋਧੀ ਤਾਕਤਾਂ ਨੇ ਲੰਮਾ ਸਮਾਂ ਪਹਿਲਾਂ ਹੀ ਸਾਡੇ ਗੁਰਦੁਆਰਾ ਸਾਹਿਬਾਨ ਦੇ ਛੋਟੇ-ਛੋਟੇ ਬੋਰਡ ਬਣਾ ਕੇ ਸਰਕਾਰੀ ਅਤੇ ਗ਼ੈਰ-ਸਰਕਾਰੀ ਰੂਪ ਵਿਚ ਕਬਜ਼ੇ ਕਰ ਲੈਣੇ ਸਨ। ਅਜਿਹੇ ਵਿਚ ਸੋਚ ਕੇ ਦੇਖੋ ਕਿ ਜੇਕਰ ਸਿੱਖਾਂ ਕੋਲ ਆਪਣੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾ ਹੁੰਦਾ ਤਾਂ ਸਿੱਖਾਂ ਉੱਪਰ ਹੋਣ ਵਾਲੇ ਜ਼ੁਲਮਾਂ ਦੀ ਤੀਬਰਤਾ ਕੀ ਹੋਣੀ ਸੀ ?

ਇਸ ਤੋਂ ਇਲਾਵਾ ਸੋਸ਼ਲ ਮੀਡੀਆ ਉੱਪਰ ਕੁਝ ਸਿੱਖ ਜਾਣੇ-ਅਣਜਾਣੇ ਵਿਚ ਪਵਿੱਤਰ ‘ਅਕਾਲੀ’ ਸ਼ਬਦ ਨੂੰ ਮਾੜੇ ਸੰਦਰਭ ਵਿਚ ਵਰਤਦੇ ਹਨ, ਜੋ ਕੌਮ ਲਈ ਹਾਨੀਕਾਰਕ ਹੈ। ਹਰੇਕ ਉਹ ਵਿਅਕਤੀ ਅਕਾਲੀ ਹੈ ਜਿਸ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ, ਜੋ ਗੁਰਦੁਆਰਾ ਸਾਹਿਬ ਜਾਂਦਾ ਹੈ, ਜੋ ਨਿਰੰਕਾਰ ਦੀ ਬਾਣੀ ਪੜਦਾ ਹੈ। ਭਾਈ ਕਾਨ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਅਨੁਸਾਰ ‘ਅਕਾਲੀ’ ਸ਼ਬਦ ਦਾ ਅਰਥ ਹੈ ਅਕਾਲ ਦਾ ਉਪਾਸ਼ਕ। ਅਕਾਲ ਦਾ ਮਤਲਬ ਹੈ ਅਕਾਲ ਪੁਰਖ ਵਾਹਿਗੁਰੂ। ਜੇਕਰ ਸੱਚਮੁੱਚ ਅਸੀਂ ਆਪਣੇ ਅੰਦਰ ਸਿੱਖੀ ਪ੍ਰਤੀ ਦਰਦ ਰੱਖਦੇ ਹਾਂ ਤਾਂ ਸਾਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣੇ ਵਿਰਸੇ ਨੂੰ ਤਾਰਪੀਡੋ ਕਰਨ ਦੀ ਬਿਰਤੀ ਤਿਆਗਣੀ ਚਾਹੀਦੀ ਹੈ।

ਹਰੇਕ ਸਮਾਜ ਵਿਚ ਜਾਂ ਸੰਘਰਸ਼ ਵਿਚ ਨਾਕਾਰਾਤਮਕ ਗੱਲਾਂ ਵਾਪਰਦੀਆਂ ਰਹਿੰਦੀਆਂ ਹਨ। ਪ੍ਰੰਤੂ ਕਿਸੇ ਵੀ ਸੰਘਰਸ਼ ਨੂੰ ਸਫਲ ਬਣਾਉਣ ਲਈ ਸਾਕਾਰਾਤਮਕਤਾ ਦੀ ਲੋੜ ਹੁੰਦੀ ਹੈ, ਚੜਦੀ ਕਲਾ ਦੀ ਲੋੜ ਹੁੰਦੀ ਹੈ ਅਤੇ ਇਹ ਸਭ ਕੁਝ ਸਿੱਖ ਰਾਜਨੀਤੀ ਵਿਚ ਭਰਪੂਰ ਹੈ। ਸਿੱਖ ਰਾਜਨੀਤੀ ਹਰ ਸੰਦਰਭ ਵਿਚ ਸੰਘਰਸ਼ ਨੂੰ ਹੀ ਪੇਸ਼ ਕਰਦੀ ਹੈ, ਜੋ ਸਮੇਂ-ਸਮੇਂ ਸਿੱਖ ਮਸਲਿਆਂ ਨੂੰ ਹੱਲ ਕਰਨ ਲਈ ਜਾਰੀ ਰਹਿੰਦਾ ਹੈ। ਸਿੱਖ ਰਾਜਨੀਤੀ ਆਪਣੇ ਨਾਲ-ਨਾਲ ਦੂਜਿਆਂ ਦੀ ਪ੍ਰਫੁੱਲਤਾ ਲਈ ਵੀ ਵਾਤਾਵਰਣ ਮੁਹੱਈਆ ਕਰਵਾਉਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਤ ਕੀਤੇ ਗਏ ਸਿੱਖ ਰਾਜ ਸੰਸਾਰ ਦੇ ਇਤਿਹਾਸ ਅੰਦਰ ਧਰਮ ਨਿਰਪੱਖਤਾ ਅਤੇ ਧਾਰਮਿਕ ਅਜ਼ਾਦੀ ਵਾਲੇ ਲੋਕਤੰਤਰ ਦੀਆਂ ਬੇਮਿਸਾਲ ਉਦਾਹਰਨਾਂ ਹਨ। ਸਿੱਖ ਧਰਮ ਅਧਿਆਤਮਕ ਪੱਧਰ ਦੀ ਰਾਜਨੀਤੀ ਸਿਖਾਉਂਦਾ ਹੈ ਜੋ ਰੂਹਾਨੀ ਸਿਫ਼ਤਾਂ ਨਿਰਭਉ ਤੇ ਨਿਰਵੈਰ ’ਤੇ ਅਧਾਰਤ ਹੈ। ਗੁਰਮਤਿ ਦੀ ਰਾਜਨੀਤਕ ਵਿਚਾਰਧਾਰਾ ਸਰਬਪੱਖੀ ਕਲਿਆਣ ਦਾ ਵਿਸ਼ਾਲ ਸੋਮਾ ਹੈ।

ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਆਪਣੀ ਰਾਜਸੀ ਪਾਰਟੀ ਹੈ ਜੋ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਦੇ ਕੇ ਸਥਾਪਤ ਕੀਤੀ ਸੀ। ਸਿੱਖ ਵਿਰੋਧੀ ਤਾਕਤਾਂ ਚਾਹੁੰਦੀਆਂ ਹਨ ਕਿ ਸਿੱਖ ਆਪਣੀਆਂ ਸੰਸਥਾਵਾਂ ਤੋਂ ਮੁਨਕਰ ਹੋ ਜਾਣ ਤਾਂ ਜੋ ਸਿੱਖਾਂ ਨੂੰ ਖ਼ਤਮ ਕਰਨਾ ਸੌਖਾ ਹੋ ਜਾਵੇ। ਸਾਨੂੰ ਸਮਝਣਾ ਚਾਹੀਦਾ ਹੈ ਕਿ ਕੋਈ ਵਿਅਕਤੀ ਮਾੜਾ ਹੋ ਸਕਦਾ ਹੈ ਪਰੰਤੂ ਸੰਸਥਾ ਮਾੜੀ ਨਹੀਂ ਹੁੰਦੀ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਆਪਣੀ ਰਾਜਸੀ ਧਿਰ ਹੋਣ ਦੇ ਨਾਤੇ ਜੇਕਰ ਕਿਸੇ ਸਿੱਖ ਨੂੰ ਇਸਦੀ ਕਿਸੇ ਨੀਤੀ ਪ੍ਰਤੀ ਕੋਈ ਇਤਰਾਜ਼ ਹੋਵੇ ਤਾਂ ਉਹ ਪਾਰਟੀ ਦੇ ਅੰਦਰ ਤਾਂ ਆਵਾਜ਼ ਉਠਾ ਹੀ ਸਕਦਾ ਹੈ, ਪ੍ਰੰਤੂ ਨਾਲ ਹੀ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪਾਸ ਵੀ ਇਤਰਾਜ਼ ਦਰਜ ਕਰਵਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਇੱਕ ਲੇਖ ਵਿਚ ਸਮੇਟਣਾ ਸੰਭਵ ਨਹੀਂ, ਇਸ ਲਈ ਹਰੇਕ ਸਿੱਖ ਨੂੰ ਆਪਣੀਆਂ ਮਹਾਨ ਜਥੇਬੰਦੀਆਂ ਦੇ ਇਤਿਹਾਸ ਨੂੰ ਜ਼ਰੂਰ ਪੜਨਾ ਚਾਹੀਦਾ ਹੈ। ਇਸ ਨਾਲ ਜਿੱਥੇ ਇਨਾਂ ਜਥੇਬੰਦੀਆਂ ਉੱਪਰ ਮਾਣ ਮਹਿਸੂਸ ਕਰੋਗੇ, ਉੱਥੇ ਹੀ ਇਨਾਂ ਜਥੇਬੰਦੀਆਂ ਦੀ ਸਿੱਖ ਕੌਮ ਲਈ ਬਰਾਬਰ ਮਹੱਤਤਾ ਬਾਰੇ ਵੀ ਜਾਣ ਸਕੋਗੇ। ਚਹੁੰ-ਤਰਫੀ ਹਮਲਿਆਂ ਦੇ ਬਾਵਜੂਦ ਅੱਜ ਸ਼੍ਰੋਮਣੀ ਅਕਾਲੀ ਦਲ ਆਪਣੇ 100 ਸਾਲ ਪੂਰੇ ਕਰ ਚੁੱਕਾ ਹੈ। ਸਾਨੂੰ ਇਸ ਮਹਾਨ ਜਥੇਬੰਦੀ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਕਾਰਜਸ਼ੀਲ ਹੋਣਾ ਚਾਹੀਦਾ ਹੈ।

ਸਮੁੱਚੀ ਸਿੱਖ ਕੌਮ ਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਖ਼ਸ਼ਿਆ ਮੀਰੀ ਪੀਰੀ ਦਾ ਸਿਧਾਂਤ ਸਿੱਖ ਰਾਜਨੀਤੀ ਦਾ ਧੁਰਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਹੋਣਾ, ਪ੍ਰੰਤੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਨਾ ਹੋਣਾ। ਸ੍ਰੀ ਅਕਾਲ ਤਖ਼ਤ ਸਾਹਿਬ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਛੋਟਾ ਹੋਣਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਲੇ ਪਾਸੇ ਦਾ ਨਿਸ਼ਾਨ ਸਾਹਿਬ ਵੱਡਾ ਹੋਣਾ। ਗੁਰੂ ਸਾਹਿਬ ਵੱਲੋਂ ਬਖ਼ਸ਼ਿਆ ਇਹ ਅਨੋਖੀ ਬਣਤਰ ਰੂਪੀ ਸਿਧਾਂਤ ਸਦੀਵ ਕਾਲ ਲਈ ਸਿੱਖ ਕੌਮ ਨੂੰ ‘ਧਰਮ ਦੇ ਦਾਇਰੇ ਹੇਠ ਰਹਿ ਕੇ ਰਾਜ ਅਤੇ ਰਾਜਨੀਤੀ ਕਰਨਾ’ ਦ੍ਰਿੜ ਕਰਵਾਉਂਦਾ ਰਹੇਗਾ। ਇਸ ਸਿਧਾਂਤ ਤੋਂ ਪਰੇ ਕੇਵਲ ਪਤਨ ਹੈ।

# ਦੁਨੀਆ ਦੇ ਮੀਡੀਆ ਵਿਚ ਕਿਸਾਨੀ ਸੰਘਰਸ਼ ਛਾਇਆ

**✪ ਯੁਐਨਓ ਵੱਲੋਂ ਕਿਸਾਨਾਂ ਉੱਪਰ ਕੀਤੇ ਤਸ਼ੱਦਦ ਦੀ ਨਿਖੇਧੀ ✪ ਹਰਿਆਣਾ ਸਰਕਾਰ ਦੀਆਂ ਵਧੀਕੀਆਂ ਕਾਰਨ ਵਿਸ਼ਵ ਵਿਚ ਹੋਈ ਆਲੋਚਨਾ ✪ ਇੰਗਲੈਂਡ ਦੀਆਂ ਸਾਰੀਆਂ ਅਖ਼ਬਾਰਾਂ ਨੇ ਕਿਸਾਨ ਅੰਦੋਲਨ ਨੂੰ ਮੁੱਖ ਪੰਨੇ 'ਤੇ ਦਿੱਤੀ- ਕਵਰੇਜ ✪ 'ਨਿਊਯਾਰਕ ਟਾਈਮਜ਼' ਨੇ ਕਿਸਾਨ ਅੰਦੋਲਨ ਦੀ ਕਹਾਣੀ ਬਿਆਨ ਕਰਦਿਆਂ ਅਡਾਨੀ ਤੇ ਅੰਬਾਨੀ ਦਾ ਵਿਸ਼ੇਸ਼ ਜ਼ਿਕਰ ✪ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕਿਸਾਨ ਅੰਦੋਲਨ ਦੇ ਹੱਕ ਵਿਚ ਖੁੱਲ ਕੇ ਸਾਹਮਣੇ ਆਏ ✪ ਮੋਦੀ ਦੀ ਸਲਾਹ ਦੀ ਨਹੀਂ ਕਰ ਰਹੇ ਪ੍ਰਵਾਹ ✪ ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ, ਯੂਰਪ, ਇੰਗਲੈਂਡ ਵਿਚ ਰੋਸ ਮੁਜ਼ਾਹਰੇ ✪ ਸੰਯੁਕਤ ਰਾਸ਼ਟਰ ਦੇ ਮਤੇ ਦੀ ਉਲੰਘਣਾ ਹਨ ਕੇਂਦਰ ਦੇ ਨਵੇਂ ਖੇਤੀ ਕਾਨੂੰਨ**

**ਜਲੰਧਰ/ਏ.ਟੀ.ਨਿਊਜ਼:** ਕਿਸਾਨ ਅੰਦੋਲਨ ਦਾ ਕੇਂਦਰ ਜਦੋਂ ਤੋਂ ਦਿੱਲੀ ਸ਼ਹਿਰ ਬਣ ਗਿਆ ਹੈ, ਇਸ ਨੇ ਸਾਰੀ ਦੁਨੀਆ ਦਾ ਧਿਆਨ ਖਿੱਚਿਆ ਹੈ। ਰਹਿੰਦੀ ਕਸਰ ਹਰਿਆਣਾ ਸਰਕਾਰ ਦੀਆਂ ਵਧੀਕੀਆਂ ਨੇ ਕੱਢ ਦਿੱਤੀ ਹੈ। ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰਸ ਨੇ ਭਾਰਤ 'ਚ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨ 'ਤੇ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨ ਕਰਨਾ ਲੋਕਾਂ ਦਾ ਹੱਕ ਹੈ ਤੇ ਅਧਿਕਾਰੀਆਂ ਨੂੰ ਉਨਾਂ ਨੂੰ ਅਜਿਹਾ ਕਰਨ ਦੇਣਾ ਚਾਹੀਦਾ ਹੈ। ਭਾਰਤ ਨੇ ਕਿਸਾਨਾਂ ਦੁਆਰਾ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ 'ਤੇ ਵਿਦੇਸ਼ੀ ਨੇਤਾਵਾਂ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਨੂੰ 'ਅਣ-ਚਾਹਿਆ' ਤੇ 'ਗ਼ੈਰ-ਜ਼ਰੂਰੀ' ਦੱਸਿਆ ਅਤੇ ਕਿਹਾ ਕਿ ਇਹ ਮਾਮਲਾ ਇਕ ਲੋਕਤੰਤਰਿਕ ਦੇਸ਼ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਤ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਕਿਸਾਨ ਅੰਦੋਲਨ ਬਾਰੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਲਾਵਾ ਕਈ ਵਿਦੇਸ਼ੀ ਨੇਤਾਵਾਂ ਦੀਆਂ ਪ੍ਰਤੀਕਿਰਿਆਵਾਂ ਸਾਹਮਣੇ ਆ ਚੁੱਕੀਆਂ ਹਨ, ਜਿਸ ਵਿਚ ਉਨਾਂ ਨੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸ਼ਾਂਤਮਈ ਪ੍ਰਦਰਸ਼ਨਾਂ 'ਤੇ ਅੱਥਰੂ ਗੈਸ ਅਤੇ ਜਲ ਤੋਪਾਂ ਦੀ ਵਰਤੋਂ ਕਰਨ 'ਤੇ ਭਾਰਤ ਸਰਕਾਰ ਦੀ ਨਿਖੇਧੀ ਕੀਤੀ ਹੈ।

ਦੁਨੀਆ ਭਰ ਦੇ ਮੀਡੀਆ ਵਿਚ ਕਿਸਾਨ ਅੰਦੋਲਨ ਦੀ ਵੱਡੀ ਕਵਰੇਜ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਇਹੀ ਮੁੱਦਾ ਛਾਇਆ ਹੈ। ਬੀਬੀਸੀ. ਨੇ ਬੜੀ ਆਕਰਸ਼ਕ ਸੁਰਖ਼ੀ ਨਾਲ ਕਿਸਾਨ ਅੰਦੋਲਨ ਦੀ ਸਟੋਰੀ ਪ੍ਰਸਾਰਿਤ ਕੀਤੀ ਹੈ। 'ਭਾਰਤੀ ਕਿਸਾਨਾਂ ਨੂੰ ਕਿਹੜੀ ਗੱਲ ਸੜਕਾਂ 'ਤੇ ਲੈ ਆਈ?' ਸਿਰਲੇਖ ਦੇ ਕੇ ਬੀਬੀਸੀ ਨੇ ਵਿਸਥਾਰ ਵਿਚ ਤਿੰਨ ਕਾਨੂੰਨਾਂ ਅਤੇ ਕਿਸਾਨਾਂ ਦੇ ਪੱਖ ਨੂੰ ਸਮਝਾਉਣ ਦਾ ਉਪਰਾਲਾ ਕੀਤਾ। ਇੰਗਲੈਂਡ ਦੀਆਂ ਸਾਰੀਆਂ ਅਖ਼ਬਾਰਾਂ ਨੇ ਕਿਸਾਨ ਅੰਦੋਲਨ ਨੂੰ ਮੁੱਖ ਪੰਨੇ 'ਤੇ ਕਵਰੇਜ ਦਿੱਤੀ ਪ੍ਰੰਤੂ ਵੱਡੀ ਅਖ਼ਬਾਰ 'ਗਾਰਡੀਅਨ' ਨੇ ਇਸ ਨੂੰ ਵਧੇਰੇ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ।

'ਨਿਊਯਾਰਕ ਟਾਈਮਜ਼' ਨੇ ਕਿਸਾਨ ਅੰਦੋਲਨ ਦੀ ਕਹਾਣੀ ਬਿਆਨ ਕਰਦਿਆਂ ਅਡਾਨੀ ਤੇ ਅੰਬਾਨੀ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਨਾਲ ਹੀ ਕਿਸਾਨਾਂ ਦੇ ਖ਼ਦਸ਼ਿਆਂ ਨੂੰ ਉਭਾਰਿਆ ਹੈ। ਅਜਿਹੇ ਸਮੇਂ ਭਾਰਤੀ ਜਨਤਾ ਪਾਰਟੀ, ਕੇਂਦਰ ਸਰਕਾਰ ਅਤੇ ਸਰਕਾਰ ਪੱਖੀ ਮੀਡੀਆ ਦਾ ਕੀ ਰੁਖ਼ ਰਹਿੰਦਾ ਹੈ, ਇਸ 'ਤੇ ਜ਼ੋਰ ਦਿੱਤਾ ਗਿਆ ਹੈ। ਅਸਲ



ਮੁੱਦੇ ਤੋਂ ਧਿਆਨ ਲਾਂਭੇ ਕਰਨ ਲਈ, ਤਰਾਂ-ਤਰਾਂ ਨਾਲ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਇਨਾਂ ਕੋਸ਼ਿਸ਼ਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕਿਸਾਨ ਅੰਦੋਲਨ ਦੇ ਹੱਕ ਵਿਚ ਖੁੱਲ ਕੇ ਸਾਹਮਣੇ ਆਏ ਹਨ। ਉਹ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਤਾੜਨਾ ਨੂੰ ਟਿੱਚ ਜਾਣਦੇ ਪੰਜਾਬ ਦੇ ਕਿਸਾਨਾਂ ਦੇ ਹੱਕ ਵਿਚ ਡਟੇ ਹੋਏ ਹਨ। ਇਸ ਦੀ ਪੂਰੀ ਦੁਨੀਆ ਦੇ ਮੀਡੀਆ ਵਿਚ ਖ਼ਬਰ ਬਣੀ ਹੈ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਦਾ ਜਿੱਥੇ ਦੇਸ਼ ਭਰ ਦੇ ਕਿਸਾਨਾਂ ਵੱਲੋਂ ਵੱਡੀ ਪੱਧਰ 'ਤੇ ਵਿਰੋਧ ਕੀਤਾ ਜਾ ਰਿਹਾ ਹੈ ਉੱਥੇ ਖੇਤੀਬਾੜੀ ਮਾਹਿਰਾਂ ਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਵੀ ਕੇਂਦਰ ਸਰਕਾਰ ਦੇ ਇਨਾਂ ਕਾਨੂੰਨਾਂ ਨੂੰ ਕਿਸਾਨੀ ਖ਼ਿਲਾਫ਼ ਦੱਸਦੇ ਹੋਏ ਇਨਾਂ ਵਿਰੁੱਧ ਆਵਾਜ਼ ਉਠਾਈ ਜਾ ਰਹੀ ਹੈ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਆਪਣੇ ਸਟੈਂਡ ਤੋਂ ਪਿੱਛੇ ਹਟਣ ਲਈ ਤਿਆਰ ਨਹੀਂ ਹੈ। ਹਾਲਾਂਕਿ ਕੇਂਦਰ ਸਰਕਾਰ ਵੱਲੋਂ ਇਹ ਕਾਨੂੰਨ ਲਾਗੂ ਕਰਕੇ ਸੰਯੁਕਤ ਰਾਸ਼ਟਰ ਦੇ ਉਸ ਮਤੇ ਦੀ ਵੀ ਉਲੰਘਣਾ ਕੀਤੀ ਜਾ ਰਹੀ ਹੈ, ਜਿਸ ਵਿਚ ਸਾਫ਼ ਕਿਹਾ ਗਿਆ ਹੈ ਕਿ ਕੋਈ ਵੀ ਮੁਲਕ ਕਿਸਾਨਾਂ ਅਤੇ ਪੇਂਡੂ ਖੇਤਰਾਂ ਵਿਚ ਕੰਮ ਕਰਨ ਵਾਲੇ ਲੋਕਾਂ ਨਾਲ ਸਬੰਧਿਤ ਕੋਈ ਵੀ ਅਜਿਹਾ ਕਾਨੂੰਨ, ਬਿਨਾਂ ਕਿਸਾਨਾਂ ਅਤੇ ਉੱਥੋਂ ਦੇ ਲੋਕਾਂ ਦੀ ਸਲਾਹ ਤੋਂ ਬਿਨਾਂ ਨਹੀਂ ਬਣਾ ਸਕਦੀ, ਜਿਸ ਦਾ ਕਿਸਾਨਾਂ ਅਤੇ ਉੱਥੋਂ ਦੇ ਲੋਕਾਂ ਦੀ ਜ਼ਿੰਦਗੀ 'ਤੇ ਸਿੱਧਾ ਅਸਰ ਪਾਉਂਦਾ ਹੋਵੇ ਪਰ ਇਸ ਦੇ ਬਾਵਜੂਦ ਭਾਰਤ ਸਰਕਾਰ ਵੱਲੋਂ ਖੇਤੀ ਕਾਨੂੰਨ ਪਾਸ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ 17 ਦਸੰਬਰ, 20 18 'ਚ ਇਕ ਮਤਾ ਪਾਸ ਕਰਕੇ ਕਿਹਾ ਗਿਆ ਸੀ ਕਿ ਕਿਸੇ ਵੀ ਮੁਲਕ ਨੂੰ ਕਿਸਾਨਾਂ ਅਤੇ ਪੇਂਡੂ ਖੇਤਰਾਂ ਨਾਲ ਸਬੰਧਿਤ ਕਾਨੂੰਨ ਬਣਾਉਣ ਤੋਂ ਪਹਿਲਾਂ ਕਿਸਾਨਾਂ ਅਤੇ ਉੱਥੋਂ ਦੇ ਲੋਕਾਂ ਦੀ ਰਾਏ ਲਈ ਜਾਣੀ ਜ਼ਰੂਰੀ ਹੈ। ਮਤੇ 'ਚ ਇਹ ਵੀ ਕਿਹਾ ਗਿਆ ਹੈ ਕਿ ਕਿਸੇ ਵੀ ਤਰਾਂ ਦਾ ਕਾਨੂੰਨ ਲਾਗੂ ਕਰਨ ਤੋਂ ਪਹਿਲਾਂ ਕਿਸਾਨਾਂ ਅਤੇ ਉਨਾਂ ਲੋਕਾਂ, ਜਿਨਾਂ ਦਾ ਇਨਾਂ ਕਾਨੂੰਨਾਂ 'ਤੇ ਪ੍ਰਭਾਵ ਪਵੇਗਾ ਨੂੰ ਇਨਾਂ ਕਾਨੂੰਨਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣੀ ਅਤੇ ਇਨਾਂ ਦੇ ਚੰਗੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਲਾਜ਼ਮੀ ਹੈ ਪਰ ਮੌਜੂਦਾ ਕੇਂਦਰ ਸਰਕਾਰ ਵੱਲੋਂ ਨਵੇਂ ਖੇਤੀ ਕਾਨੂੰਨਾਂ ਨੂੰ ਲਾਗੂ ਕਰਦੇ ਸਮੇਂ ਸੰਯੁਕਤ ਰਾਸ਼ਟਰ ਦੇ ਇਨਾਂ ਮਤਿਆਂ ਨੂੰ ਪੂਰੀ ਤਰਾਂ ਨਾਲ ਛਿੱਕੇ ਟੰਗ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ ਸੰਯੁਕਤ ਰਾਸ਼ਟਰ ਵੱਲੋਂ ਪਾਸ ਕੀਤੇ ਮਤੇ ਵਿਚ ਇਹ ਮਦ ਵੀ ਸ਼ਾਮਿਲ ਹੈ ਕਿ ਸਰਕਾਰਾਂ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਨਵੇਂ ਲਾਗੂ ਕੀਤੇ ਜਾਣ ਵਾਲੇ ਕਾਨੂੰਨ ਤਹਿਤ ਕੋਈ ਵੀ ਕਾਰਪੋਰੇਟ ਅਦਾਰਾ ਜਾਂ ਨਿੱਜੀ ਕੰਪਨੀ ਕਿਸਾਨਾਂ ਅਤੇ ਪਿੰਡਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੇ ਅਧਿਕਾਰਾਂ ਖ਼ਿਲਾਫ਼ ਕੰਮ ਨਾ ਕਰੇ ਅਤੇ ਉਨਾਂ ਦੇ ਹੱਕਾਂ ਦੀ ਰਾਖੀ ਯਕੀਨੀ ਬਣਾਈ ਜਾਵੇ।

ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਨਿਊਜ਼ੀਲੈਂਡ, ਇੰਗਲੈਂਡ, ਯੂਰਪ ਵਿਚ ਰੋਸ ਮੁਜ਼ਾਹਰੇ ਕੱਢੇ ਜਾ ਰਹੇ ਹਨ। ਸ਼ਹਿਰਾਂ, ਕਸਬਿਆਂ ਵਿਚ ਆਮ ਲੋਕ ਹੱਥਾਂ ਵਿਚ ਨਾਅਰਿਆਂ ਵਾਲੀਆਂ ਤਖ਼ਤੀਆਂ ਫੜ ਕੇ ਆਪਣਾ ਰੋਸ, ਆਪਣੀ ਹਮਦਰਦੀ ਪ੍ਰਗਟ ਕਰ ਰਹੇ ਹਨ।

ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਇਟਲੀ ਜਿਹੇ ਮੁਲਕਾਂ ਦੇ ਪੰਜਾਬੀ ਮੀਡੀਆ ਵਿਚ ਇਹੀ ਖ਼ਬਰ ਛਾਈ ਹੋਈ ਹੈ। ਮੁੱਖ ਸੁਰਖ਼ੀਆਂ, ਮੁੱਖ ਆਰਟੀਕਲ ਕਿਸਾਨ ਅੰਦੋਲਨ ਨਾਲ ਸਬੰਧਤ ਹੀ ਪ੍ਰਕਾਸ਼ਿਤ ਹੋ ਰਹੇ ਹਨ। ਪ੍ਰਵਾਸੀ ਪੰਜਾਬੀ ਰੇਡੀਓ, ਟੈਲੀਵਿਜ਼ਨ, ਲਗਾਤਾਰ ਖ਼ਬਰਾਂ, ਚਰਚਾ ਅਤੇ ਇੰਟਰਵਿਊ ਪ੍ਰਸਾਰਿਤ ਕਰ ਰਿਹਾ ਹੈ। ਧਰਨਿਆਂ ਵਿਚੋਂ ਕਿਸਾਨਾਂ ਅਤੇ ਕਿਸਾਨ ਨੇਤਾਵਾਂ ਨੂੰ ਲਾਈਵ ਜੋੜਿਆ ਜਾ ਰਿਹਾ ਹੈ। ਕਿਸਾਨ ਅੰਦੋਲਨ ਨੂੰ ਤੇਜ਼ੀ ਨਾਲ ਪੂਰੀ ਦੁਨੀਆ ਵਿਚ ਪਹੁੰਚਾਉਣ ਵਿਚ ਹਰਿਆਣਾ ਸਰਕਾਰ ਦੁਆਰਾ ਕੀਤੀਆਂ ਜ਼ਿਆਦਤੀਆਂ ਦੀ ਵੱਡੀ ਭੂਮਿਕਾ ਹੈ। ਪਾਣੀ ਦੀਆਂ ਬੁਛਾੜਾਂ, ਵੱਡੀਆਂ ਤੇ ਖ਼ਤਰਨਾਕ ਰੋਕਾਂ ਨੇ ਤੇਜ਼ੀ ਨਾਲ ਦੁਨੀਆ ਦਾ ਧਿਆਨ ਖਿੱਚਿਆ ਅਤੇ ਕਿਸਾਨ ਅੰਦੋਲਨ ਪੂਰੀ ਦੁਨੀਆ ਦੀ ਖ਼ਬਰ ਬਣ ਗਿਆ।

## ਭਾਰਤੀ ਮੀਡੀਆ ਬਾਰੇ ਅਹਿਮ ਜਾਣਕਾਰੀ..

ਦਿੱਲੀ ਵਿਚ ਕਿਸਾਨ ਵਿਰੋਧ ਪ੍ਰਦਰਸ਼ਨਾਂ ਨੂੰ ਭਾਰਤੀ ਸਮਾਚਾਰ ਚੈਨਲਾਂ ਦੁਆਰਾ ਕਵਰ ਕਿਓਂ ਨਹੀਂ ਕੀਤਾ ਜਾ ਰਿਹਾ, ਇਹ ਉਹਨਾਂ ਚੈਨਲਾਂ ਦੇ ਮਾਲਕਾਂ ਨੂੰ ਦੇਖ ਕੇ ਸਹਿਜੇ ਹੀ ਸਮਝਿਆ ਜਾ ਸਕਦਾ ਹੈ:

-ਰਿਲਾਇੰਸ ਇੰਡਸਟਰੀ ਦਾ ਮੁਕੇਸ਼ ਅੰਬਾਨੀ 20 ਨਿਊਜ਼ ਚੈਨਲਾਂ ਦਾ ਮਾਲਕ ਹੈ, ਜਿਨਾਂ ਵਿਚੋਂ ਪ੍ਰਮੁੱਖ ਹਨ ©ews 18, CNBC Awaaz ,CNN -News 18 , ਅਤੇ CNBC TV18 ਆਦਿ। ਇਸ ਤੋਂ ਇਲਾਵਾ ਉਸ ਕੋਲ ਫ਼ਸਟਪੋਸਟ ਅਤੇ ਮਨੀਕੰਟਰੌਲ ਵਰਗੇ ਨਿਊਜ਼ ਪੋਰਟਲ ਹਨ।

- ਸਾਰੇ Z News ਚੈਨਲ ਸੁਭਾਸ਼ ਚੰਦਰ ਦੀ ਮਲਕੀਅਤ ਹਨ, ਜੋ ਕਿ ਭਾਜਪਾ ਤੋਂ ਰਾਜ ਸਭਾ ਦਾ ਮੈਂਬਰ ਹੈ। ਇਹ WION ਦਾ ਵੀ ਮਾਲਕ ਹੈ, ਜੋ ਅੰਤਰਰਾਸ਼ਟਰੀ ਅੰਗਰੇਜ਼ੀ ਭਾਸ਼ਾ ਦਾ ਨਿਊਜ਼ ਚੈਨਲ ਹੈ।

Repulic TV BJP ਦੇ ਰਾਜ ਸਭਾ ਦੇ ਮੇਂਬਰ ਰਾਜੀਵ ਚੰਦਰ ਸ਼ੇਖਰ ਅਤੇ ਅਰਨਾਬ ਗੋਸਵਾਮੀ ਦੁਆਰਾ ਮਿਲ ਕੇ 2017 ਵਿਚ ਸ਼ੁਰੂ ਕੀਤਾ ਗਿਆ.

- ਇੰਡੀਆ ਟੀਵੀ ਦਾ ਮਾਲਕ, ਰਜਤ ਸ਼ਰਮਾ ਏਬੀਵੀਪੀ ਦਾ ਮੈਂਬਰ ਸੀ ਜੋ ਕਿ ਆਰਐਸਐਸ ਦਾ ਵਿਦਿਆਰਥੀ ਵਿੰਗ ਹੈ.

-ਨਿਊਜ਼ 24 ਦੀ ਮਲਕੀਅਤ ਅਨੁਰਾਧਾ ਪ੍ਰਸਾਦ ਕੋਲ ਹੈ ਜੋ ਕੇ ਮੋਦੀ ਸਰਕਾਰ ਵਿੱਚ ਮੌਜੂਦਾ ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਦੀ ਭੈਣ ਹੈ।

-ਸੁਦਰਸ਼ਨ ਨਿਊਜ਼ ਦਾ ਮਲਿਕ ਸੁਰੇਸ਼ ਚਾਵਹੰਕੇ ਹੈ ਜੋ ਏਬੀਵੀਪੀ ਅਤੇ ਆਰਐਸਐਸ ਦਾ ਲੰਬੇ ਸਮੇਂ ਤੋਂ ਵਲੰਟੀਅਰ ਅਤੇ ਅਹੁਦੇਦਾਰ ਰਿਹਾ ਹੈ।

-ਇੰਡੀਆ ਨਿਊਜ਼ ਅਤੇ ਨਿਊਜ਼ -✓ ਦੀ ਮਾਲਕੀ ਕਾਰਤਿਕੀਆ ਸ਼ਰਮਾ ਦੀ ਹੈ ਜੋ ਕੇ ਮੰਨੂ ਸ਼ਰਮਾ ਦਾ ਭਰਾ ਹੈ (ਜਿਸਨੇ ਜੇਸਿਕਾ ਲਾਲ ਨੂੰ ਗੋਲੀ ਮਾਰ ਕੇ ਕਤਲ ਕੀਤਾ ਸੀ).

-ਬਿਜ਼ਨਸ ਲਾਈਨ ਤੋਂ ਮਿਲੀਆਂ ਖ਼ਬਰਾਂ ਅਨੁਸਾਰ, ਮੁਕੇਸ਼ ਅੰਬਾਨੀ ਦਾ ਕਰੀਬੀ ਮਹਿੰਦਰ ਨਾਹਤਾ ਜੋ ਕਿ ਰਿਲਾਇੰਸ ਜੀਓ ਦਾ ਬੋਰਡ ਮੈਂਬਰ ਹੈ, ਹੁਣ ਤੱਕ ਐਨਡੀਟੀਵੀ ਦੇ 52 ਪ੍ਰਤੀਸ਼ਤ ਦੇ ਸ਼ੇਅਰਾਂ ਤੇ ਕਬਜ਼ਾ ਕਰ ਚੁੱਕਾ ਹੈ ਅਤੇ ਅਤੇ ਨਿਊਜ਼ ਚੈਨਲ ਦੇ ਅਸਲੀ ਮਾਲਿਕ ਪ੍ਰਣਯ ਰਾਏ ਅਤੇ ਰਾਧਿਕਾ ਆਪਣੀਆਂ ਸੰਪਾਦਕੀ ਨੀਤੀਆਂ 'ਤੇ ਨਿਯੰਤਰਨ ਆਪਣੇ ਕੋਲ ਰੱਖਣ ਲਈ ਸੰਘਰਸ਼ ਕਰ ਰਹੇ ਹਨ।

ਸੋ ਇਹ ਕਾਰਨ ਹੈ ਕੇ ਲੋਕਤੰਤਰ ਦਾ ਚੌਥਾ ਥੰਮ ਸਾਡੀ ਪੀੜੀ ਦੇ ਜੀਵਨ ਕਾਲ ਦੇ ਸ਼ਾਇਦ ਸਭ ਤੋਂ ਵੱਡੇ ਵਿਰੋਧ ਸੰਘਰਸ਼ 'ਤੇ ਚੁੱਪ ਹੈ।

## ਮੀਡੀਆ ਵਲੋਂ ਕਿਸਾਨ ਅੰਦੋਲਨ ਨੂੰ ਖਾਲਿਸਤਾਨੀ ਦੱਸਣਾ ਗਲਤ-ਐਡੀਟਰਸ ਗਿਲਡ

**ਨਵੀਂ ਦਿੱਲੀ /ਏ.ਟੀ.ਨਿਊਜ਼:** ਭਾਰਤੀ ਐਡੀਟਰਸ ਗਿਲਡ ਨੇ ਦਿੱਲੀ ਵਿਚ ਕਿਸਾਨਾਂ ਦੇ ਪ੍ਰਦਰਸ਼ਨ ਦੀ ਮੀਡੀਆ ਕਵਰੇਜ਼ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਿ ਮੀਡੀਆ ਦੇ ਕੁਝ ਵਰਗ ਬਿਨਾਂ ਕਿਸੇ ਸਬੂਤ ਦੇ ਅੰਦੋਲਨ ਨੂੰ ਖਾਲਿਸਤਾਨੀ ਤੇ ਰਾਸ਼ਟਰ ਵਿਰੋਧੀ ਰੰਗ ਦੇ ਕੇ ਨਾਜਾਇਜ਼ ਠਹਿਰਾ ਰਹੇ ਹਨ। ਇਹ ਜ਼ਿੰਮੇਵਾਰੀ ਤੇ ਨੈਤਿਕ ਪੱਤਰਕਾਰਤਾ ਦੇ ਵਿਰੁੱਧ ਹੈ ਤੇ ਅਜਿਹੀਆਂ ਕਾਰਵਾਈਆਂ ਮੀਡੀਆ ਦੀ ਭਰੋਸੇਯੋਗਤਾ ਨਾਲ ਸਮਝੌਤਾ ਕਰਨਾ ਹੈ। ਐਡੀਟਰਸ ਗਿਲਡ ਨੇ ਮੀਡੀਆ ਸੰਗਠਨਾਂ ਨੂੰ ਪ੍ਰਦਰਸ਼ਨਾਂ ਦੀ ਰਿਪੋਰਟਿੰਗ ਦੌਰਾਨ ਨਿਰਪੱਖ ਰਹਿਣ ਤੇ ਸੰਤੁਲਨ ਬਣਾਈ ਰੱਖਣ ਦੀ ਸਲਾਹ ਦਿੱਤੀ ਹੈ

# Sir Speedy Tustin
*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com